*ਸਾਹਿਤ, ਕਲਾ ਤੇ ਸਭਿਆਚਾਰ ਦਾ ਅੰਤਰਰਾਸ਼ਟਰੀ ਤ੍ਰੈਮਾਸਿਕ*

*SHABAD is an International Quarterly of Literature, Art and Culture*

# ਸ਼ਬਦ

ਸਪਲੀਮੈਂਟ

ਸਾਲ : 23 ਦਸੰਬਰ, 2020 (ਖ਼ਾਲਿਦ ਫ਼ਰਹਾਦ ਧਾਰੀਵਾਲ ਵਿਸ਼ੇਸ਼ ਅੰਕ)

Website : www.shabaduk.co.uk



*ਮੁੱਖ ਸੰਪਾਦਕ*

**ਹਰਮਹਿੰਦਰ ਚਹਿਲ**

7305, Sterling Grove Dr., Springfield VA 22150 U.S.A.

Ph. 001-703-362-3239

Email : Chahals57@Yahoo.com

**ਰਵੀ ਸ਼ੇਰਗਿੱਲ**

9024 Wharton Way Eik Grove CA 95624 U.S.A.

Ph. 001-916-753-2868

Email : drgilldvm@Yahoo.com

*ਸੰਪਾਦਕ*

**ਹਰਜੀਤ ਅਟਵਾਲ**

67, Hillside Road, Southall, Middlesex , England. UB1 2PE

Ph. : 020-85780393 Mobile : 07782-265726

e mail: harjeetatwal@yahoo.co.uk, harjeetatwal@hotmail.co.uk

**ਜਿੰਦਰ**

984, Rajput Nagar, Near Surinder Welding Works,

Model House, Jalandhar-144003

Mobile : 98148 03254

Email : jinder340@gmail.com



ਇੰਡੀਆ ਵਿੱਚ 'ਸ਼ਬਦ' ਲਈ ਸਹਿਯੋਗ ਰਾਸ਼ੀ ਬੈਂਕ ਵਿੱਚ Saiffi ਦੇ ਨਾਂ ਭੇਜੀ ਜਾਵੇ।

Saiffi, Bank Of India, Account No 640410100003680, IFSC No BKID0006404. Branch Satluj Markeet , Jalandhar

**ਵਿਸ਼ੇਸ਼ ਨੋਟ** : ਚੈੱਕ, ਬੈਂਕ ਡਰਾਫਟ 'ਤੇ ਕੇਵਲ Saiffi ਲਿਖਿਆ ਹੋਣਾ ਚਾਹੀਦਾ ਹੈ।

***ਚੰਦਾ :*** 200 ਰੁ: ਸਾਲਾਨਾ, 20 ਪੌਂਡ ਸਾਲਾਨਾ, 40 ਡਾਲਰ ਸਾਲਾਨਾ,

***ਲਾਈਫ ਮੈਂਬਰਸ਼ਿਪ :*** ਪੰਜ ਹਜ਼ਾਰ ਰੁਪਏ



ਨੋਟ : 'ਅਦਾਰਾ ਸ਼ਬਦ' ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਕੋਈ ਵੀ ਕਾਨੂੰਨੀ ਕਾਰਵਾਈ ਲੰਦਨ ਦੀ ਅਦਾਲਤ 'ਚ ਹੋਵੇਗੀ।


## ਮੇਰਾ ਪੰਨਾ

ਖ਼ਾਲਿਦ ਫ਼ਰਹਾਦ ਵਾਹਗੇ ਪਾਰ ਦਾ ਉਚ ਪਾਏ ਦਾ ਕਹਾਣੀਕਾਰ ਹੈ ਜੋ ਥੋੜੇ ਸ਼ਬਦਾਂ ਵਿੱਚ ਬਹੁਤਾ ਕੁਝ ਕਹਿ ਜਾਂਦਾ ਹੈ। ਉਸ ਦਾ ਜਨਮ ਪਿੰਡ ਟਾਵਰੀਆਂ ਵਾਲਾ, ਜ਼ਿਲਾ ਸਿਆਲਕੋਟ ਵਿੱਚ ਹੋਇਆ। ਪੜ੍ਹ ਲਿਖ ਕੇ ਵੀ ਉਸ ਨੇ ਆਪਣਾ ਕਿੱਤਾ ਖੇਤੀਬਾੜੀ ਨੂੰ ਹੀ ਅਪਣਾਇਆ। ਖੇਤੀ ਨਾਲ ਜੁੜੇ ਹੋਣ ਕਰਕੇ ਉਹ ਆਮ ਲੋਕਾਂ ਨਾਲ ਜੁੜਿਆ ਹੋਇਆ ਹੈ ਤੇ ਉਹਨਾਂ ਦੇ ਦੁੱਖ-ਦਰਦ ਦੀ ਗੱਲ ਕਰਦਾ ਹੈ। ਉਹ ਆਪਣੀਆਂ ਕਹਾਣੀਆਂ ਵਿੱਚ ਸੱਚ ਦੇ ਨੇੜੇ ਦੇ ਦ੍ਰਿਸ਼ ਸਿਰਜਦਾ ਹੈ। ਉਸ ਦਾ ਇਕ ਕਹਾਣੀ ਸੰਗ੍ਰਹਿ 'ਕਥਾ ਕਲਯੁੱਗ ਦੀ' ਗੁਰਮੁੱਖੀ ਵਿੱਚ ਪ੍ਰਕਾਸ਼ਿਤ ਹੋ ਚੁੱਕਾ ਹੈ। ਉਸ ਦੀਆਂ ਹੋਰ ਵੀ ਕਹਾਣੀਆਂ ਇਧਰਲੇ ਮੈਗਜ਼ੀਨਾਂ ਵਿੱਚ ਅਕਸਰ ਛਪਦੀਆਂ ਰਹਿੰਦੀਆਂ ਹਨ। ਉਸ ਦੀ ਕਹਾਣੀ ਪੱਛਮੀ ਪੰਜਾਬ ਦੇ ਪੰਜਾਬੀ ਸਾਹਿਤ ਦੀ ਨਹੀਂ ਸਗੋਂ ਸਮੁੱਚੇ ਪੰਜਾਬੀ ਸਾਹਿਤ (ਦੋਵਾਂ ਪੰਜਾਬਾਂ ਨੂੰ ਰਲ਼ਾ ਕੇ) ਦੀ ਮੂਹਰਲੀਆਂ ਸਫਾਂ ਦੀ ਕਹਾਣੀ ਹੈ। ਖ਼ਾਲਿਦ ਥੋੜਾ ਲਿਖਦਾ ਹੈ ਪਰ ਵਧੀਆ ਲਿਖਦਾ ਹੈ। ਉਸ ਦੀਆਂ ਕਹਾਣੀਆਂ ਮੁਆਸ਼ਰੇ ਦੀਆਂ ਕੋਹਜਾਂ ਉਪਰ ਉਂਗਲ ਰੱਖਦੀਆਂ ਹਨ। ਉਹ ਜ਼ਿੰਦਗੀ ਦੇ ਛੋਟੇ ਛੋਟੇ ਸੱਚਾਂ ਨੂੰ ਪੇਸ਼ ਕਰਦਾ ਹੈ ਜਿਹੜੇ ਹਰ ਪਾਠਕ ਨੂੰ ਆਪਣੇ ਜਾਪਦੇ ਹਨ। ਉਸ ਦੀ ਕਹਾਣੀ 'ਵਟਾਂਦਰਾ' ਪੂਰਬੀ ਪੰਜਾਬ ਵਿੱਚ ਘੱਟ ਵਾਪਰਦੀ ਹੈ ਪਰ ਪੱਛਮੀ ਪੰਜਾਬ ਵਿੱਚ ਇਸ ਦਾ ਵਰਤਾਰਾ ਆਮ ਹੈ। ਵੱਟੇ ਦੇ ਰਿਸ਼ਤੇ ਹੁੰਦੇ ਹਨ। ਇਸ ਕਹਾਣੀ ਵਿੱਚ ਇਕ ਨਿਕੰਮੇ ਭਰਾ ਨੂੰ ਵਿਆਹੁਣ ਲਈ ਇਕ ਸੁਘੜ ਭੈਣ ਨੂੰ ਸਾਰੀ ਉਮਰ ਸੰਤਾਪ ਭੋਗਣਾ ਪੈਂਦਾ ਹੈ। ਇਹ ਸੰਤਾਪ ਇਕ ਭੈਣ ਦਾ ਨਹੀਂ ਸਗੋਂ ਪੰਜਾਬੀ ਔਰਤ ਦਾ ਹੈ। ਉਸ ਦੀ ਕਹਾਣੀ 'ਮਾਲਕਣ' ਦੇਖਣ ਨੂੰ ਔਰਤ ਦੀ ਕਹਾਣੀ ਹੈ ਪਰ ਇਸ ਦੇ ਕੇਂਦਰ ਵਿੱਚ ਘਰ ਹੈ। ਔਰਤ ਆਖਰੀ ਕੋਸ਼ਿਸ਼ ਤੱਕ ਘਰ ਨੂੰ ਬਚਾਉਣ ਦੀ ਕੋਸ਼ਿਸ਼ ਕਰਦੀ ਹੈ, ਇਸ ਕਹਾਣੀ ਵਿੱਚ ਵੀ ਔਰਤ ਘਰ ਸਾਂਭਣ ਲਈ ਹੋਰ ਔਰਤ ਦਾ ਭਾਰ ਅੱਖਾਂ ਮੀਟ ਕੇ ਸਹਿਣ ਦੀ ਕੋਸ਼ਿਸ਼ ਕਰਦੀ ਹੈ।

ਉਸ ਦੀਆਂ ਕਹਾਣੀਆਂ ਜ਼ਿੰਦਗੀ ਦੇ ਯਥਾਰਥ ਬਾਰੇ ਸਵਾਲ ਵੀ ਖੜੇ ਕਰਦੀਆਂ ਹਨ। ਮਾਸ ਜਦ ਨਹੁੰਆਂ ਤੋਂ ਅਲੱਗ ਹੋਵੇਗਾ ਤਾਂ ਕੀ ਲਹੂ ਜੋਸ਼ ਮਾਰੇਗਾ? ਜਿਸ ਮਿੱਟੀ ਨੂੰ ਅਸੀਂ ਛੱਡ ਦਿੰਦੇ ਹਾਂ, ਉਥੇ ਮੁੜ ਕੇ ਪੈਰ ਨਹੀਂ ਧਰਨਾ ਹੁੰਦਾ ਤਾਂ ਫਿਰ ਉਸੇ ਮਿੱਟੀ ਦੇ ਸੁਫਨੇ ਜ਼ਿੰਦਗੀ ਭਰ ਕਿਉਂ ਆਉਂਦੇ ਰਹਿੰਦੇ ਹਨ? ਮਾਇਆ ਜ਼ਿੰਦਗੀ ਨੂੰ ਸੁਖਾਲਿਆਂ ਕਰਦੀ ਹੈ ਤਾਂ ਫਿਰ ਇਹ ਦੁੱਖ ਕਿਉਂ ਦਿੰਦੀ ਹੈ? ਇਸੇ ਉਚ ਦੁਮਾਲੜੇ ਕਹਾਣੀਕਾਰ ਦਾ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕਰਨ ਦੀ ਅਸੀਂ ਖੁਸ਼ੀ ਲੈ ਰਹੇ ਹਾਂ।

**-ਹਰਜੀਤ ਅਟਵਾਲ**

# ਖ਼ਾਲਿਦ ਫ਼ਰਹਾਦ ਧਾਰੀਵਾਲ ਦੀਆਂ ਸੱਤ ਕਹਾਣੀਆਂ

## ਮਾਲਕਣ

ਚੋਖੇ ਚਿਰ ਤੋਂ ਬਿਮਾਰ ਆਂ। ਬਿਸਤਰੇ ਨਾਲ ਲੱਗੀ ਪਈ ਆਂ। ਮੰਜੇ 'ਤੇ ਲੇਟੀ ਹੋਈ ਹੀ ਨੌਕਰਾਣੀ ਨੂੰ ਕੰਮ ਦੱਸਦੀ ਜਾਨੀ ਆਂ। ਉਹ ਕਰਦੀ ਜਾਂਦੀ ਏ।

'ਬੀਬੀ ਜੀ ਕੱਪੜੇ ਧੋ ਦਿੱਤੇ, ਹੁਣ?' ਮੇਰੀ ਨੌਕਰਾਣੀ ਗੋਗੀ ਮੇਰੇ ਕੋਲ ਆ ਕੇ ਪੁੱਛਦੀ ਏ।

'ਸਾਹਿਬ ਵਾਲਾ ਕਮਰਾ ਝਾੜ ਪੂੰਝ ਦੇ।' ਮੈਂ ਉਹਨੂੰ ਆਖਦੀ ਆਂ।

'ਕੀ ਉਹ ਆ ਰਹੇ ਨੇ ਅੱਜ?' ਉਸ ਦੇ ਪੁੱਛਣ ਦਾ ਢੰਗ, ਜੇ ਮੈਂ ਬਿਮਾਰ ਨਾ ਹੁੰਦੀ ਤਾਂ ਕਦੀ ਵੀ ਚੰਗਾ ਲੱਗਦਾ।

'ਹੂੰ।' ਮੈਂ ਹੌਲੀ ਦੇਣੀ ਕਿਹਾ ਏ। ਮੇਰੇ ਬੋਲ ਵਿਚ ਨਾ ਤਾਂ ਚਾਅ ਏ ਤੇ ਨਾ ਈ ਅਕੇਵਾਂ। ਗੋਗੀ ਮੇਰੇ ਘਰ ਦੇ ਕੰਮਾਂ ਨੂੰ ਬੜੀ ਜ਼ਿੰਮੇਵਾਰੀ ਨਾਲ ਕਰਦੀ ਏ। ਉਹਦੇ ਜਵਾਨ ਜਹਾਨ ਜੁੱਸੇ ਨੂੰ ਕਿਤੇ ਥਕੇਵੇਂ ਦਾ ਨਾਂ ਥੁ ਨਹੀਂ। ਸਵੇਰ ਤੋਂ ਸ਼ਾਮ ਤੀਕ ਅੰਦਰ ਵਿਹੜੇ ਵਿਚ ਬਲੂਣੀ ਵਾਂਗ ਫਿਰਦੀ ਏ। ਮੈਨੂੰ ਸਾਂਭਣ ਤੋਂ ਅੱਡ ਸਵੇਰੇ ਬੱਚਿਆਂ ਨੂੰ ਸਕੂਲ ਲਈ ਤਿਆਰ ਕਰਨ, ਅੰਦਰ ਵਿਹੜੇ ਦੀ ਸਫ਼ਾਈ ਤੇ ਕਿਚਨ ਲਾਂਡਰੀ ਦਾ ਕੰਮ ਹੁਣ ਉਹਦੇ ਈ ਹੱਥ ਵੱਸ ਏ।

ਅਧਰੰਗ ਦੇ ਏਸ ਨਾਮੁਰਾਦ ਰੋਗ ਮਗਰੋਂ ਭਲਾ ਹੋਵੇ ਇਹਦਾ ਜਿਨ੍ਹੇ ਮੇਰਾ ਘਰ ਸੰਭਾਲ ਲਿਆ। ਮੇਰਾ ਕੀ ਲੈਂਦੀ ਏ ਸ਼ੁਹਦੀ? ਮਹੀਨਾਵਾਰ ਢਾਈ ਤਿੰਨ ਹਜ਼ਾਰ ਰੁਪਿਆ, ਦੋ ਵੇਲੇ ਦੀ ਰੋਟੀ ਤੇ ਕਦੇ ਕੋਈ ਲੱਥਾ ਪੁਰਾਣਾ ਲੀੜਾ ਲੱਤਾ। ਸਾਝਰੇ ਆਉਂਦੀ ਤੇ ਨਮਾਸ਼ੀ ਮੁੜਦੀ। ਸਾਨੂੰ ਪਕਾ ਖੁਆ ਕੇ ਜਾਂਦੀ ਹੋਈ ਆਪਣੇ ਲਈ ਵੀ ਲੈ ਜਾਂਦੀ ਏ।

ਪੋਹ ਦੇ ਦਿਨ ਸਨ। ਧੰਮੀ ਵੇਲੇ ਮੈਂ ਬਾਥਰੂਮ ਵਿਚੋਂ ਨਹਾ ਕੇ ਨਿਕਲੀ ਤਾਂ ਜੁੱਸਾ ਫਰਕਣ ਲੱਗ ਪਿਆ ਸੀ। ਮੇਰੇ ਨਾਲ ਈ ਬੈੱਡ ਤੇ ਸੁੱਤੇ ਹੋਏ ਆਪਣੇ ਖਾਵੰਦ ਅਫ਼ਜ਼ਲ ਨੂੰ ਮੈਂ ਜਗਾਇਆ। ਉਸ ਜਾਣਿਆ ਪਾਲ਼ੇ ਨਾਲ ਕੰਬਣੀ ਛਿੜੀ ਹੋਈ ਏ। ਉਸ ਹੀਟਰ ਬਾਲ਼ ਕੇ ਬੈੱਡ ਥੱਲੇ ਰੱਖ ਦਿੱਤਾ ਸੀ। ਮੇਰੇ ਉਤੇ ਇਕ ਹੋਰ ਕੰਬਲ ਪਾ ਦਿੱਤਾ ਸੀ। ਗਰਮਾਈ ਪੁੱਜੀ ਪਰ ਅੰਗ ਸੌਣ ਲੱਗ ਪਏ ਸਨ। ਜੀਭ ਨੂੰ ਵਲ਼ ਪੈ ਗਿਆ ਸੀ। ਹੁਣ ਮੈਂ ਬੋਲ ਕੇ ਵੀ ਕੁਝ ਦੱਸ ਨਹੀਂ ਸਕਦੀ ਸੀ। ਘੜੀ ਪਿੱਛੋਂ ਜਦੋਂ ਅਫ਼ਜ਼ਲ ਮੈਨੂੰ ਪਾਲ਼ੇ ਬਾਰੇ ਪੁੱਛਣ ਲੱਗਿਆ ਤਾਂ ਮੇਰੇ ਮੂੰਹੋਂ ਗੱਲ ਈ ਨਾ ਨਿਕਲੇ। ਲਫ਼ਜ਼ ਜੀਭ ਦੀ ਪਕੜ ਵਿਚ ਈ ਨਾ ਆਉਣ। ਖਾਲੀ ਗੂੰ-ਗਾਂ ਦੀ ਆਵਾਜ਼ ਈ ਨਿਕਲੀ ਜਾਏ। ਬੋਲਣ ਦੀ ਕੋਸ਼ਿਸ਼ ਵਿਚ ਇਕ ਫੂਕ ਜਿਹੀ ਨਿਰਾਰਥਕ ਆਵਾਜ਼ਾਂ ਵਿਚ ਬਦਲ ਜਾਂਦੀ ਸੀ। ਖ਼ੌਰੇ ਮੈਨੂੰ ਲਕਵਾ ਈ ਹੋ ਗਿਆ ਸੀ। ਅਫ਼ਜ਼ਲ ਝਬਦੇ ਮੈਨੂੰ ਹਸਪਤਾਲ ਪਹੁੰਚਾਇਆ। ਸੱਜੀ ਬਾਂਹ ਤੇ ਥੱਲੜਾ ਧੜ ਸੁੱਤਾ ਪਿਆ ਸੀ। ਡਾਕਟਰਾਂ ਟੋਹ ਕੇ ਵੇਖਿਆ। ਨਾ ਮੈਨੂੰ ਹੱਥ ਦੀ ਛੋਹ ਮਹਿਸੂਸ ਹੁੰਦੀ ਸੀ, ਨਾ ਈ ਸੂਈ ਚੁਭਣ ਦੀ ਪੀੜ। ਡਾਕਟਰਾਂ ਦੱਸਿਆ ਮੈਨੂੰ ਅਧਰੰਗ ਹੋ ਗਿਆ ਏ। ਮਹੀਨਾ ਡੇਢ ਹਸਪਤਾਲ ਦਾਖਲ ਰਹੀ। ਫਿਜ਼ੀਓਥਰੈਪੀ ਕਰਾਈ। ਕਈ ਤਰ੍ਹਾਂ ਦੇ ਟੀਕੇ ਲਗਵਾਏ। ਗੋਲੀਆਂ ਖਾਧੀਆਂ। ਤੁਰਨ ਫਿਰਨ ਜੋਗੀ ਤਾਂ ਨਾ ਹੋਈ ਪਰ



ਠੀਕ ਤਰ੍ਹਾਂ ਕੂਣ ਬੋਲਣ ਲੱਗ ਪਈ। ਘਰ ਆ ਕੇ ਵੀ ਇਲਾਜ ਜਾਰੀ ਰੱਖਿਆ। ਕਈ ਹਕੀਮਾਂ ਦੇ ਤੇਲ ਦੀ ਮਾਲਸ਼ ਹੁੰਦੀ ਰਹੀ, ਕੋਈ ਖਾਸ ਫਰਕ ਨਹੀਂ ਪਿਆ। ਥੱਲੜਾ ਧੜ ਕੰਮ ਕਰਨਾ ਛੱਡ ਚੁੱਕਿਆ ਸੀ। ਚੂਕਲੇ ਤੋਂ ਪੈਰਾਂ ਤੀਕ ਜਿਵੇਂ ਦੇਹ ਮੁਰਦਾ ਹੋ ਗਈ ਸੀ। ਖੱਬੀ ਬਾਂਹ ਦੇ ਆਸਰੇ ਪਾਸਾ ਪਰਤ ਲੈਂਦੀ ਸਾਂ। ਕਦੀ ਸਿਰਹਾਣੇ ਦੀ ਢੋਹ ਨਾਲ ਮੰਜੀ ਤੇ ਉੱਠ ਕੇ ਵੀ ਬਹਿ ਜਾਂਦੀ ਸਾਂ।

ਟੀ.ਵੀ. ਵੇਖਦੀ ਹੋਈ ਮੈਂ ਕੰਮ ਕਰਦੀ ਗੋਗੀ ਨੂੰ ਵੀ ਝਾਕਦੀ ਝਾਨੀਂ ਆਂ, ਠਾਕਦੀ ਜਾਨੀਂ ਆਂ- ਇੰਜ ਨਹੀਂ ਉਂਜ ਕਰ। ਇਹ ਸ਼ੈਅ ਏਥੇ ਨਹੀਂ ਓਥੇ ਰੱਖ।

'ਬੀਬੀ ਜੀ, ਅੱਜ ਕੀ ਪਕਾਉਣਾ ਏ?' ਕਿਚਨ ਵਿਚੋਂ ਜੂਠੇ ਭਾਂਡੇ ਮਾਂਜ ਕੇ ਮੁੜਦੀ ਨੇ ਆਵਾਜ਼ ਦਿੱਤੀ ਏ।

'ਦਾਲ ਚੌਲ।' ਮੈਂ ਉਹਨੂੰ ਦੱਸਿਆ ਏ।

ਘਰ ਦੇ ਕੰਮ ਗੋਗੀ ਨੇ ਈ ਕਰਨੇ ਹੁੰਦੇ ਨੇ ਪਰ ਮਰਜ਼ੀ ਮੇਰੀ ਈ ਚਲਦੀ ਏ। ਪਵੰਦ ਮੈਂ ਬੜੀ ਪਰੇਸ਼ਾਨ ਸਾਂ। ਬਿਮਾਰੀ ਨਾਲੋਂ ਵੱਧ ਮੈਨੂੰ ਘਰ ਦੀ ਚਿੰਤਾ ਸੀ। ਨਿੱਕੇ-ਨਿੱਕੇ ਬਾਲ ਨੇ, ਕੀ ਬਣੇਗਾ? ਅਫ਼ਜ਼ਲ ਦੀ ਤੇ ਮੇਰੀ ਇਹ ਲਵ ਮੈਰਿਜ ਏ। ਉਸ ਇਹ ਰਿਸ਼ਤਾ ਆਪਣੇ ਘਰ ਵਾਲਿਆਂ ਦੀ ਮਰਜ਼ੀ ਦੇ ਖ਼ਿਲਾਫ਼ ਕੀਤਾ ਸੀ। ਮੈਂ ਸ਼ੁਰੂ ਤੋਂ ਈ ਆਪਣੇ ਸਹੁਰਿਆਂ ਨਾਲੋਂ ਵੱਖ ਰਹਿ ਰਹੀ ਆਂ। ਸੱਸ ਨਣਾਨਾਂ ਨੂੰ ਮੇਰੇ ਘਰ ਦੀ ਫਿਕਰ ਕੀ ਹੁੰਦੀ ? ਉਨ੍ਹਾਂ ਤੇ ਕਦੀ ਮੇਰਾ ਹਾਲ ਵੀ ਨਹੀਂ ਪੁੱਛਿਆ। ਬਿਮਾਰ ਪਈ ਤਾਂ ਮੇਰੀ ਮਾਂ ਨੇ ਮੈਨੂੰ ਸਹਾਰਾ ਦਿੱਤਾ। ਬੱਚੇ ਸਾਂਭੇ। ਘਰ ਦੀ ਰੱਖਿਆ ਕੀਤੀ। ਮੇਰੇ ਹਸਪਤਾਲੋਂ ਘਰ ਆਉਣ ਤੋਂ ਕੁਝ ਚਿਰ ਬਾਅਦ ਮਾਂ ਨੂੰ ਮੇਰਾ ਭਰਾ ਆ ਕੇ ਲੈ ਗਿਆ ਸੀ। ਪੁੱਤਰਾਂ ਦੇ ਹੁੰਦਿਆਂ ਜਵਾਈ ਦੇ ਘਰ ਰਹਿਣ ਨੂੰ ਮਾਂ ਵੀ ਮੰਦਾ ਜਾਣਦੀ ਸੀ ਏਸ ਲਈ ਚਲੀ ਗਈ।

ਮਾਂ ਜਿੰਨੀ ਦੇਰ ਏਥੇ ਰਹੀ, ਮੈਨੂੰ ਮੰਜੀ ਤੇ ਪਈ ਨੂੰ ਉਹ ਹਮੇਸ਼ਾ ਤਰਸ ਭਰੀਆਂ ਨਜ਼ਰਾਂ ਨਾਲ ਵੇਖਦੀ। ਰੱਬ ਅੱਗੇ ਮੇਰਾ ਘਰ ਵੱਸਦੇ ਰਹਿਣ ਦੀਆਂ ਅਰਦਾਸਾਂ ਕਰਦੀ ਰਹਿੰਦੀ। ਉਹਦੀ ਲਾਡਲੀ ਧੀ ਅੱਧੋਰਾਣੀ ਹੋ ਗਈ ਸੀ। ਮੇਰਾ ਜੋਬਨ ਕੁਮਲਾ ਗਿਆ ਸੀ। ਖਿੜੀ ਹੋਈ ਕਪਾਹ ਤੇ ਜਿਵੇਂ ਗੜ੍ਹੇ ਪੈ ਗਏ ਹੋਣ। ਮਾਂ ਦੇ ਮਨ ਵਿਚ ਕਈ ਤਰ੍ਹਾਂ ਦੇ ਵਿਸਵਿਸੇ ਪੈਦਾ ਹੁੰਦੇ ਰਹਿੰਦੇ। ਮੇਰੇ ਮਾਪਿਆਂ ਆਪਣੀ ਧੀ ਦੇ ਬਹਾਨੇ ਇਕ ਓਭੜ ਜੀਅ ਦਾ ਘਰ ਭਰ ਛੱਡਿਆ ਸੀ। ਮੈਥੋਂ ਮਾਂ ਦਾ ਮੈਨੂੰ ਵੇਖਣ ਜਰਿਆ ਨਾ ਜਾਂਦਾ। ਮੇਰਾ ਪਤਾ ਲੈਣ ਆਈਆਂ ਔਰਤਾਂ ਮੇਰੀ ਬਿਮਾਰੀ ਵੱਲੋਂ ਹਿਰਖ਼ ਘੱਟ ਤੇ ਮੇਰੇ ਘਰ ਬਾਰੇ ਚਿੰਤਾ ਵੱਧ ਜ਼ਾਹਰ ਕਰਦੀਆਂ। ਮਰਦਾਂ ਦੀ ਬੇਵਿਸਾਹੀ ਦੇ ਕਿੱਸੇ ਸੁਣਾ-ਸੁਣਾ ਕੇ ਸਾਨੂੰ ਮਾਂ ਧੀ ਨੂੰ ਡਰਾਉਂਦੀਆਂ ਰਹਿੰਦੀਆਂ। ਉਨ੍ਹਾਂ ਦੀਆਂ ਗੱਲਾਂ ਸੁਣ ਕੇ ਅਫ਼ਜ਼ਲ ਉਤੇ ਮੇਰਾ ਵਿਸ਼ਵਾਸ ਤਿੜਕਣ ਲੱਗ ਪੈਂਦਾ। ਘਰ ਆਈਆਂ ਔਰਤਾਂ ਨੂੰ ਝਾਕਦੀਆਂ ਉਸ ਦੀਆਂ ਨਜ਼ਰਾਂ ਵਿਚ ਮੈਂ ਉਹ ਕਦੀਮੀ ਭੁੱਖ ਖੋਜਦੀ ਰਹਿੰਦੀ। ਸ਼ੱਕ ਮੇਰੇ ਅੰਦਰ ਸ਼ੂਕਦਾ ਰਹਿੰਦਾ। ਪਰ ਮੈਂ ਹਰ ਵਾਰ ਇਹਦਾ ਫ਼ਨ ਕੁਚਲ ਦਿੰਦੀ। ਅਫ਼ਜ਼ਲ ਉਤੇ ਦ੍ਰਿੜ ਭਰੋਸਾ ਹੋਣ ਦੇ ਬਾਵਜੂਦ ਕੋਈ ਡਰ ਕਿਤੇ ਮੇਰੇ ਅੰਦਰ ਬਹਿ ਗਿਆ ਸੀ।

ਮਾਂ ਦੇ ਟੁਰ ਜਾਣ ਪਿੱਛੋਂ ਮੈਨੂੰ ਬੜੀ ਔਖਿਆਈ ਹੋਈ। ਘਰ ਦੀ ਸਾਫ਼ ਸੁਥਰਾਈ ਲਈ ਹਫ਼ਤੇ ਪਿੱਛੋਂ ਇਕ ਨੌਕਰਾਣੀ ਆਉਂਦੀ ਸੀ ਪਰ ਹੁਣ ਤਾਂ ਕਿਸੇ ਦਿਨ

ਭਰ ਲਈ ਕੰਮ ਕਰਨ ਵਾਲੀ ਦੀ ਲੋੜ ਸੀ। ਕੋਈ ਭਰੋਸੇਯੋਗ ਨੌਕਰਾਣੀ ਮਿਲਣੀ ਵੀ ਕਿਹੜੀ ਸੌਖੀ ਏ। ਅਫ਼ਜ਼ਲ ਮੈਨੂੰ ਕਹੇ, ਘਰ ਦੇ ਕੰਮਾਂ ਲਈ ਆਪਣੀ ਕਿਸੇ ਰਿਸ਼ਤੇਦਾਰ ਕੁੜੀ ਨੂੰ ਸੱਦ ਲਵਾਂ। ਮੈਂ ਭੈਣ ਨੂੰ ਇਕ ਵਾਰ ਕਹਿੰਦੀ ਤਾਂ ਉਹ ਆਪਣੀ ਧੀ ਘੱਲ ਦਿੰਦੀ ਪਰ ਮਨ ਵਿਚਲੇ ਖ਼ੌਫ਼ ਪਾਰੋਂ ਮੈਂ ਅਫ਼ਜ਼ਲ ਨੂੰ ਟਾਲ ਛੱਡਿਆ।

ਗੋਗੀ ਆਈ ਤਾਂ ਘਰ ਚੱਲ ਟੁਰਿਆ। ਹੁਣ ਘਰ ਦੇ ਕੰਮਾਂ ਲਈ ਮੈਂ ਇਹਦੀ ਮੁਥਾਜ ਹਾਂ। ਮੈਂ ਜੋ ਕਦੀ ਕਿਸੇ ਨੌਕਰਾਣੀ ਨੂੰ ਬਹੁਤਾ ਚਿਰ ਟਿਕਣ ਨਹੀਂ ਦੇਂਦੀ ਸੀ, ਬਿਮਾਰੀ ਪਿੱਛੋਂ ਮਜਬੂਰ ਹਾਂ। ਅਫ਼ਜ਼ਲ ਨੇ ਘਰ ਪਹਿਲੇ ਈ ਮੇਰੇ ਤੇ ਸੁੱਟਿਆ ਹੋਇਆ ਸੀ। ਘਰ ਵਿਚ ਕੀ ਲਿਆਉਣਾ ਏ, ਕੀ ਨਹੀਂ ਲਿਆਉਣਾ? ਕਿਹੜੀ ਸ਼ੈ ਮੌਜੂਦ ਏ, ਕਿਹੜੀ ਮੁੱਕ ਗਈ ਏ? ਇਹਦੇ ਨਾਲ ਉਹਨੂੰ ਕੋਈ ਵਾਸਤਾ ਨਹੀਂ ਹੁੰਦਾ। ਇਨ੍ਹਾਂ ਬਖੇੜਿਆਂ ਵਿਚ ਉਹ ਪੈਂਦਾ ਨਹੀਂ ਸੀ। ਸ਼ੁਰੂ ਤੋਂ ਈ ਮਹੀਨਾ ਵਾਰ ਬੱਝਿਆ ਖਰਚਾ ਮੈਨੂੰ ਦੇ ਕੇ ਉਹ ਘਰ ਦੀ ਜ਼ਿੰਮੇਵਾਰੀ ਤੋਂ ਆਜ਼ਾਦ ਹੋ ਜਾਂਦਾ ਰਿਹਾ ਏ ਪਰ ਮੇਰੀ ਬਿਮਾਰੀ ਤੋਂ ਬਾਅਦ ਉਹਨੇ ਘਰ ਵਿਚ ਪੂਰੀ ਤਵੱਜੋ ਦਿੱਤੀ ਏ। ਬਾਲਾਂ ਦਾ ਬੜਾ ਧਿਆਨ ਰੱਖਿਆ ਏ। ਬਿਮਾਰੀ ਦੇ ਬਾਵਜੂਦ ਮੈਂ ਵੀ ਆਪਣੀ ਹਸਤੀ ਤੇ ਹੈਸੀਅਤ ਦਰਸਾਈ ਰੱਖੀ ਏ। ਆਪਣੇ ਆਪ ਨੂੰ ਕਦੇ ਵੀ ਅਣਗੌਲ਼ਿਆਂ ਨਹੀਂ ਹੋਣ ਦਿੱਤਾ। ਅੰਗਾਂ ਸਾਕਾਂ ਨਾਲੋਂ ਵੀ ਟੁੱਟੀ ਨਹੀਂ। ਆਪ ਕਿਧਰੇ ਜਾਣ ਜੋਗੀ ਨਹੀਂ ਰਹੀ ਤਾਂ ਕੀ ਹੋਇਆ? ਰਿਸ਼ਤੇਦਾਰ ਖ਼ੁਦ ਆ ਕੇ ਮਿਲ ਜਾਂਦੇ ਨੇ। ਕਿਸੇ ਲਈ ਇਹ ਘਰ ਉਹਦੀ ਭਤੀਜੀ ਦਾ ਏ ਤੇ ਕਿਸੇ ਲਈ ਭੈਣ ਦਾ। ਏਸ ਘਰ ਦੀ ਮਾਲਕਣ ਨਾਲ ਜੁੜੇ ਰਿਸ਼ਤੇ ਵਿਚਲਾ ਮੋਹ ਤੇ ਨੌਕਰਾਣੀ ਦੇ ਹੱਥ ਦੀ ਬਣੀ ਚਾਹ ਦਾ ਸੁਆਦ ਪ੍ਰਾਹੁਣਿਆਂ ਨੂੰ ਏਥੇ ਖਿੱਚ ਲਿਆਉਂਦਾ ਏ।

ਮੰਜੀ ਤੇ ਪਈ-ਪਈ ਵੀ ਸਾਕਾਚਾਰੀ ਨਿਭਾਈ ਜਾਨੀ ਆਂ। ਸਾਰੇ ਰਿਸ਼ਤੇਦਾਰ ਮੈਥੋਂ ਖ਼ੁਸ਼ ਨੇ। ਇਕ ਅਫ਼ਜ਼ਲ ਈ ਕੁਝ ਖਿਝਿਆ ਰਹਿਣ ਲੱਗ ਪਿਆ ਏ। ਮੇਰੀ ਬਿਮਾਰੀ ਪਿੱਛੋਂ ਸਾਡੇ ਦੋਨਾਂ ਦੇ ਰਿਸ਼ਤੇ ਵਿਚ ਇਕ ਊਣ ਜਿਹੀ ਆ ਗਈ ਏ। ਉਹਨੂੰ ਕੋਈ ਥੋੜ੍ਹ ਜਿਹੀ ਰਹਿਣ ਲੱਗ ਪਈ ਏ। ਮੇਰੀ ਇਹ ਮੁਰਦਾ ਦੇਹ। ਮੈਂ ਉਹਦੇ ਤੁੱਲ ਪੂਰੀ ਕਿਵੇਂ ਉਤਰਾਂ? ਅੱਗ ਨੂੰ ਸਾਹਵੇਂ ਅੱਗ ਹੋ ਕੇ ਕਿਵੇਂ ਟੱਕਰਾਂ? ਬਲਦਾ ਚੋਅ ਬਰਫ਼ ਨੂੰ ਛੋਹ ਕੇ ਸੀਤ ਹੋ ਜਾਂਦਾ। ਫੇਰ ਘਰ ਵਿਚ ਇਕ ਖਹਿਬੜ ਜਿਹੀ ਰਹਿਣ ਲੱਗ ਪਈ। ਮੈਂ ਅਫ਼ਜ਼ਲ ਦੀ ਟੋਹ ਵਿਚ ਰਹਿਣ ਲੱਗ ਪਈ ਸਾਂ। ਮੈਂ ਗੋਗੀ ਤੇ ਨਜ਼ਰ ਰੱਖਣੀ ਸ਼ੁਰੂ ਕਰ ਦਿੱਤੀ ਸੀ ਕਿਤੇ ਇਹ ਮੇਰੀ ਚੋਰ ਤਾਂ ਨਹੀਂ? ਬੱਚੇ ਰੋਜ਼ ਗੁਆਂਢੀਆਂ ਵੱਲ ਟਿਊਸ਼ਨ ਪੜ੍ਹਨ ਜਾਂਦੇ ਨੇ। ਉਸ ਦਿਨ ਵੀ ਗਏ ਹੋਏ ਸੀ। ਅਫ਼ਜ਼ਲ ਦੇ ਬੈੱਡ ਰੂਮ ਵਿਚੋਂ ਗੋਗੀ ਦੇ ਹਾਸੇ ਦੀ ਆਵਾਜ਼ ਸੁਣੀ। ਉਹ ਖਿੜ ਖਿੜ ਹੱਸ ਰਹੀ ਸੀ ਜਿਵੇਂ ਉਹਨੂੰ ਕੋਈ ਕੁਤਕੁਤਾੜੀਆਂ ਕੱਢ ਰਿਹਾ ਹੋਵੇ। ਮੈਂ ਅਫ਼ਜ਼ਲ ਦੀ ਖ਼ਬਰ ਲਈ ਤਾਂ ਕਲੇਸ਼ ਵਧ ਗਿਆ। ਉਸ ਮੈਨੂੰ ਗਾਲਾਂ ਕੱਢੀਆਂ ਨਾਲੇ ਬਿਨਾਂ ਵਜ੍ਹਾ ਬਾਲਾਂ ਨੂੰ ਕੁੱਟਿਆ। ਮਾਂ ਨੂੰ ਪਤਾ ਲੱਗਿਆ ਤਾਂ ਉਹ ਦੌੜੀ ਆਈ। ਉਸ ਮੈਨੂੰ ਸਮਝਾਇਆ। ਮਾਂ ਨੂੰ ਸਾਡੇ ਰਿਸ਼ਤੇ ਵਿਚਲੀ ਊਣ ਦਾ ਪਤਾ ਸੀ। ਉਹਨੇ ਰਿਵਾਜੀ ਰਿਸ਼ਤਿਆਂ ਤੇ ਸਮਾਜੀ ਬੰਧਨਾਂ ਬਾਰੇ ਕਈ ਗੱਲਾਂ ਕੀਤੀਆਂ। ਉਸ ਦਿਨ ਪਹਿਲੀ ਵਾਰ ਮੈਂ ਜਮਾਂਦਰੂ ਤੇ ਬਨਾਉਟੀ ਰਿਸ਼ਤਿਆਂ ਵਿਚਲੇ ਫ਼ਰਕ ਨੂੰ ਡੂੰਘਿਆਈ ਵਿਚ ਜਾ ਕੇ ਵੇਖਿਆ। ਜਮਾਂਦਰੂ ਰਿਸ਼ਤੇ ਈ ਅਟੁੱਟ ਨੇ, ਇਹ ਮੈਂ ਜਾਣਿਆ। ਕਿਤੇ ਦੋ ਧਿਰਾਂ



ਵਿਚੋਂ ਇਕ ਧਿਰ ਵੱਲੋਂ ਕਤਾਅ ਤਾਅਲੁਕ ਕਰਨ ਦੇ ਬਾਵਜੂਦ ਇਨ੍ਹਾਂ ਵਿਚਲਾ ਰਿਸ਼ਤਾ ਮੌਜੂਦ ਰਹਿੰਦਾ ਏ। ਮੇਰੇ ਮਾਮਿਆਂ ਦੀ ਮਿਸਾਲ ਮੇਰੇ ਸਾਹਮਣੇ ਸੀ। ਉਹ ਸਾਡੇ ਨਾਲ ਲੜੇ ਹੋਣ ਦੇ ਬਾਵਜੂਦ ਸਾਥੋਂ ਮਾਂ ਦੇ ਪੇਕਿਆਂ ਨੂੰ ਨਾਨਕਾ ਘਰ ਕਹਿਣ ਦਾ ਹੱਕ ਨਹੀਂ ਖੋਹ ਸਕੇ ਸੀ। ਜਮਾਂਦਰੂ ਰਿਸ਼ਤਿਆਂ ਵਿਚ ਏਨੀ ਪਕਿਆਈ? ਮੈਂ ਹੈਰਾਨ ਸਾਂ। ਤੇ ਸਮਾਜੀ ਰਿਸ਼ਤੇ ਇਕ ਦਮ ਕੱਚੀ ਤੰਦ ਵਰਗੇ। ਥੋੜ੍ਹੀ ਜਿਹੀ ਖਿੱਚ ਨਾਲ ਹੀ ਟੁੱਟ ਜਾਣ ਵਾਲੇ। ਅਫ਼ਜ਼ਲ ਨਾਲ ਸਾਰੇ ਮੋਹ ਦੇ ਬਾਵਜੂਦ ਮੈਂ ਡਰ ਗਈ। ਮੈਂ ਸੋਚਾਂ, ਜਿਹੜਾ ਬੰਦਾ ਇਕ ਤੀਵੀਂ ਖ਼ਾਤਰ ਆਪਣੇ ਜਮਾਂਦਰੂ ਰਿਸ਼ਤੇ ਛੱਡ ਸਕਦਾ ਏ ਉਹ ਕਿਸੇ ਦੂਜੀ ਔਰਤ ਲਈ ਏਸ ਰਿਵਾਜੀ ਰਿਸ਼ਤੇ ਨੂੰ ਵੀ ਤੋੜ ਸਕਦਾ ਏ। ਕੁਝ ਦਿਨ ਇਹ ਮਰਦ ਤੀਵੀਂ ਦਾ ਰਿਸ਼ਤਾ ਮੈਨੂੰ ਬੜਾ ਕੱਚਾ ਲੱਗਿਆ। ਸੋਚਿਆ, ਜੇ ਅੱਜ ਮੈਂ ਏਸ ਘਰ ਦੀ ਮਾਲਕਣ ਹਾਂ ਤਾਂ ਸਿਰਫ਼ ਸਮਾਜ ਵੱਲੋਂ ਪਰਵਾਨ ਹੋਏ ਆਪਣੇ ਰਿਸ਼ਤੇ ਪਾਰੋਂ ਹੀ। ਮੇਰੇ ਤਕੜੇ ਪੇਕਿਆਂ ਦੇ ਡਰ ਵਜੋਂ ਅਫ਼ਜ਼ਲ ਮੈਨੂੰ ਤਲਾਕ ਨਾ ਦੇ ਸਕੇ, ਫੇਰ ਵੀ ਮੇਰੇ ਉਤੇ ਸੌਕਣ ਤਾਂ ਲਿਆ ਈ ਸਕਦਾ ਏ। ਮਾਂ ਵੀ ਮੈਨੂੰ ਏਹੋ ਚਿਤਾਵਨੀ ਦਿੱਤੀ।

ਫੇਰ ਭੈਭੀਤ ਮਾਂ ਮੈਨੂੰ ਸਮਝਾਉਣ ਲੱਗੀ, 'ਭੁੱਖੇ ਬਘਿਆੜ ਨੂੰ ਛੇੜ ਕੇ ਘਰ ਉਜਾੜਨਾ ਈ ਆਪਣਾ? ਰੌਲਾ ਪਾਉਣ ਦੀ ਕੀ ਲੋੜ ਏ? ਸਿਆਣੀ ਬਣ! ਇੰਜ ਕਰਨ ਨਾਲ ਉਹਨੇ ਕੋਈ ਉਹਦੀ ਤੀਵੀਂ ਨਹੀਂ ਬਣ ਜਾਣਾ। ਸ਼ੁਕਰ ਕਰ, ਤੇਰਾ ਈ ਭਾਰ ਚੁੱਕਿਆ ਹੋਇਆ ਸੂ। ਭਲਾ ਹੋਵੇ ਉਹਦਾ ਜਿਨ੍ਹੇ ਘਰ ਦੇ ਚੁੱਲ੍ਹੇ ਨਾਲ ਜੁੱਲਾ ਵੀ ਸੰਭਾਲਿਆ ਹੋਇਆ ਏ।' ਮਾਂ ਮੈਨੂੰ ਸੁਣਾਉਂਦੀ ਜਾ ਰਹੀ ਸੀ। ਹੁਣ ਇਹ ਪਤਾ ਲੱਗਿਆ ਏ ਤਾਂ ਮੈਂ ਚਿੰਤਾ ਮੁਕਤ ਹੋ ਗਈ ਆਂ।

'ਬਾਹਰ ਮੂੰਹ ਮਾਰਨ ਨਾਲੋਂ ਚੰਗਾ ਏ ਘਰ ਵਿਚ ਈ ਤ੍ਰੇਹ ਬੁਝਦੀ ਰਹੇ ਉਹਦੀ। ਧੀਏ! ਹੁਣ ਤੈਨੂੰ ਸੌਕਣ ਦਾ ਡਰ ਕਿਹਾ? ਜੀਣ ਤੇਰੇ ਬੱਚੜੇ, ਵੱਸਦਾ ਰਹੇ ਤੇਰਾ ਘਰ। ਤੂੰ ਮਾਲਕਣ ਏਂ।'

ਮਾਂ ਦੋ ਦਿਨ ਰਹਿ ਕੇ ਚਲੀ ਗਈ ਸੀ। ਲਾਉਂਜ ਵਿਚ ਪਈ ਫਰਿੱਜ ਵਿਚੋਂ ਕੋਈ ਸ਼ੈ ਲੈਣ ਆਈ ਗੋਗੀ ਵੱਲ ਮੈਂ ਵੇਖਿਆ ਏ। ਉਸ ਨਹਾ ਕੇ ਸਾਫ਼ ਕੱਪੜੇ ਪਾ ਲਏ ਨੇ। ਆਪਣੇ ਦਫ਼ਤਰੀ ਕੰਮ ਲਈ ਦੂਜੇ ਸ਼ਹਿਰ ਗਿਆ ਅਫ਼ਜ਼ਲ ਜਦੋਂ ਘਰ ਪਰਤੇਗਾ ਇਹ ਕਿਸੇ ਸਸਤੀ ਜਿਹੀ ਲਿਪਸਟਿਕ ਨਾਲ ਬੁੱਲ੍ਹ ਵੀ ਰੰਗ ਲਏਗੀ।

ਮੇਰੇ ਨਾਲ ਦੇ ਬੈੱਡਰੂਮ ਵਿਚੋਂ ਆਉਣ ਵਾਲੀਆਂ ਆਵਾਜ਼ਾਂ ਤੋਂ ਬਚਣ ਲਈ ਮੈਂ ਟੀ.ਵੀ. ਦਾ ਰਿਮੋਟ ਕੰਟਰੋਲ ਆਪਣੇ ਹੱਥ ਨੇੜੇ ਕਰ ਲੈਨੀ ਆਂ। ਲੋੜ ਵੇਲੇ ਕਿਸੇ ਵੀ ਮਿਊਜ਼ਕ ਚੈਨਲ ਦਾ ਵਾਲਿਊਮ ਤੇਜ਼ ਕਰਨ ਲਈ।

# ਘਰ

ਖ਼ੁਦਾ ਬਖ਼ਸ਼ੇ ਮੁੰਨੀ ਦਾ ਪਿਓ ਜਦੋਂ ਜੀਂਵਦਾ ਸੀ ਉਦੋਂ ਅਜੇ ਕੁਝ ਭਾਰ ਹੈ ਸੀ ਮੇਰਾ। ਹੁਣ ਤੇ ਕੱਖੋਂ ਹੌਲੀ ਹੋਈ ਪਈ ਆਂ। ਨੂੰਹ ਸਮਝਦੀ ਹੀ ਕੁਝ ਨਹੀਂ। ਮੁੰਡਾ ਏ ਤੇ ਉਹ ਆਪਣੇ ਮੂੰਹ। ਜੋ ਜੀਅ ਚਾਹੇ ਕਰਨ। ਮੈਂ ਨਾ ਕਿਸੇ ਦੀ ਦੇਣ ਵਿਚ, ਨਾ ਲੈਣ ਵਿਚ। ਨਾਲੇ ਹੁਣ ਮੈਨੂੰ ਕੌਣ ਪੁੱਛਦਾ? ਮੰਜੀ ਤੇ ਬੈਠੀ ਸਾਰਾ ਦਿਨ ਇਆਣੇ ਖਿਡਾਂਵਦੀ ਰਹਿੰਨੀ ਆਂ।

ਮੁੰਨੀ ਨੂੰ ਮਿਲਣ ਨੂੰ ਜੀਅ ਕਰਦਾ ਸੀ। ਅੱਗੇ ਤੇ ਪੋਹ ਲੰਘਦਿਆਂ ਈ ਆ ਜਾਂਦੀ ਸੀ ਉਹ। ਹੁਣ ਚੇਤਰ ਪਿਆ ਜਾਂਦਾ। ਉਸ ਫੇਰਾ ਈ ਨਹੀਂ ਪਾਇਆ। ਮੈਂ ਜਦ ਤੀਕ ਆਪ ਜਾਣ ਜੋਗੀ ਸਾਂ, ਜਾ ਕੇ ਮਿਲ ਆਂਵਦੀ ਹੁੰਦੀ ਸਾਂ ਪਰ ਹੁਣ ਇਸ ਬੁੱਢੇ ਸਰੀਰ ਨੂੰ ਕਿੱਥੇ ਬੱਸਾਂ ਵਿਚ ਧਰੀਕਦੀ ਫਿਰਾਂ? ਮੁੰਡੇ ਨੂੰ ਕਿਹਾ, ਜਾ ਕੇ ਸੁੱਖ ਸਾਂਦ ਪੁੱਛ ਆ। ਸਾਲ਼ੀ ਦੇ ਚਲਾ ਗਿਆ ਸੀ ਪਰ ਮੁੰਨੀ ਲਈ ਉਸ ਕੋਲ ਵਿਹਲ ਈ ਨਹੀਂ।

ਮੁੰਨੀ ਤੋਂ ਮੈਂ ਕੁਝ ਓਦਰ ਵੀ ਛੇਤੀ ਜਾਂਦੀ ਆਂ। ਚੰਦਰੀ ਵਿਚ ਮੇਰਾ ਮੋਹ ਈ ਬੜਾ ਏ। ਕੀ ਕਰਾਂ, ਮਾਂ ਜੁ ਹੋਈ। ਮੈਨੂੰ ਈ ਨਹੀਂ, ਹਰ ਇਕ ਮਾਂ ਨੂੰ ਧੀ ਨਾਲ ਅਜਿਹੀ ਈ ਪ੍ਰੀਤ ਹੁੰਦੀ ਏ।

ਇਸ ਮੋਹ ਦਾ ਕਾਰਨ ਮਾਂ ਦਾ ਰਿਸ਼ਤਾ ਤਾਂ ਹੈ ਈ, ਇਸ ਤੋਂ ਛੁੱਟ ਦੋਹਾਂ ਵਿਚ ਔਰਤ ਹੋਣ ਦੀ ਸਾਂਝ ਵੀ ਏ ਇਕ ਕਾਰਨ।

ਮੈਂ ਜਦੋਂ ਕਦੀ ਪਿੰਡ ਜਾਣਾ ਤਾਂ ਮਾਂ ਬਹਿਸ਼ਤਣ ਨੇ ਕਹਿਣਾ, 'ਚੰਦਰੀਏ, ਏਨੀ ਦੇਰ ਲਾ ਦਿੱਤੀ ਤੂੰ?'

ਮੈਂ ਕਹਿੰਦੀ, 'ਤੂੰ ਤੇ ਇੰਜ ਜਿਵੇਂ ਮਾਂ ਮੈਨੂੰ ਈ ਉਡੀਕਦੀ ਰਹਿੰਨੀ ਏਂ।'

ਅੱਗੋਂ ਮਾਂ ਨੇ ਮੱਥਾ ਚੁੰਮ ਕੇ ਕਹਿਣਾ, 'ਤੇ ਹੋਰ ਕੀ?'

ਹੁਣ ਮੈਨੂੰ ਜਦ ਆਪ ਮੁੰਨੀ ਦਾ ਉਦਰੇਵਾਂ ਰਹਿੰਦਾ ਤਾਂ ਮਾਂ ਦੇ ਹੇਜ ਦਾ ਅਹਿਸਾਸ ਹੁੰਦਾ।

ਪੰਦਰਾਂ ਵੀਹ ਵਰ੍ਹੇ ਹੋ ਗਏ ਮੁੰਨੀ ਦੇ ਵਿਆਹ ਨੂੰ ਪਰ ਅਜੇ ਇਹ ਕੱਲ੍ਹ ਦੀ ਗੱਲ ਜਾਪਦੀ ਏ ਜਦ ਮੁੰਨੀ ਏਸ ਵਿਹੜੇ ਵਿਚ ਚੁੰਗੀਆਂ ਭਰਦੀ ਸੀ। ਜਦ ਮੁੰਨੀ ਦੇ ਵਿਆਹ ਦੀ ਗੱਲ ਤੁਰੀ ਤਾਂ, ਖ਼ੁਦਾ ਬਖ਼ਸ਼ੇ, ਉਹਦਾ ਪਿਓ ਕਹਿਣ ਲੱਗਾ, 'ਅਖੇ ਸੱਚ ਈ ਕਹਿੰਦੇ, ਧੀਆਂ ਧਰੇਕਾਂ ਹੁੰਦੀਆਂ। ਮੁੰਨੀ ਦੇ ਜਵਾਨ ਹੋਣ ਦਾ ਪਤਾ ਈ ਨਹੀਂ ਲੱਗਾ।' ਤੇ ਫਿਰ ਹਉਕਾ ਭਰ ਕੇ ਕਹਿਓਸ, 'ਰੱਬ ਨੇ ਧੁਰੋਂ ਈ ਧੀਆਂ ਦਾ ਅੰਨ ਪਾਣੀ ਬਿਗਾਨੇ ਘਰ ਨਾ ਲਿਖਿਆ ਹੋਵੇ ਤਾਂ ਮਾਪੇ ਇਕ ਲੂੰ ਵੀ ਪੁੱਟ ਕੇ ਨਾ ਦੇਣ ਇਹਨਾਂ ਦਾ।'

ਮੈਂ ਉਹਦੀ ਗੰਭੀਰਤਾ ਨੂੰ ਤੋੜਨ ਲਈ ਕਿਹਾ ਸੀ, 'ਅਸੀਂ ਵੀ ਤੇ ਆਪਣੇ ਮਾਪਿਆਂ ਦੇ ਘਰ ਇੰਜ ਹੀ ਪਿਆਰੀਆਂ ਸਾਂ।'

ਜਦੋਂ ਮੁੰਨੀ ਨੂੰ ਵੇਖਣ ਵਾਲਿਆਂ ਆਵਣਾ ਸੀ, ਉਸ ਤੋਂ ਇਕ ਦਿਨ ਪਹਿਲਾਂ ਮੁੰਨੀ ਦੇ ਰੁਝੇਵੇਂ ਵੇਖਣ ਵਾਲੇ ਸਨ। ਆਪਣੀ ਭਰਜਾਈ ਤੋਂ ਅਗੇਰੇ ਹੋ ਕੇ ਉਸ ਨਵੇਂ ਸਿਰਿਓਂ ਘਰ ਦੀ ਸਫ਼ਾਈ ਕੀਤੀ। ਜਦ ਘਰ ਸੱਜ ਗਿਆ ਤਾਂ ਘਰ ਦਾ ਮੁਹਾਂਦਰਾ ਈ ਕੁਝ



ਹੋਰ ਸੀ। ਜਾਪਦਾ ਈ ਨਹੀਂ ਸੀ ਕਿ ਇਹ ਪਹਿਲੇ ਵਾਲਾ ਘਰ ਏ। ਫਿਰ ਉਹ ਸਹੇਲੀਆਂ ਨੂੰ ਅੰਦਰ ਲੈ ਕੇ ਵੜੀ ਰਹੀ। ਬਾਹਰੋਂ ਭਾਵੇਂ ਕੁਝ ਨਹੀਂ ਸੀ ਦਿੱਸਦਾ ਪਰ ਮੈਂ ਜਾਣਦੀ ਸਾਂ ਕਿ ਅੰਦਰ ਕੀ ਹੋ ਰਿਹਾ ਏ? ਮੈਨੂੰ ਪਤਾ ਸੀ ਕਿ ਮੁੰਨੀ ਦੀਆਂ ਸਹੇਲੀਆਂ ਉਸ ਨੂੰ ਵੱਖ-ਵੱਖ ਰੰਗਾਂ ਦੇ ਕੱਪੜੇ ਪੁਆ ਕੇ ਉਹਨਾਂ ਦੀ ਛੱਬ ਬਾਰੇ ਪੁੱਛ ਦੱਸ ਰਹੀਆਂ ਹੋਣਗੀਆਂ।

ਜਦ ਮੁੰਨੀ ਨੂੰ ਵੇਖਣ ਵਾਲੇ ਆਏ , ਉਸ ਦਿਨ ਇਕ ਅਜੀਬ ਜਿਹੇ ਅਹਿਸਾਸ ਦੀ ਵਲਗਣ ਵਿਚ ਆਈ ਹੋਈ ਸੀ ਮੁੰਨੀ। ਕੁਝ ਨਜ਼ਰਾਂ ਉਹਦੇ ਉਤੇ ਈ ਜੰਮੀਆਂ ਹੋਈਆਂ ਸਨ। ਉਹਨੂੰ ਆਪਣੇ ਆਪਣੇ ਮਿਆਰਾਂ ਦੀ ਤੱਕੜੀ ਵਿਚ ਤੋਲਦੀਆਂ ਹੋਈਆਂ ਨਜ਼ਰਾਂ। ਵਿਚਾਰੀ ਮੁੰਨੀ।

ਲੱਜ ਦੇ ਮਹੀਣ ਵਰਕ ਵਿਚ ਵਲ੍ਹੇਟ ਕੇ ਆਪਣੇ ਆਪ ਨੂੰ ਪੇਸ਼ ਕਰਦੀ ਹੋਈ ਮੁੰਨੀ ਉਤੇ ਬੜਾ ਤਰਸ ਆਇਆ ਉਸ ਦਿਨ। ਮੇਰੀ ਮਾਂ ਨੂੰ ਵੀ ਮੇਰੇ ਉਤੇ ਉਸ ਦਿਨ ਅਜਿਹਾ ਤਰਸ ਆਇਆ ਹੋਣਾ। ਫਿਰ ਪ੍ਰਾਹੁਣਿਆਂ ਦੇ ਜਾਣ ਤੋਂ ਕੁਝ ਚਿਰ ਪਹਿਲਾਂ ਦੇ ਪਲ, ਫ਼ੈਸਲੇ ਦੇ ਪਲ। ਜਿਨ੍ਹਾਂ ਵਿਚ ਕੁੜੀ ਕਿਸੇ ਵੀ ਰਿਸ਼ਤੇ ਤੋਂ ਮੁਕਤ ਸਿਰਫ਼ ਇਕ ਔਰਤ ਹੁੰਦੀ ਏ। ਜੇ ਉਸ ਸਮੇਂ ਉਹਦੇ ਵਿਚੋਂ ਕਿਸੇ ਨੂੰ ਆਪਣੀ ਧੀ ਭੈਣ ਦਿੱਸੇ ਤਾਂ ਫਿਰ ਇਹਨੂੰ ਨਿੰਦੇ ਕੌਣ? ਸਲਾਹੇ ਜਾਣ ਦੀ ਆਸ ਦੇ ਨਾਲ-ਨਾਲ ਕਲਾਹੇ ਜਾਣ ਦਾ ਖ਼ੌਫ਼। ਜਦ ਮੁੰਨੀ ਦੀ ਹੋਣ ਵਾਲੀ ਸੱਸ ਨੇ ਜਾਂਦਿਆਂ ਹੋਇਆਂ ਮੁੰਨੀ ਦੇ ਸਿਰ ਪਿਆਰ ਦੇ ਕੇ ਹੱਥ ਉੱਤੇ ਰੁਪਿਆ ਧਰਿਆ ਤਾਂ ਮੇਰੇ ਗਲੇਡੂ ਭਰ ਆਏ। ਪਤਾ ਨਹੀਂ ਖ਼ੁਸ਼ੀ ਦੇ ਸਨ ਜਾਂ ਗ਼ਮੀਂ ਦੇ।

ਜਦੋਂ ਅਜੇ ਮੁੰਨੀ ਦਾ ਵਿਆਹ ਨਹੀਂ ਸੀ ਹੋਇਆ, ਉਹ ਬੜਾ ਖਿਆਲ ਰੱਖਦੀ ਸੀ ਏਸ ਘਰ ਦਾ। ਕੀ ਮਜਾਲ, ਕੋਈ ਸ਼ੈਅ ਏਧਰੋਂ ਉਧਰ ਹੋ ਜਾਵੇ। ਜੇ ਕੋਈ ਹੋ ਜਾਂਦੀ ਤਾਂ ਉਹ ਝੱਟ ਲੜਨ ਨੂੰ ਦੌੜਦੀ। ਬਹੁਤੀ ਵਾਰੀ ਆਪਣੀ ਭਰਜਾਈ ਨਾਲ ਈ ਮੂੰਹ ਮਾਰੀ ਹੁੰਦੀ ਉਸ ਦੀ। ਮੈਂ ਕਈ ਵਾਰ ਮੁੰਨੀ ਨੂੰ ਸਮਝਾਂਵਦੀ ਕਿ ਤੂੰ ਕਿਉਂ ਫਿਕਰ ਕਰਨੀ ਏਂ ਏਸ ਘਰ ਦਾ? ਘਰ ਵਾਲੇ ਸਾਂਭਣ ਨਾ ਸਾਂਭਣ, ਤੈਨੂੰ ਕੀ? ਤਾਂ ਉਹ ਅੱਗੋਂ ਪੁੱਠੀ ਲੜਨ ਪੈਂਦੀ, 'ਕਿਉਂ, ਮੇਰਾ ਨਹੀਂ ਇਹ ਘਰ?'

ਵਿਆਹ ਤੋਂ ਬਾਅਦ ਮੈਂ ਇਕ ਵਾਰੀ ਮੁੰਨੀ ਨੂੰ ਪੁੱਛਿਆ, 'ਮੁੰਨੀ ਇਕ ਗੱਲ ਤੇ ਦੱਸ।'

ਕਹਿਣ ਲੱਗੀ, 'ਕਿਹੜੀ?'

ਮੈਂ ਕਿਹਾ, 'ਹੁਣ ਜਦ ਤੂੰ ਆਉਨੀ ਏਂ ਤਾਂ ਤੇਰੇ ਸਾਹਮਣੇ ਅੰਦਰਾਂ ਵਿਚ ਘੱਟਾ ਜੰਮਿਆ ਹੁੰਦਾ। ਸ਼ੈਆਂ ਏਧਰ ਉਧਰ ਖਿੱਲਰੀਆਂ ਹੁੰਦੀਆਂ। ਹੁਣ ਤੂੰ ਕਦੇ ਹੱਥ ਨਹੀਂ ਹਿਲਾਇਆ।'

ਕਹਿਣ ਲੱਗੀ, 'ਮਾਂ ਡਰ ਲੱਗਦਾ।'

ਮੈਂ ਪੁੱਛਿਆ, 'ਕਿਸ ਗੱਲ ਤੋਂ?'

ਆਖਿਓਸ, 'ਘਰ ਵਾਲਿਆਂ ਤੋਂ। ਕਿਧਰੇ ਕਹਿ ਨਾ ਦੇਣ, ਸਾਡਾ ਘਰ ਅਸੀਂ ਸਾਂਭੀਏ, ਨਾ ਸਾਂਭੀਏ, ਤੈਨੂੰ ਕੀ?'

ਮੈਂ ਕਹਿਣ ਨੂੰ ਕਹਿ ਸਕਦੀ ਸਾਂ ਕਿ ਤੂੰ ਤੇ ਲੜਨ ਨੂੰ ਪੈਂਦੀ ਹੁੰਦੀ ਸੈਂ ਕਿ ਮੇਰਾ

ਨਹੀਂ ਇਹ ਘਰ? ਤੇ ਹੁਣ! ਪਰ ਮੈਂ ਕਿਹਾ ਨਾ। ਸ਼ਾਇਦ ਏਸ ਲਈ ਕਿ ਮੈਂ ਉਹਦੀ ਗੰਭੀਰਤਾ ਵਿਚ ਵਾਧਾ ਨਹੀਂ ਸਾਂ ਕਰਨਾ ਚਾਹੁੰਦੀ।

ਤਰਾਉਂਦਾ ਗੁਜ਼ਾਰਨ ਆਈ ਮੁੰਨੀ ਤੋਂ ਮੈਂ ਪੁੱਛਿਆ, 'ਤੇਰਾ ਜੀਅ ਤਾਂ ਲੱਗਾ ਹੋਇਆ ਨਾ ਉਥੇ?'

ਨਿੰਮ੍ਹਾ ਜਿਹਾ ਹੱਸ ਕੇ ਕਹਿਣ ਲੱਗੀ, 'ਹਾਂ, ਪਰ ਅਜੇ ਖਾਬਾਂ ਵਿਚ ਵਾਤਾਵਰਨ ਏਥੋਂ ਦਾ ਈ ਹੁੰਦਾ।'

ਮੁੰਨੀ ਬਾਲੜੀ ਈ ਸੀ ਜਦੋਂ ਇਕ ਵਾਰ ਦੌੜਦੀ ਹੋਈ ਆਈ ਤੇ ਕਹਿਣ ਲੱਗੀ, 'ਮਾਂ ਤੈਨੂੰ ਹਾਸੇ ਵਾਲੀ ਇਕ ਗੱਲ ਦੱਸਾਂ?'

ਮੈਂ ਕਿਹਾ, 'ਦੱਸ।'

ਤਾਂ ਬੋਲੀ, 'ਤਾਈ ਵਾਂਢਿਓਂ ਹੋ ਕੇ ਆਈ ਆ।'

ਮੈਂ ਪੁੱਛਿਆ, 'ਤਾਈ ਕਿਹੜੇ ਪਿੰਡੋਂ ਆਈ ਏ?'

ਅਖੇ, 'ਆਪਣੇ ਪਿੰਡੋਂ।'

ਤੇ ਜਦ ਮੈਂ ਕਿਹਾ, 'ਇਹ ਕਿਸਦਾ ਪਿੰਡ ਏ?'

ਤਾਂ ਕਹਿਓਸ, 'ਤਾਏ ਦਾ।'

ਗੱਲ ਸੁਣਾ ਕੇ ਮੁੰਨੀ ਦਾ ਹਾਸਾ ਨਹੀਂ ਸੀ ਥੰਮ੍ਹਿਆ ਜਾ ਰਿਹਾ। ਜਦੋਂ ਕਿਸੇ ਔਰਤ ਨੂੰ ਤਲਾਕ ਦਾ ਲਫ਼ਜ਼ ਕਿਸੇ ਥਾਂ ਤੋਂ ਬੇਦਖ਼ਲ ਕਰ ਸਕਦਾ ਹੋਵੇ ਤਾਂ ਉਹ ਉਸ ਥਾਂ ਨੂੰ ਆਪਣਾ ਕਿਵੇਂ ਕਹਿ ਸਕਦੀ ਏ? ਮੇਰੇ ਮਨ ਵਿਚ ਖ਼ਿਆਲ ਆਇਆ, ਪਰ ਮੈਂ ਮੁੰਨੀ ਨਾਲ ਸਾਂਝਾ ਨਾ ਕੀਤਾ, ਕਿਉਂ ਜੁ ਮੈਂ ਉਹਨੂੰ ਸੋਚ ਵਿਚ ਪਾ ਕੇ ਉਸ ਦਾ ਹਾਸਾ ਨਹੀਂ ਸਾਂ ਖੋਹਣਾ ਚਾਹੁੰਦੀ।

ਜਦੋਂ ਅਜੇ ਮੁੰਨੀ ਦੇ ਵਿਆਹ ਨੂੰ ਬਹੁਤਾ ਚਿਰ ਨਹੀਂ ਸੀ ਹੋਇਆ, ਮੈਂ ਕਦੀ-ਕਦੀ ਸੋਚਦੀ, ਐਤਕੀਂ ਆਈ ਤੇ ਪੂਰੇ ਛੇ ਮਹੀਨੇ ਰੱਖਾਂਗੀ ਉਸਨੂੰ। ਪਰ ਫੇਰ ਆਪਣੀ ਏਸ ਸੋਚ ਉਤੇ ਹਾਸਾ ਆ ਜਾਂਦਾ। ਭਲਾ ਉਹ ਤੇ ਹੁਣ ਕੀ ਅਖ਼ਤਿਆਰ ਫੇਰ ਇਹ ਬੋਲੀ ਮੇਰੇ ਹੋਠਾਂ 'ਤੇ ਆ ਜਾਂਦੀ?

ਮਾਪੇ
ਲਾਡਾਂ ਨਾਲ ਪਾਲ ਕੇ ਧੀਆਂ
ਹੋ ਜਾਣ ਪਰਾਏ ਆਪੇ

ਤੇ ਮੈਂ ਸੋਚਦੀ ਹੁਣ ਤੇ ਸਾਈਆਂ ਦੀ ਮਰਜ਼ੀ, ਰਹਿਣ ਦੇਣ, ਨਾ ਰਹਿਣ ਦੇਣ। ਨਾਲੇ ਧੀਆਂ ਸਹੁਰੇ ਘਰ ਈ ਸੋਭਦੀਆਂ।

ਇਕ ਵਾਰ ਮੁੰਨੀ ਦਾ ਸਹੁਰਾ ਆਇਆ ਹੋਇਆ ਸੀ ਉਸ ਨੂੰ ਲੈਣ ਕਿ ਗੁਆਂਢੀਆਂ ਦੀ ਸਲਮਾ ਵੀ ਸਹੁਰਿਓਂ ਆ ਗਈ। ਮੁੰਨੀ ਦੇ ਬਚਪਨ ਦੀ ਸਹੇਲੀ। ਹੁਣ ਮੁੰਨੀ ਦਾ ਜੀਅ ਕਰੇ ਕਿ ਸਲਮਾ ਆਈ ਏ ਤਾਂ ਅਸੀਂ ਦੋਵੇਂ ਕੁਝ ਦਿਨ ਇਕੱਠੀਆਂ ਰਹਿ ਲਈਏ। ਇਕ ਦੂਜੀ ਕੋਲ ਬੈਠੀਏ, ਕੁਝ ਸੁਣੀਏ, ਕੁਝ ਸੁਣਾਈਏ। ਮੁੰਨੀ ਚਾਹੇ ਕਿ ਅਸੀਂ ਅਜੇ ਭੇਜਣ ਤੋਂ ਇਨਕਾਰ ਕਰ ਦਈਏ, ਪਰ ਉਹਦਾ ਸਹੁਰਾ ਪਹਿਲੀ ਵਾਰ ਲੈਣ ਆਇਆ ਸੀ, ਉਹਨੂੰ ਖਾਲੀ ਨਹੀਂ ਸਾਂ ਮੋੜ ਸਕਦੇ ਅਸੀਂ। ਏਸ ਲਈ ਮੁੰਨੀ ਨੂੰ ਜਾਣਾ



ਪਿਆ।

ਇਕ ਵਾਰ ਮੁੰਨੀ ਦੀ ਖ਼ਾਲਾ ਆਈ ਹੋਈ ਸੀ ਕਿ ਮੁੰਨੀ ਵੀ ਆ ਗਈ। ਉਹਦੀ ਖਾਲਾ ਕਹੇ ਕਿ ਮੁੰਨੀ ਐਦਕੀਂ ਸਾਡੇ ਚੱਲ। ਮੈਂ ਕਹਿਣ ਲੱਗੀ ਸਾਂ ਕਿ ਨਾ ਭੈਣ, ਹੁਣ ਮੁੰਨੀ ਬੇਗਾਨੀ ਅਮਾਨਤ ਏ ਅਸੀਂ ਨਹੀਂ ਘੱਲ ਸਕਦੇ ਕਿ ਮੁੰਨੀ ਆਪ ਹੀ ਬੋਲ ਪਈ, 'ਮੈਂ ਜ਼ਰੂਰ ਜਾਂਦੀ, ਪਰ ਖਾਲਾ ਉਥੇ ਜਾਣ ਵੱਲੋਂ ਮੈਂ ਪੁੱਛਿਆ ਹੋਇਆ ਨਹੀਂ। ਆਪਣੀ ਮਰਜ਼ੀ ਨਾਲ ਚਲੇ ਜਾਓ ਤਾਂ ਫੇਰ ਗੁੱਸੇ ਹੁੰਦੇ ਨੇ।'

ਹੁਣ ਜਦ ਆਏ ਤਾਂ ਮੈਂ ਕਹਿੰਨੀ ਆਂ, 'ਭੈੜੀਏ ਐਨਾ ਚਿਰ?'

ਤਾਂ ਕਹੇਗੀ, 'ਘਰ ਦੇ ਕੰਮਾਂ ਤੋਂ ਵਿਹਲ ਈ ਨਹੀਂ ਮਿਲਦਾ।'

ਫੇਰ ਮੈਂ ਗੁੱਸੇ ਦੀ ਰੌਂ ਵਿਚ ਕਹਿੰਨੀ ਆਂ, 'ਖਵਰੇ ਕਿਹੜੇ ਕੰਮਾਂ ਵਿਚ ਰੁੱਝੀ ਰਹਿੰਨੀ ਏਂ ਤੂੰ?'

ਉਂਜ ਭਾਵੇਂ ਮੈਂ ਅੰਦਰੋਂ ਸ਼ਾਂਤ ਹੁੰਦੀ ਆਂ ਕਿ ਧੀ ਆਪਣੇ ਘਰ ਵਿਚ ਵਾਹਵਾ ਰੁੱਝੀ ਹੋਈ ਏ।

ਧੀਆਂ ਨੂੰ ਟੂਰਨ ਲੱਗਿਆਂ ਜ਼ਰੂਰ ਕੁਝ ਨਾ ਕੁਝ ਦਾਤ ਦੇਣੀ ਬਣਦੀ ਏ। ਸੱਖਣੀਆਂ ਨਹੀਂ ਟੋਰੀਦਾ। ਉਹਨਾਂ ਵੀ ਕਿਹੜਾ ਸਦਾ ਏਹੀ ਖਾਂਦਿਆਂ ਰਹਿਣਾ ਹੁੰਦਾ, ਪਰ ਪੇਕੇ ਘਰੋਂ ਆਸ ਹੁੰਦੀ ਏ ਧੀਆਂ ਨੂੰ। ਪੇਕੇ ਘਰ ਦੀ ਸ਼ੈਅ ਦੀ ਹੁੱਸ ਹੁੰਦੀ ਏ। ਪਿਛਲੀ ਵਾਰ ਜਦ ਮੈਥੋਂ ਪਿਆਰ ਲੈ ਕੇ ਟੁਰਨ ਲੱਗੀ ਤਾਂ ਮੈਂ ਕਿਹਾ, 'ਠਹਿਰ ਜਾ ਮੁੰਨੀ, ਥੋੜ੍ਹਾ ਗੁੜ ਲੈਂਦੀ ਜਾ।' ਮੈਂ ਕਹਿੰਦਿਆਂ ਹੋਇਆਂ ਨੂੰਹ ਵੱਲ ਝਾਕਿਆ ਸੀ, ਜਿਸਦਾ ਮਤਲਬ ਦੀ, ਕਿ ਉਹ ਉੱਠ ਕੇ ਗਠੜੀ ਬੰਨ੍ਹ ਦੇਵੇ ਪਰ ਉਹ ਨਹੀਂ ਹਿੱਲੀ। ਜਦ ਮੈਂ ਆਪ ਉੱਠ ਕੇ ਅੰਦਰ ਗਈ ਤਾਂ ਮੁੰਨੀ ਨੇ ਕਿਹਾ, 'ਨਹੀਂ ਮਾਂ...। ਰਹਿਣ ਦੇ, ਮੈਂ ਕਿੱਥੇ ਭਾਰ ਚੁੱਕੀ ਫਿਰਾਂਗੀ।' ਤੇ ਦਹਿਲੀਜ਼ ਤੋਂ ਬਾਹਰ ਹੋ ਗਈ। ਸ਼ਾਇਦ ਮੁੰਨੀ ਨੂੰ ਕੁਝ ਭਾਸ ਗਿਆ ਸੀ।

ਉਹ ਘਰ ਜੋ ਕਦੀ ਮੇਰਾ ਘਰ ਸੀ ਹੁਣ ਮੇਰੀ ਨੂੰਹ ਦਾ ਘਰ ਏ। ਮੁੰਨੀ ਵਾਂਗ ਮੈਨੂੰ ਆਪ ਭਓ ਆਉਂਦਾ ਏ। ਘਰ ਦੀ ਕਿਸੇ ਸ਼ੈਅ ਨੂੰ ਹੱਥ ਲਾਉਣ ਲੱਗਿਆਂ ਮੈਂ ਅੰਦਰੋਂ ਡੋਲ ਜਾਂਦੀ ਆਂ।

**ਧਰਤੀਪੰਜਦਰਿਆਈ**
**(ਪੜਚੋਲ)**
**ਨੈਨ ਸੁੱਖ**
**ਲਿਪੀ-ਵਟਾਂਦਰਾ ਤੇ ਸੰਪਾਦਨ : ਪਰਮਜੀਤ ਸਿੰਘ ਮੀਸਾ**
**ਸੱਚਲ ਪ੍ਰਕਾਸ਼ਨ, ਅੰਮ੍ਰਿਤਸਰ**

# ਖ਼ਾਲੀ ਬੰਦਾ

ਮੁੱਲਾਂ ਜੀ ਡੀਗਰ ਦੀ ਨਮਾਜ਼ ਪੜ੍ਹਾ ਕੇ ਹਟੇ ਤਾਂ ਦੋ ਬੰਦੇ ਜ਼ੋਜ਼ਫ਼ ਨੂੰ ਲੈ ਕੇ ਹਾਜ਼ਰ ਹੋ ਗਏ। ਮਾਅਮੂਲ ਤੋਂ ਹਟ ਕੇ ਅੱਜ ਮਸੀਤ ਦਾ ਵਿਹੜਾ ਬੰਦਿਆਂ ਨਾਲ ਭਰਿਆ ਹੋਇਆ ਸੀ। ਜ਼ੋਜ਼ਫ਼ ਨੂੰ ਵੇਖ ਕੇ ਉੱਥੇ ਮੌਜੂਦ ਹਰ ਇੱਕ ਦਾ ਚਿਹਰਾ ਚਮਕ ਉੱਠਿਆ। ਲੱਗਦਾ ਸੀ ਜ਼ੋਜ਼ਫ਼ ਹੁਣੇ ਨਹਾ ਕੇ ਆਇਆ ਏ ਕਿਉਂਜੋ ਉਹਦੇ ਵਾਲਾਂ ਵਿਚੋਂ ਪਾਣੀ ਦੇ ਤਬਕੇ ਡਿੱਗਦੇ ਪਏ ਸਨ। ਉਹ ਬੈਠ ਗਿਆ ਤਾਂ ਮੌਲਵੀ ਹੋਰਾਂ ਗੱਲ ਛੋਹੀ :

'ਕੀ ਤੂੰ ਵਾਕਈ ਇਸਲਾਮ ਕਬੂਲਣਾ ਚਾਹਨਾ ਐਂ ?'

'ਹਾਂ।' ਜ਼ੋਜ਼ਫ਼ ਨੇ ਪੂਰੀ ਦ੍ਰਿੜ੍ਹਤਾ ਨਾਲ ਪਰਤਾਵਾ ਉੱਤਰ ਦਿੱਤਾ।

'ਤੂੰ ਚੰਗੀ ਤਰ੍ਹਾਂ ਸੋਚ ਵਿਚਾਰ ਲਿਆ ਏ ਨਾ ?'

'ਤੇਰੇ ਏਸ ਜਜ਼ਬੇ ਪਿੱਛੇ ਕੋਈ ਵਕਤੀ ਉਲੇਲ ਤਾਂ ਨਹੀਂ ?'

'ਕਿਧਰੇ ਤੂੰ ਕਿਸੇ ਦੇ ਖ਼ੌਫ਼ ਹੇਠ ਤਾਂ ਅਜਿਹਾ ਨਹੀਂ ਕਰ ਰਿਹਾ ?'

'ਕੋਈ ਲੋਭ ਤੇ ਨਹੀਂ ਤੈਨੂੰ ਪ੍ਰੇਰਦਾ ਪਿਆ ?'

ਮੌਲਵੀ ਹੋਰਾਂ ਦੇ ਹਰ ਸਵਾਲ ਦਾ ਜਵਾਬ ਜ਼ੋਜ਼ਫ਼ ਜਦੋਂ ਪੂਰੀ ਦ੍ਰਿੜ੍ਹਤਾ ਨਾਲ ਦਿੰਦਾ ਤਾਂ ਉੱਥੇ ਮੌਜੂਦ ਲੋਕਾਂ ਦੇ ਚਿਹਰੇ ਹੋਰ ਭੱਖ ਉੱਠਦੇ।

'ਮਜ਼ਹਬ ਬਦਲਣ ਪਿੱਛੋਂ ਤੈਨੂੰ ਔਕੜਾਂ ਵੀ ਪੇਸ਼ ਆ ਸਕਦੀਆਂ ਨੇਂ, ਜਰੀਂਗਾ ?'

'ਹਾਂ।'

'ਤੇ ਤੇਰੇ ਬੀਵੀ ਬੱਚੇ ?'

ਤਕਬੀਰ ਦੇ ਨਾਅਰੇ ਨੇ ਮਸੀਤ ਵਿਚ ਘੁੰਮਕਾਰ ਪਾ ਦਿੱਤੀ ਸੀ ਤੇ ਬੀਵੀ ਬੱਚਿਆਂ ਬਾਰੇ ਪੁੱਛਿਆ। ਸਵਾਲ ਨਾਅਰੇ ਦੀ ਘੁੰਮਕਾਰ ਵਿਚ ਅਣਸੁਣਿਆ ਰਹਿ ਗਿਆ ਸੀ। ਨਾਲੇ ਉਸ ਦੀ ਬੀਵੀ ਬਾਲਾਂ ਨੂੰ ਨਾਲ ਲੈ ਕੇ ਆਪਣੇ ਪੇਕੇ ਪਿੰਡ ਗਈ ਹੋਈ ਸੀ।

ਪਿੰਡ ਦੀ ਇੱਕ ਲਾਹਮੇ ਈਸਾਈਆਂ ਦੇ ਥੋੜ੍ਹੇ ਜਿਹੇ ਘਰ ਸਨ। ਈਸਾਈਆਂ ਦੇ ਏਸ ਮੁਹੱਲੇ ਨੂੰ ਠੱਠੀ ਬੋਲਦੇ ਸਨ ਤੇ ਪੂਰੀ ਠੱਠੀ ਵਿਚ ਇੱਕ ਜ਼ੋਜ਼ਫ਼ ਈ ਕੰਮ ਦਾ ਬੰਦਾ ਸੀ। ਉਹਦੇ ਨਾਲਦਿਆਂ ਨੂੰ ਕੰਮ ਘੱਟ ਈ ਮਿਲਦਾ ਸੀ। ਇੱਕ ਦਿਨ ਕਰ ਲਿਆ ਤੇ ਚਾਰ ਦਿਨ ਵਿਹਲੇ ਪਰ ਜ਼ੋਜ਼ਫ਼ ਜਵਾਨੀ ਵੇਲੇ ਤੋਂ ਪਿਪਲੀ ਵਾਲਿਆਂ ਦਾ ਸੇਪੀ ਟੁਰਿਆ ਆ ਰਿਹਾ ਸੀ ਤੇ ਅਜੋਕੇ ਸਮੇਂ ਜਦੋਂ ਬਹੁਤੀ ਵਾਹੀ ਬੀਜੀ ਮਸ਼ੀਨੀ ਹੋ ਗਈ ਹੋਈ ਏ, ਫਿਰ ਵੀ ਪਿਪਲੀ ਵਾਲਿਆਂ ਉਹਨੂੰ ਜਵਾਬ ਨਹੀਂ ਸੀ ਦਿੱਤਾ। ਦੋਨਾਂ ਧਿਰਾਂ ਦੇ ਮਿਲਵਰਤਣ ਨਾਲ ਜਿਮੀਂਦਾਰੇ ਦਾ ਕਾਰ-ਵਿਹਾਰ ਚੰਗਾ ਪਿਆ ਚਲਦਾ ਸੀ। ਹਰ ਛਿਮਾਹੀ ਪਿੱਛੋਂ ਜ਼ੋਜ਼ਫ਼ ਨੂੰ ਏਸ ਕਾਮਗੀਰੀ ਪਿੱਛੇ ਸਾਲ ਭਰ ਦੇ ਖਾਣ ਜੋਗੇ ਦਾਣੇ ਜੁੜ ਜਾਂਦੇ ਸਨ ਤੇ ਉਹ ਉਸੇ ਤੇ ਖ਼ੁਸ਼ ਸੀ।

ਉਹ ਸਿਰੜ ਵਾਲਾ ਬੰਦਾ ਸੀ ਤੇ ਧੋਲੈ ਝਾਟੇ ਵੀ ਜਾਨ ਮਾਰ ਕੇ ਕੰਮ ਕਰਨ ਦਾ ਆਹਰੀ ਤੇ ਉਸ ਦੀ ਘਰਵਾਲੀ ਜੇਨੀ ਅਜੇ ਆਪ ਸਾਹ-ਸਤ ਵਾਲੀ ਬੀਬੀ ਸੀ। ਇਕੱਠੇ ਦੋ-ਦੋ ਬੋਹਲ ਲਾ ਕੇ ਵੀ ਨਹੀਂ ਸੀ ਹੰਭਦੀ। ਚਾਰ ਬਾਲਾਂ ਨਾਲ ਉਨ੍ਹਾਂ ਦਾ ਵਿਹੜਾ ਭਰਿਆ ਲੱਗਦਾ ਸੀ। ਦੇਰ ਬਾਅਦ ਜੁੜੀ ਔਲਾਦ ਵਿਚ ਸਭ ਤੋਂ ਵੱਡਾ ਸੀਮੋਈਲ ਅੱਠਾਂ



ਸਾਲਾਂ ਦਾ ਸੀ। ਫਿਰ ਸਾਲ-ਸਾਲ ਦੇ ਫ਼ਰਕ ਪਿੱਛੋਂ ਡੀਨਈਲ, ਜੋਮਸ ਤੇ ਪਤਰਸ ਸਨ।

ਵੇਖਣ ਵਿਚ ਕਦੇ ਵੀ ਜ਼ੋਜ਼ਫ਼ ਕਮੀ-ਕਮੀਣ ਨਹੀਂ ਸੀ ਲੱਗਦਾ। ਸਗੋਂ ਕਈ ਵਾਰ ਫ਼ੀਕੇ ਪਿਪਲੀ ਵਾਲੇ ਦੇ ਸਾਕਾਂ ਤੋਂ ਆਏ ਬੰਦੇ, ਫ਼ੀਕੇ ਨਾਲ ਖੇਤਾਂ ਵਿਚ ਕੰਮ ਕਰਦੇ ਹੋਏ ਜ਼ੋਜ਼ਫ਼ ਨੂੰ 'ਚੌਧਰੀ ਕੀ ਹਾਲ ਏ ਤੇਰਾ' ਆਖ ਬੁਲਾਉਂਦੇ ਸਨ। ਉਨ੍ਹਾਂ ਭਾਣੇ ਖੇਤਾਂ ਵਿਚ ਕੰਮ ਕਰ ਰਿਹਾ ਉਹ ਵੀ ਕੋਈ ਜੱਟ ਜ਼ਿਮੀਂਦਾਰ ਈ ਹੁੰਦਾ। ਓਪਰੇ ਬੰਦੇ ਨੂੰ ਜ਼ੋਜ਼ਫ਼ ਤੇ ਫ਼ੀਕੇ ਦਾ ਫ਼ਰਕ ਉਦੋਂ ਪਤਾ ਲੱਗਦਾ ਜਦੋਂ ਭੱਤਾ ਲਿਆਈ ਫ਼ੀਕੇ ਦੀ ਘਰਵਾਲੀ ਤੌਣ ਤੋਂ ਹਟ ਕੇ ਬੈਠੇ ਜ਼ੋਜ਼ਫ਼ ਨੂੰ ਸਾਲਨ ਰੋਟੀ 'ਤੇ ਈ ਰੱਖ ਕੇ ਵੱਟੀ ਉਸ ਦੇ ਹੱਥ ਫੜਾ ਦਿੰਦੀ ਤੇ ਫ਼ੀਕਾ ਲੱਸੀ ਵਾਲੀ ਵਲਟੋਹੀ ਨੂੰ ਮੂੰਹ ਲਾ ਕੇ ਪੀਣ ਮਗਰੋਂ ਬਾਕੀ ਬਚੀ ਹੋਈ ਲੱਸੀ ਨੂੰ ਜ਼ੋਜ਼ਫ਼ ਦੇ ਹੱਥਾਂ ਨੂੰ ਜੋੜ ਕੇ ਬਣਾਏ ਹੋਏ ਪਿਆਲੇ ਵਿਚ ਉਲਟਾ ਦਿੰਦਾ।

ਕਈ ਵਾਰ ਅਜਿਹੇ ਮੌਕੇ ਤੇ ਹਾਸੋਹੀਣਾ ਹੋਇਆ ਜ਼ੋਜ਼ਫ਼ ਆਪਣੇ ਵੱਡਕੀਆਂ ਦੇ ਹਵਾਲੇ ਨਾਲ ਦੱਸਦਾ ਕਿ 'ਪਿੱਛੋਂ ਚੌਥੀ ਪੀੜ੍ਹੀ ਵਿਚ ਉਹ ਵੀ ਮੁਸਲਮਾਨ ਈ ਨੇ। ਮੇਰੇ ਪੜਦਾਦੇ ਕੋਲੋਂ ਕੋਈ ਕਤਲ ਹੋ ਗਿਆ ਸੀ ਤੇ ਅੰਗਰੇਜ਼ ਰਾਜ ਵਿਚ ਉਹਨੇ ਫਾਂਸੀ ਤੋਂ ਬਚਣ ਲਈ ਇਸਲਾਮ ਨੂੰ ਤਿਆਗ ਈਸਾਈ ਮਜ਼ਹਬ ਧਾਰ ਲਿਆ ਸੀ।' ਸਾਫ਼ੇ ਨਾਲ ਲੱਸੀ ਵਾਲੇ ਹੱਥ ਪੂੰਝਦਾ ਹੋਇਆ ਜ਼ੋਜ਼ਫ਼ ਗੱਲ ਅੱਗੇ ਟੋਰਦਾ, 'ਉਂਜ ਉਹ ਫਾਹੇ ਲੱਗਣੋਂ ਤਾਂ ਬਚ ਗਿਆ ਪਰ ਆਪਣੀ ਜੱਦੀ ਵਿਰਾਸਤ ਤੋਂ ਹੱਥ ਧੋ ਬੈਠਾ ਤੇ ਉਹਦੇ ਭਰਾਵਾਂ ਉਹਦੇ ਮਜ਼ਹਬ ਤਿਆਗਣ ਦਾ ਲਾਭ ਚੁੱਕਦਿਆਂ ਹੋਇਆਂ ਉਸ ਨੂੰ ਮਾਲਕੀ ਵਿਚੋਂ ਬੇ-ਦਖ਼ਲ ਕਰ ਦਿੱਤਾ ਸੀ ਤੇ ਇਸੇ ਸਮੇਂ ਤੋਂ ਅਸੀਂ ਭੋਈਂ ਵਾਲਾਂ ਦੇ ਕਾਮਗੀਰ ਲੱਗੇ ਆਉਂਦੇ ਹਾਂ।' ਜ਼ੋਜ਼ਫ਼ ਤੋਂ ਕਈ ਵਾਰ ਸੁਣੀ ਹੋਈ ਏਸ ਗੱਲ ਨੂੰ ਲੋਕਾਂ ਨੇ ਇੱਕ ਕਥਾ ਕਹਾਣੀ ਤੋਂ ਕਦੇ ਵੱਧ ਨਹੀਂ ਸੀ ਜਾਣਿਆ।

ਪਰ ਇਹ ਗੱਲ ਹੈ ਸੀ ਸੱਚ। ਉਤੋਂ ਵਾਲੀ ਦਾ ਈਸਾਈ ਹੋਇਆ ਜ਼ੋਜ਼ਫ਼ ਦਾ ਪੜਦਾਦਾ ਸਮਾਜਿਕ ਤੌਰ ਤੇ ਈਸਾਈ ਕਮਿਊਨਿਟੀ ਵਿਚ ਅਜਿਹਾ ਫਸਿਆ ਸੀ ਕਿ ਫਿਰ ਉਸ ਤੋਂ ਨਿਕਲਣ ਈ ਨਹੀਂ ਸੀ ਹੋਇਆ। ਤੇ ਉਸ ਦੇ ਮਰਨ ਪਿੱਛੋਂ ਉਸ ਦੀ ਔਲਾਦ ਪੱਕੀ ਈਸਾਈ ਹੋ ਚੁੱਕੀ ਸੀ। ਜੋ ਪੁਸ਼ਤ-ਦਰ-ਪੁਸ਼ਤ ਵੱਖ-ਵੱਖ ਪਿੰਡਾਂ ਵਿਚ ਕਿਸੇ-ਨਾ-ਕਿਸੇ ਤੌਰ ਤੇ ਆਪਣੇ ਜੱਦੀ ਪੇਸ਼ੇ ਨਾਲ ਜੁੜੀ ਆ ਰਹੀ ਸੀ ਜਿਸਦੀ ਇੱਕ ਵਣਗੀ ਜ਼ੋਜ਼ਫ਼ ਵੀ ਸੀ।

ਏਕਾ ਇੱਕੀ ਇਸੇ ਜ਼ੋਜ਼ਫ਼ ਦੇ ਮਨ ਵਿਚ ਮੁਸਲਮਾਨ ਬਣਨ ਦੀ ਤਾਂਘ ਉੱਠ ਖਲੋਤੀ ਸੀ ਤੇ ਹੁਣ ਉਹ ਮਸੀਤ ਵਿਚ ਮੌਲਵੀ ਹੋਰਾਂ ਕੋਲ ਬੈਠਾ ਉਨ੍ਹਾਂ ਦੇ ਸਵਾਲਾਂ ਦੇ ਜਵਾਬ ਦੇ ਰਿਹਾ ਸੀ। 'ਚੰਗੀ ਤਰ੍ਹਾਂ ਸੋਚ ਲੈ ਤੂੰ ਜਿਹੜੇ ਮਜ਼ਹਬ ਵਿਚ ਆਉਣ ਵਾਲਾ ਹੈਂ ਏਸ ਵਿਚੋਂ ਫਿਰ ਵਾਪਸੀ ਮੁਮਕਿਨ ਨਹੀਂ ਮਤੇ ਕੱਲ੍ਹ ਨੂੰ ਤੇਰੇ ਮਨ ਵਿਚ ਆਏ।'

ਉਹ ਪਹਿਲੇ ਤੋਂ ਇਹ ਸਭ ਸੋਚ-ਵਿਚਾਰ ਕੇ ਈ ਮਸੀਤ ਵਿਚ ਆਇਆ ਹੋਣਾ ਐਂ ਪਰ ਫਿਰ ਵੀ ਮੌਲਵੀ ਹੋਰਾਂ ਆਪਣੇ ਵੱਲੋਂ ਜਦੋਂ ਚੰਗੀ ਤਰ੍ਹਾਂ ਠੋਕ-ਵਜਾ ਕੇ ਜ਼ੋਜ਼ਫ਼ ਦੇ ਸ਼ੌਕੋਂ ਮੂਲ ਨਾ ਹਿਰਨ ਦਾ ਪੱਕ ਕਰ ਲਿਆ ਤਾਂ ਉਹਦਾ ਮੁਨਹ ਕਿਬਲਾ ਰੁਖ਼ ਫੇਰ ਦਿੱਤਾ। ਜ਼ੋਜ਼ਫ਼ ਨੂੰ ਕਿਬਲਾ ਰੁਖ਼ ਬੈਠਾ ਵੇਖ ਕੇ ਮਸੀਤ ਵਿਚ ਮੌਜੂਦ ਲੋਕ ਇੱਕਦਮ ਚੁੱਪ ਹੋ ਗਏ। ਉਹ ਸਾਰੇ ਹੁਣ ਖ਼ਿਆਲ ਕਰ ਰਹੇ ਸੀ ਕਿ ਕਿਬਲਾ ਰੁਖ਼ ਬੈਠੇ ਜ਼ੋਜ਼ਫ਼ ਦੀਆਂ ਤਾਰਾਂ ਕਿਧਰੇ

ਦੂਰ ਕਿਸੇ ਪਵਿੱਤਰ ਧਰਤੀ ਨਾਲ ਜਰ ਰਹੀਆਂ ਨੇ। ਲੋਕਾਂ ਤੇ ਅਜੀਬ ਜਿਹਾ ਅਸਰ ਹੋਇਆ ਸੀ।

'ਪੜ੍ਹ ਕਲਮਾ!' ਮੌਲਵੀ ਹੋਰਾਂ ਚੁੱਪ ਤੋੜੀ,

'ਲਾ....... ਇਲਾਹਾ...... ਇਲਾ...... ਅੱਲ੍ਹਾ.......,' ਉਹ ਸਹਿਜੇ-ਸਹਿਜੇ ਇੱਕ-ਇੱਕ ਲਫ਼ਜ਼ ਪੜ੍ਹਨ ਲੱਗੇ।

"ਲਾ...... ਇਲਾਹਾ..... ਇਲਾ ਅੱਲ੍ਹਾ.......,' ਜ਼ੋਜ਼ਫ਼ ਵੀ ਉਨ੍ਹਾਂ ਦੇ ਪਿੱਛੇ-ਪਿੱਛੇ ਪੜ੍ਹ ਰਿਹਾ ਸੀ।

'ਨਾਅਰਾ ਤਕਬੀਰ' ਕਲਮਾ ਮੁਕਾ ਤਾਂ ਉੱਥੇ ਮੌਜੂਦ ਲੋਕਾਂ ਵਿਚੋਂ ਕਿਸੇ ਇੱਕ ਨੇ ਉੱਚੀ ਸਾਰੀ ਸੱਦ ਬੁਲਾਈ। 'ਅੱਲ੍ਹਾ ਅਕਬਰ' ਦੀ ਘੁੰਮਕਾਰ ਵਿਚ ਈਦਕੈਂ ਇੱਕ ਨਵੀਂ ਆਵਾਜ਼ ਵੀ ਸ਼ਾਮਿਲ ਸੀ। ਜ਼ੋਜ਼ਫ਼ ਦੀ ਆਪਣੀ ਆਵਾਜ਼।

'ਮੁਬਾਰਖ।'

'ਮੁਬਾਰਖ।'

ਲੋਕ ਉਸ ਵੱਲ ਉਲਰ ਪਏ ਪਰ ਮੌਲਵੀ ਹੋਰਾਂ ਉੱਠ ਖਲੋਤੇ ਲੋਕਾਂ ਨੂੰ ਹੱਥ ਦੇ ਇਸ਼ਾਰੇ ਨਾਲ ਬੈਠਾ ਦਿੱਤਾ। ਕਿਉਂਜੋ ਅਜੇ ਈਮਾਨ ਦੀਆਂ ਸਿਫ਼ਤਾਂ ਬਾਕੀ ਸਨ। ਜ਼ੋਜ਼ਫ਼ ਨੇ 'ਅਮਿੰਤੋ ਬਿਲਾ' ਤੋਂ ਲੈ ਕੇ 'ਤਸਦੀਕ ਬਿਲਕਲਬ' ਤੱਕ ਮੌਲਵੀ ਹੋਰਾਂ ਦੇ ਪਿੱਛੇ-ਪਿੱਛੇ ਪੜ੍ਹਿਆ ਤੇ ਇਹ ਪੜ੍ਹਨ ਪਿੱਛੋਂ ਹੁਣ ਉਹ ਪੂਰਾ ਮੁਸਲਮਾਨ ਬਣ ਚੁੱਕਿਆ ਸੀ।

'ਮੁਬਾਰਖ'।

'ਮੁਬਾਰਖ'।

ਲੋਕ ਜ਼ੋਜ਼ਫ਼ ਨੂੰ ਮੁਸਲਮਾਨ ਹੋਣ ਦੀ ਵਧਾਈ ਦੇ ਰਹੇ ਸਨ। ਏਸ ਪਿੱਛੋਂ ਮੌਲਵੀ ਹੋਰਾਂ ਥੋੜ੍ਹਾ ਵਾਅਜ਼ ਕੀਤਾ, ਜਿਹਦੇ ਵਿਚ ਉਨ੍ਹਾਂ ਦੱਸਿਆ ਕਿ ਜ਼ੋਜ਼ਫ਼ ਹੁਣ ਉਨ੍ਹਾਂ ਦਾ ਦੇਣੀ ਭਰਾ ਬਣ ਚੁੱਕਿਆ ਏ ਤੇ ਇਹ ਰਿਸ਼ਤਾ ਖ਼ੂਨ ਦੇ ਰਿਸ਼ਤੇ ਤੋਂ ਕਿਧਰੇ ਵੱਧ ਕੇ ਹੈ। ਅਖ਼ੀਰ ਤੇ ਉਨ੍ਹਾਂ ਤਵਾਰੀਖ਼ ਵਿਚੋਂ ਇਸਲਾਮੀ ਭਾਈਚਾਰੇ ਦੀਆਂ ਕੁਝ ਮਿਸਾਲਾਂ ਵੀ ਦਿੱਤੀਆਂ।

ਉਹ ਲੋਕ ਜਿਹਨਾਂ ਇੱਕ ਉਮਰ ਜ਼ੋਜ਼ਫ ਨੂੰ ਆਪਣੇ ਨੇੜੇ ਨਹੀਂ ਸੀ ਢੁੱਕਣ ਦਿੱਤਾ ਹੁਣ ਉਸ ਨੂੰ ਗਲਵਕੜੀ ਪਾ-ਪਾ ਕੇ ਪਏ ਮਿਲਦੇ ਸਨ। ਹਰ ਕਿਸੇ ਵਿਚ ਉਸ ਲਈ ਭਰੱਖਣ ਤੇ ਅਪਨੀਅਤ ਸੀ। ਲੋਕ ਉਸ ਨੂੰ ਆਪਣੇ ਨਾਲ ਮਿਲ ਕੇ ਖਾਣ ਦੀ ਦਾਅਵਤ ਦੇ ਰਹੇ ਸਨ। ਉਹੀ ਲੋਕ ਜਿਹਨਾਂ ਸਦਾ ਉਸ ਨੂੰ ਤੋਨ ਤੋਂ ਇੱਕ ਵਿੱਥ ਤੇ ਰੱਖਿਆ ਸੀ। ਜ਼ੋਜ਼ਫ਼ ਲਈ ਇਹ ਸਭ ਕੁਝ ਨਵਾਂ ਸੀ ਤੇ ਹੈਰਾਨੀ ਭਰਿਆ ਵੀ।

ਜ਼ੋਜ਼ਫ਼ ਦਾ ਪਿਛਲੇ ਨਾਂ ਨੂੰ ਹੁਣ ਆਪਣੇ ਨਾਲ ਚੰਬੋੜੀ ਰੱਖਣਾ ਠੀਕ ਨਹੀਂ ਸੀ। ਇਸੇ ਲਈ ਆਖ਼ਿਰ ਤੇ ਉਸ ਦਾ ਨਾਂ ਵੱਟਾ ਦੇਣਾ ਜ਼ਰੂਰੀ ਖ਼ਿਆਲ ਕੀਤਾ ਗਿਆ। ਮਸੀਤੀਓਂ ਬਾਹਰ ਨਿਕਲਿਆ ਤਾਂ ਉਹ ਯੂਸੁਫ਼ ਸੀ। ਜ਼ੋਜ਼ਫ਼ ਅੰਦਰ ਈ ਕਿਧਰੇ ਮਸੀਤ ਵਿਚ ਤਕਬੀਰ ਦੇ ਨਾਅਰਿਆਂ ਹੇਠ ਦੱਬਿਆ ਗਿਆ ਸੀ।

ਹੁਣ ਕਈ ਲੱਖ ਪੈਗੰਬਰ ਉਸ ਦੇ ਆਪਣੇ ਸਨ ਤੇ ਲੱਖ ਤੋਂ ਉੱਤੇ ਆਪਣੇ ਨਬੀ ਦੇ ਅਸਹਾਬ ਤੇ ਅਨੇਕਾਂ ਵਲੀ ਵੀ ਉਸ ਦੇ ਆਪਣੇ ਸਨ। ਤੇ ਦੁਨੀਆਂ ਭਰ ਵਿਚ ਖਿਲਰੇ



ਲੋਕ ਹੁਣ ਉਹਦੇ ਅੰਗ-ਸੰਗ ਨੇ। 'ਕਿਵੇਂ ਤੇ ਕਿਉਂ ?' ਇਹਦਾ ਉਹਨੂੰ ਅਜੇ ਕੋਈ ਬਹੁਤ ਪਤਾ ਨਹੀਂ ਸੀ।

ਹਜ਼ਰਤ ਅਲੀ ਹੁਣ ਆਪਣੇ ਸਨ। ਅਬੂ ਹਨੀਫ਼ਾ ਉਸ ਦੇ ਇਮਾਮ ਸਨ।

ਤੇ ਬਗ਼ਦਾਦ ਵਾਲੇ ਪੀਰ ਵੀ ਹੁਣ ਬਿਗਾਨੇ ਨਹੀਂ ਸਨ ਰਹੇ।

ਇਸੇ ਤਰ੍ਹਾਂ ਦੇ ਅਜੀਬ-ਅਜੀਬ ਅਹਿਸਾਸ ਉਸ ਦੇ ਮਨ ਵਿਚ ਪੈਦਾ ਹੁੰਦੇ ਰਹਿੰਦੇ। ਚਾਰੇ ਕੂਟੀਂ ਉਹਦੀ ਸਾਂਝ ਹੋ ਗਈ ਸੀ, ਇੱਕ ਨਵਾਂ ਸਾਂਗਾ ਬਣ ਗਿਆ ਸੀ। ਇੰਜ ਸੋਚਣਾ ਉਹਨੂੰ ਚੰਗਾ ਲੱਗਦਾ। ਉਹਨੂੰ ਆਨੰਦ ਆਉਂਦਾ ਸੀ ਪਰ ਸੋਚਦਿਆਂ ਹੋਇਆਂ ਸੋਚ ਦੀ ਸੂਈ ਜਦੋਂ ਕਿਸੇ 'ਕਿਉਂ ਜਾਂ ਕਿਵੇਂ ?' ਤੇ ਅਟਕ ਜਾਂਦੀ ਤਾਂ ਉਹ ਸੋਚਣਾ ਛੱਡ ਦਿੰਦਾ।

ਮੌਲਵੀ ਹੋਰਾਂ ਜ਼ੋਜ਼ਫ਼ ਨੂੰ ਕਿਹਾ ਸੀ ਕਿ ਉਹ ਹੁਣ ਇੱਕ ਅਜ਼ੀਮ ਇਸਲਾਮੀ ਵਿਰਸੇ ਦਾ ਮਾਲਿਕ ਏ। ਏਸ ਧਰਤੀ ਦਾ ਹੋਣ ਦੇ ਬਾਵਜੂਦ ਉਸ ਦੀਆਂ ਜੜ੍ਹਾਂ ਇੱਕ ਪਵਿੱਤਰ ਧਰਤੀ ਵਿਚ ਨੇਂ। ਜ਼ੋਜ਼ਫ਼ ਜਦੋਂ ਸੋਚਦਾ ਕਿ ਇਥੋਂ ਦੀ ਮਿੱਟੀ ਦਾ ਪਰਜੂਹੀ ਮਿੱਟੀ ਨਾਲ ਕੀ ਰਿਸ਼ਤਾ ਹੋ ਸਕਦਾ ਏ ? ਇਸ ਦੇ ਮਨ ਦੀਆਂ ਤਾਰਾਂ ਦੁਰਾਡੇ ਕਿਵੇਂ ਜੁੜ ਸਕਦੀਆਂ ਨੇ ? ਤਾਂ ਉਹਦੀ ਸੋਚ ਦੀ ਸੂਈ ਜੂਹਾਂ ਦੀ ਵਿੱਥ ਉੱਤੇ ਅਟਕ ਜਾਂਦੀ ਤੇ ਉਹ ਸੋਚਣਾ ਛੱਡ ਦਿੰਦਾ।

ਅਜਿਹਾ ਸੋਚਦੇ ਹੋਏ ਉਹਨੂੰ ਆਪਣੇ ਈਮਾਨ ਦਾ ਰੁੱਖ ਡੋਲਦਾ ਮਹਿਸੂਸ ਹੁੰਦਾ, ਜਿਸ ਦੀਆਂ ਜੜ੍ਹਾਂ ਅਜੇ ਪਾਤਾਲ ਵਿਚ ਨਹੀਂ ਸਨ ਖੁੱਭੀਆਂ।

ਲੋਕਾਂ ਦਾ ਵਰਤਾਰਾ ਉਸ ਲਈ ਹੈਰਾਨੀ ਭਰਿਆ ਸੀ। ਲੋਕ ਉਹਨੂੰ ਰਾਹ ਜਾਂਦੇ ਨੂੰ ਆਵਾਜ਼ ਮਾਰ ਕੇ ਕੋਲ ਬੈਠਾ ਲੈਂਦੇ ਤੇ ਆਪਣੇ ਹੁੱਕੇ ਦੀ ਨੜੀ ਉਸ ਵੱਲ ਘੁੰਮਾਂਦੇ ਹੋਏ ਉਹਨੂੰ ਪੀਣ ਲਈ ਪੇਸ਼ ਕਰ ਦਿੰਦੇ। ਕਈ ਬੰਦੇ ਉਸ ਦੇ ਹੱਥੋਂ ਉਹਦਾ ਅਪਣਾ ਹੁੱਕਾ ਫੜ ਕੇ ਵੀ ਕਸ ਲਾ ਲੈਂਦੇ। ਇਹ ਸਭ ਕੁਝ ਇਸ ਲਈ ਨਵਾਂ ਸੀ ਤੇ ਹੈਰਾਨੀ ਭਰਿਆ ਵੀ। ਇਹ ਸਭ ਕੁਝ ਪਹਿਲੋਂ ਕਿਉਂ ਨਹੀਂ ਸੀ। ਉਹ ਸੋਚਦਾ ਤੇ ਕਲਮਾ ਪੜ੍ਹਨ ਦੇ ਬਾਵਜੂਦ ਏਸ ਵਰਤਾਰੇ ਦੀ ਨੀਨਹਾ ਬੁਨਿਆਦ ਭੁੱਲ ਜਾਂਦਾ।

ਆਪਣੇ ਤੇ ਲੋਕਾਂ ਵਿਚਕਾਰ ਮਿਟਦੀ ਵਿੱਥ ਨੂੰ ਵੇਖ ਕੇ ਕਈ ਥਾਵਾਂ ਤੇ ਜ਼ੋਜ਼ਫ਼ ਨੇ ਝਿਜਕ ਵੀ ਮਹਿਸੂਸ ਕੀਤੀ ਸੀ।

'ਇਹ ਵਰਤਾਰਾ ਪਹਿਲੋਂ ਕਿਉਂ ਨਹੀਂ ਸੀ ?' ਉਹ ਘੱਟ ਪੜ੍ਹਿਆ-ਲਿਖਿਆ ਬੰਦਾ ਸੋਚਦਾ।

'ਮੇਰਾ ਕੁਝ ਵੀ ਤੇ ਨਹੀਂ ਬਦਲਿਆ।'

'ਉਹੀ ਪਹਿਲਾਂ ਵਰਗਾ ਬੰਦਾ ਹਾਂ।'

'ਉੱਤੋਂ ਤਾਂ ਕੁਝ ਵੀ ਨਹੀਂ ਨਜ਼ਰੀਂਦਾ ਕਿਸੇ ਦਾ।'

'ਬੰਦਾ ਤਾਂ ਬਸ ਬੰਦਾ ਈ ਹੁੰਦਾ ਏ।'

ਪਰ ਕੁਝ ਬੰਦੇ ਈਸਾਈ ਹੁੰਦੇ ਨੇ, ਕੁਝ ਹਿੰਦੂ, ਮੁਸਲਮਾਨ, ਸਿੱਖ ਤੇ ਯਹੂਦੀ। ਜ਼ੋਜ਼ਫ਼ ਬੰਦੇ ਦੀ ਏਸ ਵੰਡ ਨੂੰ ਭੁੱਲ ਜਾਂਦਾ ਤੇ ਲੋਕਾਂ ਦੇ ਮਿਲਣ-ਵਰਤਣ ਤੇ ਵਿਹਾਰ-ਵਰਤਾਰੇ ਦੀ ਵਜ੍ਹਾ ਜਾਣਨ ਦਾ ਜਤਨ ਕਰਦਾ। ਉਹ ਕਿਧਰੇ-ਨਾ-ਕਿਧਰੇ ਸੋਚ ਦੀ ਸੂਈ ਅਟਕਾ ਕੇ ਬੈਠ ਜਾਂਦਾ।

ਤੇ ਜੇ ਕਦੀ ਏਸ ਵਰਤਾਰੇ ਪਿੱਛੇ ਲੁੱਕੀ ਖ਼ੁਦਗ਼ਰਜ਼ੀ ਨੂੰ ਉਹ ਜਾਣ ਜਾਂਦਾ ਤਾਂ ਇਹ ਗਿਆਨ ਜ਼ੋਜ਼ਫ਼ ਲਈ ਕਿੰਨਾ ਦੁੱਖਦਈ ਹੋਣਾ ਸੀ।

ਠੱਠੀ ਤੋਂ ਬਾਹਰ ਇੱਕ ਟੋਲਾ ਜਿਤਨਾ ਉਸ ਦੇ ਨੇੜੇ ਹੁੰਦਾ ਗਿਆ ਸੀ, ਠੱਠੀ ਵਿਚ ਦੂਜਾ ਟੋਲਾ ਉਤਨਾ ਈ ਉਸ ਤੋਂ ਦੂਰ। ਠੱਠੀ ਵਾਲਿਆਂ ਆਪਣੇ ਬੰਦਿਆਂ ਤੇ ਜ਼ੋਜ਼ਫ਼ ਨਾਲ ਬੋਲਚਾਲ ਤੇ ਰੋਕ ਲਾ ਦਿੱਤੀ ਸੀ। ਉਨ੍ਹਾਂ ਦਾ ਧਰਮ ਜੋ ਉਸ ਤਿਆਗ ਦਿੱਤਾ ਸੀ, ਏਸ ਵਜ੍ਹੋਂ ਲੋਕਾਂ ਨੂੰ ਉਸ ਉੱਤੇ ਰੋਸਾ ਸੀ। ਇਥੇ ਲੋਕ ਉਹਦੇ ਨਾਲ ਨਾਰਾਜ਼ ਸਨ। ਠੱਠੀ ਵਾਲਿਆਂ ਦਾ ਹੋਰ ਮੁਸਲਮਾਨਾਂ ਨਾਲ ਬੋਲ ਬੁਲਾਰਾ ਹੈ ਸੀ ਪਰ ਜ਼ੋਜ਼ਫ਼ ਨਾਲ ਬਿਲਕੁਲ ਨਹੀਂ। ਤੇ ਇਨ੍ਹਾਂ ਨੂੰ ਦੂਜੇ ਮੁਸਲਮਾਨਾਂ ਨਾਲ ਬੋਲਦਾ ਵੇਖ ਕੇ ਜ਼ੋਜ਼ਫ਼ ਨੂੰ ਏਸ ਦੋਗ਼ਲੇਪਨ ਉੱਤੇ ਦੁੱਖ ਹੁੰਦਾ।

ਜ਼ੋਜ਼ਫ਼ ਹੁਣ ਕਦੀ ਕਦਾਈਂ ਈ ਠੱਠੀ ਵਿਚ ਵੜਦਾ। ਬਹੁਤਾ ਉਹ ਪਿਪਲੀ ਵਾਲਿਆਂ ਦੀ ਹਵੇਲੀ ਵਿਚ ਈ ਪਿਆ ਰਹਿੰਦਾ। ਨਾਲੇ ਕਿਹੜਾ ਘਰਵਾਲੀ ਇਥੇ ਸੀ।

ਤੇ ਫਿਰ ਇੱਕ ਦਿਨ ਉਸ ਦੀ ਘਰਵਾਲੀ ਬਾਲਾਂ ਨੂੰ ਲੈ ਕੇ ਪੇਕੇ ਪਿੰਡੋਂ ਮੁੜ ਆਈ।

ਧਰਮ ਤਿਆਗਣ ਦੀ ਗੱਲ ਉਸ ਨੂੰ ਉੱਥੇ ਈ ਪਤਾ ਲੱਗ ਗਈ ਸੀ। ਇਹ ਖ਼ਬਰ ਸੁਣ ਕੇ ਉਸ ਦੇ ਭਰਾ ਨੂੰ ਬੜਾ ਵੱਟ ਚੜ੍ਹਿਆ ਸੀ।

ਇਕ ਵਾਰ ਤਾਂ ਉਹ ਟੁਰਿਆ ਵੀ ਸੀ ਜ਼ੋਜ਼ਫ਼ ਦਾ ਮੋਕੋ ਠੱਪਣ, ਪਰ ਉਹ ਸੂਝ ਵਾਲਾ ਸਿਆਣਾ ਮੁੰਡਾ ਸੀ। ਵੱਡਿਆਂ ਨੇ ਸਮਝਾ ਬੁਝਾ ਲਿਆ। ਅਖੇ :

"ਤੂੰ ਪਹਿਲਾ ਬੰਦਾ ਨਹੀਂ ਜਿਸ ਨੂੰ ਏਸ ਪੱਖੋਂ ਗੁੱਸਾ ਆਇਆ ਏ। ਖ਼ੁਦਾਵੰਦ ਯਸੂ ਨੂੰ ਸਲੀਬ ਦੇਣ ਵਾਲੇ ਯਹੂਦੀਆਂ ਦਾ ਅੱਜ ਨਾਂ ਥੇਹ ਮੁੱਕ ਗਿਆ ਹੁੰਦਾ ਕਿ ਤੇਰੇ ਤੋਂ ਕਿਧਰੇ ਵੱਧ ਗੁੱਸੇ ਵਾਲੇ ਕਈ ਹੋ ਗੁਜ਼ਰੇ ਨੇਂ......ਪਰ ਨਹੀਂ......ਬੰਦੇ ਮਾਰਿਆਂ ਕਦੇ ਧਰਮ ਨਹੀਂ ਮੁੱਕੇ।"

ਤੇ ਇਹ ਆਖ਼ਰੀ ਗੱਲ ਉਹਨੂੰ ਟੁੰਬ ਗਈ। ਉਹ ਇਤਿਹਾਸ ਤੋਂ ਵਾਕਫ਼ ਸੀ ਤੇ ਜਾਣਦਾ ਸੀ ਕਿ ਹਿੰਦ ਵਿਚੋਂ ਬੁੱਧ ਮੱਤ ਦਾ ਨਾਸ ਮਾਰਨ ਦੇ ਜਤਨ ਹੀ ਜਗਤ ਵਿਚ ਇਹਦਾ ਪਸਾਰ ਹੋਰ ਮੋਕਲਾ ਕਰਨ ਦਾ ਮੂਜਬ ਬਣੇ ਸਨ।

ਜੇਨੀ ਨੂੰ ਟੂਰਨ ਲੱਗਿਆਂ ਉਸ ਦੇ ਮਾਪਿਆਂ ਕਿਹਾ ਸੀ : 'ਤੂੰ ਘਰਵਾਲੀ ਐਂ ਉਹਦੀ। ਜ਼ੋਜ਼ਫ਼ ਨੂੰ ਸਮਝਾਈਂ ਸ਼ਾਇਦ ਪਰਤ ਪਏ, ਨਹੀਂ ਤਾਂ ਜੋ ਫੈਸਲਾ ਉੱਥੋਂ ਦਾ ਚਰਚ ਕਰੇ ਉਸ ਤੇ ਅਮਲ ਕਰਨਾ ਹੋਏਗਾ। ਖ਼ਬਰਦਾਰ! ਜ਼ੋਜ਼ਫ਼ ਦੀਆਂ ਗੱਲਾਂ ਵਿਚ ਨਾ ਆ ਜਾਈਂ ਕਿਧਰੇ। ਉਹ ਤਾਂ ਬੇਗਾਨਾ ਸੀ, ਤੂੰ ਤੇ ਖ਼ੂਨ ਐਂ ਸਾਡਾ। ਅਸੀਂ ਤੇਰੇ ਬਦਲਣ ਦੀ ਆਸ ਨਹੀਂ ਕਰ ਸਕਦੇ। ਜਾ ਧੀਏ ਖ਼ੁਦਾਵੰਦ ਤੇਰਾ ਚੋਪਾਨ ਹੈ।'

ਤੇ ਜ਼ੋਜ਼ਫ਼ ਨੂੰ ਸਮਝਾਉਣ ਦੀ ਕੋਸ਼ਿਸ਼ ਵਿਚ ਉਲਟਾ ਉਹ ਉਹਨੂੰ ਸਮਝਾਉਣ ਲੱਗ ਪਿਆ ਸੀ। 'ਰੱਬ ਕਿਸੇ ਨੇ ਵੰਡਿਆ ਨਹੀਂ। ਨਾਲੇ ਅਸਲ ਤਾਂ ਬੰਦਿਆਈ ਏ।' ਕਦੇ ਉਹ ਬਹੁਤ ਸਿਆਣੀਆਂ ਗੱਲਾਂ ਕਰ ਜਾਂਦਾ।

ਪਰ ਜੇਨੀ ਨੇ ਥੱਕ ਹਾਰ ਕੇ ਮਿਸ਼ਨਰੀ ਨੂੰ ਜਾ ਆਖਿਆ ਸੀ ਪਈ, 'ਇਸ ਤੇ ਮੇਰੀ ਕਿਸੇ ਗੱਲ ਦਾ ਕੋਈ ਅਸਰ ਨਹੀਂ ਹੁੰਦਾ।' ਅੱਜ ਮਿਸ਼ਨ ਦੇ ਲੋਕ ਉਸ ਦੇ ਵਿਹੜੇ ਵਿਚ ਆਏ ਬੈਠੇ ਸਨ। ਜੇਨੀ ਤੇ ਚਾਰੇ ਬੱਚੇ ਵੀ ਮੌਜੂਦ ਸਨ। ਇਹ ਸੱਥ ਬੈਠੀ ਵੇਖ ਦੋ ਚਾਰ



ਮੁਸਲਮਾਨ ਜ਼ੋਜ਼ਫ਼ ਨਾਲ ਵੀ ਆਣ ਰਲੇ। ਮਿਸ਼ਨਰੀ ਨੇ ਸਾਫ਼ ਆਖ ਸੁਣਾਇਆ ਸੀ ਕਿ ਜੇਨੀ 'ਤੇ ਹੁਣ ਜ਼ੋਜ਼ਫ਼ ਦਾ ਕੋਈ ਹੱਕ ਨਹੀਂ ਤੇ ਅੱਜ ਤੋਂ ਦੋਨਾਂ ਵਿਚ ਪੱਕਾ ਵਖਰੇਵਾਂ।

ਜ਼ੋਜ਼ਫ਼ ਵੱਲ ਚਲੇ ਗਏ ਜ਼ਰਾ ਸਿਆਣੇ ਸੀਮੋਈਲ ਤੇ ਡੈਂਟਲ ਨੂੰ ਮੁਸਲਮਾਨ ਮੰਨ ਲਿਆ ਗਿਆ ਜਦ ਕਿ ਜੇਨੀ ਕੋਲ ਬੈਠੇ ਰਹਿ ਗਏ ਦੋ ਨਿੱਕੇ ਬਾਲਾਂ ਨੂੰ ਈਸਾਈ ਮੰਨ ਲਿਆ ਗਿਆ। ਜੇ ਠੱਠੀ ਵਿਚ ਜੇਮਸ ਤੇ ਪਤਰਸ ਨੂੰ ਪਿਆਰ ਕਰਨ ਵਾਲਾ ਇੱਕ ਤੋਂ ਵੱਧ ਇੱਕ ਜੀ ਮੌਜੂਦ ਸੀ ਤਾਂ ਠੱਠੀ ਤੋਂ ਬਾਹਰ ਸੀਮੋਈਲ ਤੇ ਡੈਂਟਲ ਲਈ ਮੋਹ ਰੱਖਣ ਵਾਲਿਆਂ ਦੀ ਵੀ ਕੋਈ ਘਾਟ ਨਹੀਂ ਸੀ। ਇਨ੍ਹਾਂ ਦੋਨਾਂ ਬਾਲਾਂ ਨੂੰ ਮੌਲਵੀ ਹੋਰੀਂ ਸ਼ਹਿਰ ਦੇ ਕਿਸੇ ਮਦਰਸੇ ਵਿਚ ਛੱਡ ਆਏ ਸਨ ਜਿਥੇ ਵਿਸ਼ਵਾਸ ਏ ਕਿ ਉਹ ਸੀਮੋਈਲ ਤੇ ਡੈਂਟਲ ਤੋਂ ਇਸਮਾਈਲ ਤੇ ਦਾਨਿਆਲ ਹੋ ਗਏ ਹੋਣਗੇ। ਈਸਾਈ ਤੇ ਮੁਸਲਮਾਨ ਬੱਚਿਆਂ ਦੀ ਇਹ ਵੰਡ ਤੇ ਵਿਤਕਰਾ ਬਾਲਾਂ ਦੀ ਅਕਲੋਂ ਬਾਹਰ ਸੀ।

ਬੱਚਿਆਂ ਉੱਤੇ ਤਾਂ ਇਹਦਾ ਮਾੜਾ ਅਸਰ ਪੈਣਾ ਈ ਸੀ ਆਪ ਜ਼ੋਜ਼ਫ਼ ਉੱਤੇ ਵੀ ਇਹਦਾ ਬਹੁਤ ਬੁਰਾ ਅਸਰ ਹੋਇਆ। ਇੱਕੋ ਕੁੱਖੋਂ ਜੰਮੇ ਬਾਲਾਂ ਦਾ ਇੱਕ ਦੂਜੇ ਲਈ ਮਮਨੂਅ ਹੋਣਾ ਜ਼ੋਜ਼ਫ਼ ਨੂੰ ਬੜਾ ਦੁੱਖਦਾ।

ਘਰ ਵਾਲਾ ਥਾਂ ਜ਼ੋਜ਼ਫ਼ ਨੇ ਜੇਨੀ ਨੂੰ ਦੇ ਦਿੱਤਾ ਸੀ ਪਰ ਉਹ ਕੁਝ ਦਿਨ ਆਪਣੀ ਭੈਣ ਦੇ ਘਰ ਰਹਿ ਕੇ ਫੇਰ ਵੀ ਪੇਕਿਆਂ ਨੂੰ ਮੁੜ ਗਈ ਸੀ।

ਜ਼ੋਜ਼ਫ਼ ਨੇ ਸੋਚਣਾ ਕੁਝ ਜ਼ਿਆਦਾ ਈ ਕਰ ਦਿੱਤਾ। ਇਸੇ ਹਿਸਾਬ ਨਾਲ ਉਹਦੀ ਸੂਈ ਵੀ ਬਹੁਤਾ ਈ ਅਟਕਣ ਲੱਗ ਪਈ।

ਪਿਪਲੀ ਵਾਲਿਆਂ ਦੀ ਹਵੇਲੀ ਵਿਚ ਲੰਮਾ ਪਿਆ-ਪਿਆ ਉਹ ਸੋਚਦਾ ਤੇ ਸੂਈ ਅਟਕ ਜਾਂਦੀ ਤਾਂ ਉਹ ਸੋਚਣਾ ਛੱਡ ਦਿੰਦਾ। ਉਹ ਫਿਰ ਸੋਚਦਾ, ਸੂਈ ਫਿਰ ਅਟਕ ਜਾਂਦੀ ਤੇ ਉਹ ਸੋਚਣਾ ਛੱਡ ਦਿੰਦਾ।

ਇੱਕ ਚਿਰ ਪਿੱਛੋਂ ਕਿਸੇ ਦਿਹਾੜ ਤੇ ਪਿੰਡ ਆਈ ਜੇਨੀ ਦਾ ਜ਼ੋਜ਼ਫ਼ ਨੂੰ ਪਤਾ ਲੱਗਾ ਤਾਂ ਉਹਨੇ ਜੇਨੀ ਨੂੰ ਕਿਸੇ ਰਾਹੀਂ ਲੰਬੜਾਂ ਦੀ ਹਵੇਲੀ ਦੇ ਪਿਛਵਾੜੇ, ਰਾਤ ਨੂੰ ਸ਼ਰੀਨਹਾ ਦੇ ਰੁੱਖ ਹੇਠ ਮਿਲਣ ਦਾ ਤਰਲਾ ਕੀਤਾ।

ਮਿੱਥੇ ਵੇਲੇ ਤੋਂ ਪਹਿਲਾਂ ਈ ਉਹ ਸ਼ਰੀਨਹਾ ਦੇ ਰੁੱਖ ਹੇਠ ਆ ਬੈਠਾ ਤੇ ਵਾਅ ਵਿਚ ਘੁਲੀ ਸ਼ਰੀਨਹਾ ਦੇ ਫੁੱਲਾਂ ਦੀ ਮਿੱਠੀ ਸੁਗੰਧ ਸਾਹ ਰਾਹੀਂ ਆਪਣੇ ਅੰਦਰ ਭਰਦਾ ਰਿਹਾ। ਲੰਮੀ ਉਡੀਕ ਪਿੱਛੋਂ ਉਸ ਆਪਣੇ ਵੱਲ ਇੱਕ ਪਰਛਾਵਾਂ ਵਧਦਾ ਵੇਖਿਆ ਤਾਂ ਉਹ ਉੱਠ ਖਲੋਤਾ। ਉਹ ਜੇਨੀ ਈ ਸੀ ਜੋ ਹੁਣ ਉਸ ਦੇ ਕੋਲ ਆਣ ਖਲੋਤੀ ਸੀ।

ਉਨ੍ਹਾਂ ਵਿਚਾਲੇ ਚੁੱਪ ਦਾ ਇਕ ਪਹਾੜ ਖੜ੍ਹਾ ਸੀ। ਹਿਮਾਲੇ ਜਿੱਡਾ ਪਹਾੜ।

'ਜੇਨੀ!' ਚੁੱਪ ਦੇ ਪਹਾੜ ਤੋਂ ਇੱਕ ਪੱਥਰ ਲੁੜਕਿਆ।

'ਹਾਂ,' ਉਸੇ ਪਹਾੜ ਦੇ ਖ਼ੂਹ ਵਿਚੋਂ ਆਵਾਜ਼ ਆਈ।

'ਤੂੰ ਮੁੜ ਕਿਉਂ ਨਹੀਂ ਆਉਂਦੀ ?'

'ਤੂੰ ਵੀ ਪਿਛਾਂ ਪਰਤ ਆ।'

ਇਕ ਵਾਰ ਫਿਰ ਪਸਰ ਗਈ ਚੁੱਪ ਨੂੰ ਜ਼ੋਜ਼ਫ਼ ਦੀ ਆਵਾਜ਼ ਨੇ ਤੋੜਿਆ :

'ਜੇਨੀ!'

'ਹਾਂ।'

'ਯਾਦ ਹੈ ਤੈਨੂੰ ?'

'ਕੀ ?'

'ਜਦੋਂ ਫ਼ਾਦਰ ਨੇ ਤੇਰੀ ਬਾਂਹ ਮੇਰੇ ਹੱਥ ਵਿਚ ਫੜਾਉਂਦਿਆਂ ਕਿਹਾ ਸੀ ਕਿ ਜਿਹੜੇ ਰਿਸ਼ਤੇ ਵਿਚ ਤੁਸੀਂ ਅੱਜ ਪਰੋਚ ਗਏ ਹੋ, ਉਹ ਇੱਕ ਅਟੁੱਟ ਰਿਸ਼ਤਾ ਹੈ। ਕਿਸੇ ਇੱਕ ਧਿਰ ਵੱਲੋਂ ਤੋੜਨ ਦੀ ਕੋਸ਼ਿਸ਼ ਦੇ ਬਾਵਜੂਦ ਵੀ, ਤੇ ਜਿਉਂਦੇ ਜੀ ਹੁਣ ਤੁਸੀਂ ਇੱਕ ਹੋ।'

'ਹਾਂ ਯਾਦ ਏ।'

'ਫਿਰ ਅੱਜ ਉਹ ਰਿਸ਼ਤਾ ਕੀ ਹੋਇਆ ?'

'ਉਹ ਰਿਸ਼ਤਾ ਜ਼ੋਜ਼ਫ਼ ਤੇ ਜੇਨੀ ਵਿਚਕਾਰ ਸੀ ਤੇ ਹੁਣ ਤੂੰ ਯੂਸੁਫ਼ ਐਂ।'

'ਮੇਰਾ ਕੁਝ ਵੀ ਨਹੀਂ ਬਦਲਿਆ। ਵੇਖ ਮੈਂ ਉਹੀ ਬੰਦਾ ਹਾਂ, ਜੇਨੀ ਮੇਰੇ ਦਿਲ ਵਿਚ ਅੱਜ ਵੀ ਤੇਰੇ ਲਈ ਓਨਾ ਈ ਮੋਹ ਹੈ ਜਿਤਨਾ ਪਹਿਲੇ ਸੀ।'

ਜ਼ੋਜ਼ਫ਼ ਨੇ ਅੱਗੇ ਵੱਧ ਕੇ ਜੇਨੀ ਦਾ ਹੱਥ ਫੜਨਾ ਚਾਹਿਆ ਜੋ ਉਹਨੇ ਝਟਕ ਦਿੱਤਾ। ਜੇਨੀ ਸੱਜੇ ਹੱਥ ਦੀ ਉਂਗਲੀ ਨਾਲ ਸੀਨੇ ਤੇ ਸਲੀਬ ਬਣਾਉਂਦੀ ਹੋਈ ਬੋਲੀ :

'ਮੈਂ ਜ਼ੋਜ਼ਫ਼ ਦੀ ਜਾਣੂ ਹਾਂ। ਯੂਸੁਫ਼ ਦੀ ਨਹੀਂ।'

ਤੇ ਫਿਰ ਹਨੇਰੇ ਵਿਚ ਗੁੰਮ ਹੋ ਗਈ।

ਜ਼ੋਜ਼ਫ਼ ਧਰਤੀ ਵਿਚ ਗੱਡਿਆ ਮੁੰਨਾ, ਕਿੰਨੀ ਦੇਰ ਅਹਿਲ ਖਲੋਤਾ ਸੋਚਦਾ ਰਿਹਾ। ਸੋਚ ਦੀ ਸੂਈ ਜ਼ੋਜ਼ਫ਼ ਤੇ ਯੂਸੁਫ਼ ਵਿਚਲੇ ਫ਼ਰਕ ਉੱਤੇ ਅਟਕ ਗਈ ਪਰ ਉਹ ਫਿਰ ਵੀ ਸੋਚਦਾ ਰਿਹਾ।

ਯੂਸੁਫ਼ ਵਿਚ ਗੁੰਮ ਹੋਏ ਜ਼ੋਜ਼ਫ਼ ਨੂੰ ਖੋਜਦਾ ਰਿਹਾ। ਖੋਜਦਾ ਰਿਹਾ। ਤੇ ਫਿਰ ਇਸੇ ਖੋਜ ਵਿਚ ਆਪ ਵੀ ਕਿਧਰੇ ਗਵਾਚ ਗਿਆ।

ਸਵੇਰੇ ਪਿੰਡ ਵਾਲਿਆਂ ਵੇਖਿਆ ਉਹ ਪਾਗਲ ਹੋ ਚੁੱਕਿਆ ਸੀ। ਹੁਣ ਉਹ ਨਾ ਮੁਸਲਮਾਨ ਸੀ, ਨਾ ਈ ਈਸਾਈ। ਠੱਠੀ ਵਿਚ ਤੇ ਠੱਠੀ ਤੋਂ ਬਾਹਰ ਉਹ ਹੁਣ ਦੋਨਾਂ ਧਿਰਾਂ ਨੂੰ ਇਕੋ ਜਿਹਾ ਸੀ ਕਿਉਂਜੋ ਪਾਗਲ ਨਾ ਈਸਾਈ ਹੁੰਦਾ ਏ, ਨਾ ਈ ਮੁਸਲਮਾਨ। ਉਹ ਤਾਂ ਪਾਗਲ ਈ ਹੁੰਦਾ ਏ। ਬਸ ਇਕ ਖ਼ਾਲੀ-ਖ਼ੂਲੀ ਬੰਦਾ।


**ਨਵੇਂ ਕਹਾਣੀ ਸੰਗ੍ਰਹਿ**

**ਪੂਰਨ ਅਪੂਰਨ/ਕੁਲਦੀਪ ਸਿੰਘ ਬੇਦੀ**

**ਫੁੱਲਾਂ ਦੀ ਫ਼ਸਲ /ਸੁਖਪਾਲ ਸਿੰਘ ਥਿੰਦ**

**ਹਾਰੀਂ ਨਾ ਬਚਨਿਆ /ਗੁਰਮੀਤ ਕੜਿਆਲਵੀ**

**ਸਿਲਸਿਲੇ/ਕਿਰਪਾਲ ਕਜ਼ਾਕ**

**ਸਿਆਸਤ ਖੇਡ, ਸਿਆਸਤ/ਜਿੰਦਰ**




## ਮਾਸ, ਮਿੱਟੀ ਤੇ ਮਾਇਆ

ਮਾਸ : ਨਹੁੰਆਂ ਨਾਲੋਂ ਨਿਖੇੜੇ ਹੋਏ ਲਈ ਵੀ ਉਹਦਾ ਲਹੂ ਜੋਸ਼ ਕਿਉਂ ਮਾਰਦਾ ?

ਮਿੱਟੀ : ਜਿਥੇ ਮੁੜ ਕਦੇ ਪੈਰ ਨਹੀਂ ਧਰਨਾ, ਸੁਫ਼ਨਿਆਂ ਵਿਚ ਉਥੇ ਕਿਉਂ ਫਿਰਦਾ ਰਹਿੰਦਾ ਏ।

ਮਾਇਆ : ਸੁਖਾਲਿਆਂ ਕਰਦੀ ਏ ਤਾਂ ਫਿਰ ਦੁੱਖ ਵੀ ਕਿਉਂ ਦਿੰਦੀ ਏ।

ਅਖ਼ਤਰ ਇਹ ਸੋਚਦੇ ਹੋਏ ਬੀਤੇ ਦਿਨਾਂ ਦੀਆਂ ਯਾਦਾਂ ਵਿਚ ਕਿਧਰੇ ਦੂਰ ਜਾ ਨਿਕਲਦਾ ਏ। ਏਥੇ ਲੰਡਨ ਵਿਚ ਅੱਜ ਤੋਂ ਕਈ ਵਰ੍ਹੇ ਪਹਿਲੋਂ ਉਹਨੂੰ ਆਪਣੇ ਪਿਉ ਦੀ ਮੌਤ ਦਾ ਪਤਾ ਪੂਰੇ ਸੱਤ ਦਿਨ ਬਾਅਦ ਲੱਗਿਆ ਸੀ। ਉਸ ਦੇ ਘਰ ਵਾਲੇ ਜਿਸ ਦੋਚਿੱਤੀ ਵਿਚ ਪਏ ਸਨ ਕਿ ਪਰਦੇਸ ਵਸਦੇ ਮੁੰਡੇ ਨੂੰ ਇਸ ਮੌਤ ਬਾਰੇ ਦੱਸਿਆ ਜਾਵੇ ਜਾਂ ਨਾ। ਬਹੁਤਿਆਂ ਦਾ ਖ਼ਿਆਲ ਸੀ ਕਿ ਉਸ ਨੂੰ ਨਹੀਂ ਦੱਸਣਾ ਚਾਹੀਦਾ। ਪਰਦੇਸੀਆਂ ਦਾ ਦਿਲ ਬੜਾ ਸੋਹਲ ਹੁੰਦਾ ਏ। ਇਹ ਸੋਗ ਉਹ ਕਿਧਰੇ ਚਿੱਤ ਨਾ ਧਰ ਲਏ। ਵਿਚੋਂ ਕੁਝ ਦੀ ਸਲਾਹ ਇਹ ਵੀ ਸੀ ਕਿ ਉਸ ਤੋਂ ਕੁਝ ਨਹੀਂ ਲੁਕਾਉਣਾ ਚਾਹੀਦਾ। ਖ਼ਬਰ ਤਾਂ ਉਹਨੂੰ ਹੋਣੀ ਈ ਏ, ਅੱਜ ਨਾ ਸਹੀ ਫਿਰ ਕਦੇ ਸਹੀ। ਤੇ ਬਿਹਤਰ ਇਹੀ ਏ ਕਿ ਜਿਹੜੀ ਗੱਲ ਭੇਤ ਨਹੀਂ ਰਹਿਣੀ, ਉਹ ਦੱਸ ਈ ਦਿੱਤੀ ਜਾਵੇ। ਫਿਰ ਵੀ ਇਕਦਮ ਨਹੀਂ। ਸਗੋਂ ਪਹਿਲੇ ਦੱਸਿਆ ਗਿਆ ਸੀ ਕਿ ਬੁੱਢਾ ਬਿਮਾਰ ਏ, ਫਿਰ ਸਖ਼ਤ ਬਿਮਾਰ ਦਾ ਸੁਨੇਹਾ ਮਿਲਿਆ ਤੇ ਓੜਕ ਸਾਹ ਪੂਰੇ ਹੋਣ ਦੀ ਖ਼ਬਰ। ਇੰਜ ਉਹਨੂੰ ਪਹਿਲੇ ਤੋਂ ਵੀ ਕੋਈ ਸਦਮਾ ਸਹਿਣ ਲਈ ਤਿਆਰ ਰੱਖਿਆ ਗਿਆ ਸੀ।

ਇਕ ਅਜਿਹਾ ਵਾਕਿਆ ਜਿਹੜਾ ਕਈ ਦਿਨ ਪਹਿਲੇ ਵਾਪਰ ਚੁੱਕਿਆ ਸੀ, ਪਰ ਕਈ ਦਿਨ ਬਾਅਦ ਦੱਸਿਆ ਗਿਆ ਤੇ ਅਸਲ ਮਰਨ ਦਿਹਾੜੇ ਦਾ ਪਤਾ ਹੋਰ ਵੀ ਕਈ ਦਿਨ ਬਾਅਦ ਲੱਗਿਆ। ਉਸ ਕੈਲੰਡਰ ਵੇਖ ਕੇ ਹਿਸਾਬ ਲਾਇਆ ਸੀ ਕਿ ਭਲਾ ਉਸ ਦਿਨ ਉਹ ਕਿਥੇ ਸੀ ਤੇ ਕੀ ਕਰ ਰਿਹਾ ਸੀ ? ਦਸ ਅਪ੍ਰੈਲ, ਸੋਮਵਾਰ, ਜਦੋਂ ਉਨ੍ਹਾਂ ਦਾ ਸਾਰਾ ਟੱਬਰ ਮਰਨ ਮੰਜੇ 'ਤੇ ਪਏ ਉਸ ਦੇ ਪਿਉ ਦੁਆਲੇ ਬੈਠਾ ਹੋਇਆ ਸੀ, ਠੀਕ ਉਸ ਵੇਲੇ ਉਹ ਆਪ ਵਰਕਸ਼ਾਪ ਵਿਚ ਕੰਮ 'ਤੇ ਹਾਜ਼ਰ ਸੀ। ਉਸ ਦਿਨ ਉਹਦਾ ਕੰਮ ਵਿਚ ਜੀ ਨਹੀਂ ਸੀ ਲੱਗ ਰਿਹਾ। ਇਹ ਅੱਜ ਵੀ ਉਹਨੂੰ ਯਾਦ ਏ। ਸਾਰਾ ਦਿਨ ਇਕ ਬੇਨਾਮ ਜਿਹੀ ਉਦਾਸੀ ਛਾਈ ਰਹੀ ਸੀ। ਜਦੋਂ ਦਿਲ ਬੇ-ਸੱਬਬ ਅਚਨਚੇਤ ਉਦਾਸ ਹੋ ਜਾਏ ਤਾਂ ਸਮਝਿਆ ਇਹੀ ਜਾਂਦਾ ਏ, ਕੋਈ ਸ਼ਿੱਦਤ ਨਾਲ ਯਾਦ ਕਰ ਰਿਹਾ ਏ।

ਆਪਣੇ ਨਿੱਕੇ ਪੁੱਤਰ ਨੂੰ ਕੋਲ ਨਾ ਵੇਖ ਕੇ ਮਰਨ ਵਾਲੇ ਨੇ ਉਹਨੂੰ ਯਾਦ ਕੀਤਾ ਸੀ। ਸ਼ਾਇਦ ਏਸੇ ਲਈ ਉਸ ਦਿਨ ਉਹ ਉਦਾਸ ਰਿਹਾ। ਕਈ ਦਿਨਾਂ ਬਾਅਦ ਅਖ਼ਤਰ ਨੇ ਸੋਚਿਆ ਤੇ ਇਹ ਜਾਨਣ ਲਈ ਆਪਣੇ ਭਰਾ ਨੂੰ ਫ਼ੋਨ ਕੀਤਾ ਕਿ ਪਿਉ ਦੇ ਆਖ਼ਰੀ ਵਾਕ ਕੀ ਸਨ ? ਅੱਗੋਂ ਜਦ ਉਹਨੇ ਦੱਸਿਆ ਕਿ 'ਮਰਨ ਵੇਲੇ ਪਿਉ ਨੇ ਤੇਰਾ ਨਾਮ ਲਿਆ ਸੀ' ਤਾਂ ਕਈ ਦਿਨਾਂ ਤੋਂ ਡੱਕਿਆ ਹੰਝੂਆਂ ਦਾ ਹੜ੍ਹ ਅੱਖਾਂ ਵਿਚੋਂ ਵਹਿ ਪਿਆ ਸੀ। ਉਸ ਕਈ ਵਾਰ ਰੋਣਾ ਚਾਹਿਆ ਸੀ ਪਰ ਹੰਝੂ ਪਲਕਾਂ 'ਤੇ ਆ ਕੇ ਮੁੜ ਜਾਂਦੇ ਰਹੇ। ਉਹ ਚਾਹੁੰਦਾ ਸੀ ਕੋਈ ਅਜਿਹਾ ਮਹਿਰਮ ਮਿਲੇ ਜਿਹਦੇ ਨਾਲ ਇਹ ਦੁੱਖ ਸਾਂਝਾ ਕਰੇ। ਕਿਸੇ ਦੇ ਗਲ ਲੱਗ ਕੇ ਰੋਏ ਪਰ ਅਜਿਹਾ ਕੋਈ ਮਿਲਿਆ ਨਹੀਂ ਸੀ। ਅਖ਼ੀਰ ਕੰਧ 'ਤੇ ਨਜ਼ਰੀਂਦੇ ਆਪਣੇ ਹੀ ਪਰਛਾਵੇਂ ਨੂੰ

ਦੂਜਾ ਜੀਅ ਮੰਨ ਕੇ ਉਸ ਨਾਲ ਇਹ ਦੁੱਖ ਸਾਂਝਾ ਕਰ ਲਿਆ ਤੇ ਕੰਧ ਨਾਲ ਸਿਰ ਟਿਕਾ ਕੇ ਉਦੋਂ ਤੀਕ ਰੋਂਦਾ ਰਿਹਾ ਜਦ ਤੀਕ ਦਿਲ ਦਾ ਬੋਝ ਹੌਲਾ ਨਹੀਂ ਹੋ ਗਿਆ। ਇਸ ਤੋਂ ਸਿਵਾ ਹੋਰ ਚਾਰ ਵੀ ਕੀ ਸੀ ? ਇਥੇ ਪਰਦੇਸ ਵਿਚ ਇਸ ਆਪਣੇ-ਆਪ ਤੋਂ ਸਿਵਾ ਹੋਰ ਕੋਈ ਆਪਣਾ ਹੈ ਵੀ ਕਿਹੜਾ ਸੀ ? ਇਕਲਾਪੇ ਦੇ ਇਸ ਅਹਿਸਾਸ ਨੇ ਬਾਅਦ ਵਿਚ ਉਹਨੂੰ ਕੈਥੀ ਨਾਲ ਵਿਆਹ ਤੇ ਮਜਬੂਰ ਕੀਤਾ। ਉਹਦਾ ਦਿਲ ਕਹਿੰਦਾ ਸੀ ਦੁੱਖ-ਸੁੱਖ ਦਾ ਸ਼ਰੀਕ ਇਥੇ ਕੋਈ ਇਕ ਤਾਂ ਆਪਣਾ ਹੋਵੇ।

ਸੋਗ ਦੇ ਦਿਨਾਂ ਵਿਚ ਆਪਣੇ ਪਿਉ ਨੂੰ ਯਾਦ ਕਰਦਿਆਂ ਅਖ਼ਤਰ ਨੇ ਉਹ ਦਿਨ ਯਾਦ ਕੀਤੇ ਜਦੋਂ ਉਹ ਅਜੇ ਦਸਾਂ ਸਾਲਾਂ ਦਾ ਸੀ ਤੇ ਉਹਦੇ ਪੈਰ 'ਤੇ ਕੋਈ ਸੱਪ ਨੂੰਹਾਂ ਲੜ ਗਿਆ। ਜ਼ਖ਼ਮ ਹੋ ਜਾਣ ਵਜੋਂ ਉਹ ਕਈ ਮਹੀਨੇ ਟੁਰ ਫਿਰ ਨਾ ਸਕਿਆ। ਉਦੋਂ ਉਹਦਾ ਪਿਉ ਉਹਨੂੰ ਕੰਧਾਲੇ ਬਿਠਾ ਕੇ ਇਲਾਕੇ ਦੇ ਮਾਂਦਰੀ ਕੋਲ ਮਰ੍ਹਮ ਪੱਟੀ ਕਰਾਉਣ ਪੈਦਲ ਲੈ ਜਾਂਦਾ ਰਿਹਾ ਸੀ। ਉਨ੍ਹਾਂ ਕੋਲ ਉਦੋਂ ਕੋਈ ਸਵਾਰੀ ਨਹੀਂ ਸੀ ਹੁੰਦੀ।

'ਨੂਰੇ ਕਿਆ ਤੋਂ ਸਾਈਕਲ ਮੰਗ ਲਿਜਾਇਆ ਕਰ, ਪੰਧ ਲੰਮੇਰਾ ਏ ਤੇ ਜਾਤਕ ਜਵਾਨ।' ਇਕ ਦਿਨ ਤਾਏ ਰਹਮੇ ਨੇ ਵਰ੍ਹਦੇ ਮੀਂਹ ਰੋਹੀ ਵਿਚੋਂ ਲੰਘਦੇ ਜਾਂਦੇ ਉਸ ਦੇ ਪਿਉ ਨੂੰ ਆਖਿਆ।

'ਭਲਾ ਔਲਾਦ ਦਾ ਵੀ ਕੋਈ ਭਾਰ ਹੁੰਦਾ ਏ ਰਹਮਿਆ।' ਖੋਭੇ ਵਿਚੋਂ ਪੈਰ ਪੁੱਟਦੇ ਪਿਉ ਨੇ ਹਫ਼ੀ ਹੋਈ ਆਵਾਜ਼ ਵਿਚ ਅੱਗੋਂ ਕਿਹਾ ਸੀ।

ਪਿਉ ਉਹਦੇ ਨੂੰ ਸ਼ਰੀਕਾਂ ਕੋਲੋਂ ਸਾਈਕਲ ਮੰਗਣਾ ਚੰਗਾ ਨਹੀਂ ਸੀ ਲੱਗਦਾ। ਬਚਪਨ ਤੋਂ ਅਚੇਤ ਵਿਚ ਪਿਆ ਇਹ ਵਾਕਿਆ ਈ ਸੀ ਜਿਸ ਨੇ ਉਹਨੂੰ ਜਵਾਨ ਹੋਇਆਂ ਇੰਗਲੈਂਡ ਆਉਣ ਲਈ ਪ੍ਰੇਰਿਆ ਸੀ। ਆਪਣੇ ਖਾਨਦਾਨ ਦੇ ਚੰਗੇ ਭਵਿੱਖ ਦੀ ਆਸ ਵਿਚ।

ਲੰਡਨ ਆ ਕੇ ਜਦੋਂ ਉਸ ਕੁਝ ਚਿਰ ਬਾਅਦ ਕਾਰ ਮੁੱਲ ਲੈਣ ਲਈ ਆਪਣੇ ਭਰਾ ਨੂੰ ਪੈਸੇ ਘਲਾਏ ਸਨ ਤਾਂ ਉਹਦੇ ਸਾਹਮਣੇ ਘਰ ਲਈ ਸਵਾਰੀ ਲਈ ਲੋੜ ਨਹੀਂ ਸਗੋਂ ਪਿਉ ਆਪਣੇ ਦੀ ਅਣਖ ਸੀ। ਉਹ ਆਪਣੇ ਪਿਉ ਨੂੰ ਕਾਰ ਵਿਚ ਬੈਠੇ ਹੋਏ ਖ਼ਿਆਲ ਕਰਦਾ ਤੇ ਉਹਦਾ ਮਨ ਖ਼ੁਸ਼ੀ ਨਾਲ ਭਰ ਜਾਂਦਾ। ਬਾਅਦ ਵਿਚ ਇਹ ਹਿਰਖ ਉਸ ਖ਼ੁਸ਼ੀ ਨਾਲੋਂ ਵੱਧ ਗਿਆ ਪਈ ਉਹ ਆਪ ਪਿਉ ਦੇ ਮੋਢੇ ਚੜ੍ਹੀ ਫਿਰਿਆ, ਪਰ ਅਖ਼ੀਰ ਸਮੇਂ ਉਸ ਦੇ ਜਨਾਜ਼ੇ ਨੂੰ ਆਪਣਾ ਮੋਢਾ ਨਾ ਦੇ ਸਕਿਆ।

ਕੈਥਰੀਨ ਨਾਲ ਵਿਆਹ ਕਰਦੇ ਸਮੇਂ ਅਖ਼ਤਰ ਦਾ ਖ਼ਿਆਲ ਸੀ ਕਿ ਇਕਲਾਪਾ ਘੱਟ ਜਾਏਗਾ। ਉਹ ਗੋਰੀ ਮੇਮ ਤਿੰਨ ਕਮਰਿਆਂ ਦੇ ਇਕ ਫਲੈਟ ਵਿਚ ਉਹਦੇ ਨਾਲ ਈ ਰਹਿਣ ਲੱਗ ਪਈ ਸੀ। ਬੱਚੇ ਹੋਣ ਤੋਂ ਪਹਿਲਾਂ ਤੀਕ ਇਹ ਸਾਥ ਅਖ਼ਤਰ ਨੂੰ ਸੋਸ਼ਲ ਕੰਟਰੈਕਟ ਜਿਹਾ ਮਹਿਸੂਸ ਹੁੰਦਾ ਰਿਹਾ। ਇਹ ਵਿਆਹ ਰੀਤਲ ਸਾਂਝ ਦੀ ਬਜਾਏ ਉਸ ਨੂੰ ਕੋਈ ਸਮਾਜੀ ਬਾਂਧ ਜਿਹੀ ਜਾਪਦਾ। ਸ਼ਾਇਦ ਇਸ ਲਈ ਵੀ ਕਿ ਉਹ ਰੀਤਾਂ ਰਸਮਾਂ ਤੋਂ ਬਗ਼ੈਰ ਈ ਰਚਾਇਆ ਗਿਆ ਸੀ। ਵਿਆਹ ਇਕ ਨਿੱਜੀ ਕੰਮ ਹੁੰਦੇ ਹੋਏ ਵੀ ਤਾਂ ਸਰਾਸਰ ਸਮਾਜੀ ਅਮਲ ਹੁੰਦਾ ਏ। ਮਰਿਆਦਾ ਦੇ ਫੁੱਲ ਚੁਣਨ ਵਾਲਾ ਅਮਲ। ਨਿਕਾਹ ਦੋ ਜਿਸਮਾਂ ਦੇ ਮੇਲ ਦ ਇਜਾਜ਼ਤਨਾਮਾ ਈ ਨਹੀਂ ਹੁੰਦਾ ਸਗੋਂ ਇਕ ਗੂੜ੍ਹੇ ਸਾਂਗੇ ਦਾ ਮੁੱਢ ਵੀ ਹੁੰਦਾ ਏ, ਜੀਹਨੇ ਆਪ ਅੱਗੋਂ ਕਈ ਰਿਸ਼ਤਿਆਂ ਨੂੰ ਜਨਮ ਦੇਣਾ ਹੁੰਦਾ ਏ। ਇਥੇ ਲੰਡਨ ਵਿਚ ਜਠਾਣੀ, ਨੂੰਹ, ਨਨਾਣ, ਭਰਜਾਈ



ਵਰਗੇ ਇਹ ਸਾਰੇ ਈ ਰਿਸ਼ਤੇ ਨਾਪੈਦ ਸਨ। ਸ਼ਾਇਦ ਇਸ ਲਈ ਵੀ ਅਖ਼ਤਰ ਬਾਅਜ਼ ਵੇਲੇ ਕੈਥੀ ਤੋਂ ਆਨੰਦ ਨਹੀਂ ਸਗੋਂ ਅਚਵੀ ਜਹੀ ਮਹਿਸੂਸ ਕਰਦਾ। ਕੈਥਰੀਨ ਕਈ ਵਾਰ ਉਹਨੂੰ ਆਪਣੀ ਬੀਵੀ ਨਹੀਂ ਬੇਤੁਅੱਲਕ ਔਰਤ ਮਾਲੂਮ ਹੁੰਦੀ। ਉਹਨੇ ਕੈਥਰੀਨ ਨੂੰ ਕਲਸੂਮ ਕਹਿਣਾ ਸ਼ੁਰੂ ਕੀਤਾ ਤਾਂ ਉਹਦੇ ਦੋਸਤ ਰਾਜੂ ਨੇ ਕਿਹਾ, 'ਤੇਰਾ ਆਪਣੀ ਤੀਵੀਂ ਨੂੰ ਦੇਸੀ ਨਾਂ ਤੋਂ ਬੁਲਾਉਣਾ ਆਪਣੇ ਵੱਲੋਂ ਬੇਤੁਅਲਕੀ ਨੂੰ ਮਜਬੂਤ ਰਿਸ਼ਤੇ ਵਿਚ ਬਦਲਣ ਦੀ ਲਾਸ਼ਊਰੀ ਕੋਸ਼ਿਸ਼ ਏ।' ਇਹ ਇੰਕਸ਼ਾਫ਼ ਅਖ਼ਤਰ ਲਈ ਅਜੀਬ ਸੀ। ਫਿਰ ਬੱਚੇ ਹੋ ਗਏ ਤਾਂ ਇਹ ਬੇਤੁਅਲਕੀ ਘੱਟ ਹੋ ਗਈ। ਕੈਥੀ ਬੀਵੀ ਤੋਂ ਸਿਵਾ ਹੁਣ ਉਹਦੇ ਬਾਲਾਂ ਦੀ ਮਾਂ ਵੀ ਸੀ। ਇਹ ਇਕ ਰਿਸ਼ਤਾ ਵਧ ਗਿਆ, ਪਰ ਅਖ਼ਤਰ ਦਾ ਇਕਲਾਪਾ ਨਾ ਘਟਿਆ।

ਬਾਲਾਂ ਬਾਰੇ ਵੀ ਬਾਅਜ਼ ਵੇਲੇ ਉਹ ਮਹਿਸੂਸ ਕਰਦਾ ਜਿਵੇਂ ਇਨ੍ਹਾਂ ਗ਼ਲਤ ਥਾਂ ਜਨਮ ਲੈ ਲਿਆ ਏ। ਕੋਇਲ ਦੇ ਬੱਚੇ ਕਾਂ ਦੇ ਆਲ੍ਹਣੇ ਵਿਚ ਹੋ ਪੈਣ ਵਾਂਗੂੰ। ਉਹ ਪਿੰਕੀ, ਮਾਣੀ ਤੇ ਬੌਬੀ ਬਾਰੇ ਸੋਚਦਾ ਕਦੇ ਇਹ ਬੱਚੇ ਉਹਦੀ ਫੁੱਫੀ ਦੀ ਧੀ ਵਿਚੋਂ ਜਨਮੇ ਹੁੰਦੇ, ਜਿਹੜੀ ਉਹਦੀ ਮੰਗੇਤਰ ਵੀ ਰਹੀ ਸੀ ਪਰ ਉਹਦੇ ਵਲਾਇਤ ਤੋਂ ਨਾ ਮੁੜਨ ਵਜੋਂ ਆਪਣੇ ਮਾਸੀ ਦੇ ਪੁੱਤਰ ਨਾਲ ਵਿਆਹੀ ਗਈ ਸੀ।

ਲੰਡਨ ਵਿਚ ਜਦੋਂ ਉਹਦਾ ਜੀਅ ਉਦਾਸ ਹੁੰਦਾ ਏ, ਉਹ ਇਕ ਪੁਰਾਣਾ ਐਲਬਮ ਕੱਢ ਕੇ ਬੈਠ ਜਾਂਦਾ ਏ, ਜਿਹਦੇ ਵਿਚ ਖਾਨਦਾਨ ਦੇ ਸਾਰੇ ਲੋਕਾਂ ਦੀਆਂ ਤਸਵੀਰਾਂ ਮੌਜੂਦ ਨੇ। ਐਲਬਮ ਵਿਚੋਂ ਬਾਅਦ ਵਿਚ ਕੁਝ ਤਸਵੀਰਾਂ ਉਸ ਫਰੇਮ ਕਰਵਾ ਕੇ ਡਰਾਇੰਗ ਰੂਮ ਦੀ ਕੰਧ ਉੱਤੇ ਵੀ ਟੰਗ ਦਿੱਤੀਆਂ ਸਨ। ਇਨ੍ਹਾਂ ਤਸਵੀਰਾਂ ਦੀ ਮੌਜੂਦਗੀ ਪਾਰੋ ਉਹਦਾ ਡਰਾਇੰਗ ਰੂਮ ਵਿਚ ਵੜਦੇ ਈ ਇਕਲਾਪੇ ਦਾ ਅਹਿਸਾਸ ਘੱਟ ਜਾਂਦਾ ਏ। ਆਪਣੀ ਤੀਵੀਂ ਤੇ ਔਲਾਦ ਨੂੰ ਉਹਨੇ ਐਲਬਮ ਵਿਚ ਮੌਜੂਦ ਸਾਰੀਆਂ ਤਸਵੀਰਾਂ ਨਾਲ ਉਨ੍ਹਾਂ ਦਾ ਬਣਦਾ ਹਰ ਰਿਸ਼ਤਾ ਕਈ ਵਾਰ ਦੱਸਿਆ ਏ ਪਰ ਇਨ੍ਹਾਂ ਅਜਨਬੀ ਤੇ ਦੂਰ ਦੁਰਾਡੀਆਂ ਬੇਜਾਨ ਸ਼ਕਲਾਂ ਨਾਲ ਕੋਈ ਸਾਕ ਕਿਉਂ ਤੇ ਕਿਵੇਂ ਨਿਭਾਇਆ ਜਾ ਸਕਦਾ ਏ, ਉਹ ਨਹੀਂ ਜਾਣਦੇ। ਉਹਦੀ ਕੋਸ਼ਿਸ਼ ਦੇ ਬਾਵਜੂਦ ਉਹਦੇ ਬੀਵੀ ਬੱਚੇ ਕਿਸੇ ਵੀ ਤਰ੍ਹਾਂ ਦੀ ਕੋਈ ਵੀ ਜੜ੍ਹਤ ਜਾਂ ਸਾਕਾਦਾਰੀ ਇਨ੍ਹਾਂ ਤਸਵੀਰਾਂ ਵਿਚਲੇ ਲੋਕਾਂ ਨਾਲ ਜ਼ਾਹਰ ਨਹੀਂ ਕਰ ਸਕੇ। ਉਹ ਤੇ ਸਿਰਫ਼ ਉਹਦੇ ਨਾਲ ਪਿਆਰ ਕਰਦੇ ਨੇ ਤੇ ਉਹਦੀ ਜ਼ਾਤ ਤੋਂ ਸਿਵਾ ਕਿਸੇ ਹੋਰ ਰਿਸ਼ਤੇ ਤੋਂ ਉਹ ਜਾਣੂ ਈ ਨਹੀਂ। ਅਖ਼ਤਰ ਆਪਣੀ ਤੀਵੀਂ ਕੈਥਰੀਨ ਤੇ ਬਾਲਾਂ ਨੂੰ ਡਰਾਇੰਗ ਰੂਮ ਵਿਚ ਟੰਗੀਆਂ ਤਸਵੀਰਾਂ ਦਾ ਮਜ਼ਾਕ ਉਡਾਂਦੇ ਕਈ ਵਾਰ ਵੇਖ ਚੁੱਕਿਆ ਏ। ਇਹ ਮਜ਼ਾਕ ਤਸਵੀਰਾਂ ਦਾ ਨਹੀਂ, ਸਗੋਂ ਉਹਦੇ ਪੁਰਖਿਆਂ ਦਾ ਏ, ਇਹ ਉਹ ਜਾਣਦਾ ਏ। ਸ਼ਾਇਦ ਇਸ ਮਜ਼ਾਕ ਦਾ ਸਬੱਬ ਬਣ ਰਹੀ ਬੇਤੁਅਲਕੀ ਨੇ ਮਿੱਟੀ ਤੇ ਮਰਿਆਦਾ ਦੇ ਓਬੜਪਣ ਤੋਂ ਜਨਮ ਲਿਆ ਏ।

ਔਲਾਦ ਤੇ ਤੀਵੀਂ ਨੂੰ ਉਹ ਇਕ ਵਾਰ ਪੰਜਾਬ ਵੀ ਲੈ ਕੇ ਗਿਆ ਸੀ। ਆਪਣੇ ਵੱਲੋਂ ਬੇਗਾਨਗੀ ਦੀਆਂ ਹੱਦਾਂ ਖ਼ਤਮ ਕਰ ਦੇਣ ਦੀ ਇਹ ਉਹਦੀ ਨਾਕਾਮ ਕੋਸ਼ਿਸ਼ ਸੀ। ਲੰਦਨ ਤੋਂ ਲਾਹੌਰ ਵਿਚਲੀ ਵਿੱਥ ਤਾਂ ਉਸ ਪੂਰ ਦਿੱਤੀ ਸੀ ਪਰ ਦੋ ਪੀੜ੍ਹੀਆਂ ਵਿਚ ਮੌਜੂਦ ਵੇਲੇ ਦਾ ਖੱਪਾ ਉਹ ਕਿਵੇਂ ਪੂਰਦਾ ? ਉਹ ਖਾਨਦਾਨ ਦੇ ਜੀਊਂਦੇ ਲੋਕਾਂ ਨਾਲ ਹੀ ਆਪਣੀ ਤੀਵੀਂ ਤੇ ਅਜੇ ਛੋਟੀ ਉਮਰ ਦੀ ਔਲਾਦ ਦਾ ਮੇਲ ਕਰਵਾ ਸਕਿਆ ਸੀ। ਮਰ ਚੁੱਕੇ ਲੋਕ ਅਣਜਾਣ ਹੀ ਰਹਿ ਗਏ ਸਨ। ਜੀਊਂਦਿਆਂ ਦਾ ਮੁਰਦਿਆਂ ਨਾਲ ਕੀ ਰਿਸ਼ਤਾ ਹੁੰਦਾ ਏ, ਬਾਲ ਨਹੀਂ

ਜਾਣਦੇ ਹੁੰਦੇ। ਇਸ ਲਈ ਡਰਾਇੰਗ ਰੂਮ ਵਿਚ ਟੰਗੀਆਂ ਤਸਵੀਰਾਂ ਵਾਪਸ ਆ ਕੇ ਵੀ ਉਨ੍ਹਾਂ ਲਈ ਓਬੜ ਈ ਸਨ। ਬਾਅਦ ਵਿਚ ਅਖ਼ਤਰ ਨੇ ਇਸ ਜਮਾਂਦਰੂ ਓਬੜਪਣ ਤੇ ਬੇਤੁਅਲਕੀ ਨੂੰ ਔਲਾਦ ਦਾ ਤੇ ਆਪਣਾ ਮੁਕੱਦਰ ਮੰਨ ਕੇ ਕਬੂਲ ਕਰ ਲਿਆ ਸੀ।

ਇਕਲਾਪੇ ਦੇ ਇਨ੍ਹਾਂ ਈ ਦਿਨਾਂ ਵਿਚ ਉਹਦੀ ਰਾਜੂ ਨਾਲ ਵਾਕਫ਼ੀ ਹੋਈ। ਅਖ਼ਤਰ ਜਿਹੜੀ ਵਰਕਸ਼ਾਪ 'ਤੇ ਕੰਮ ਕਰਦਾ ਸੀ, ਰਾਜੂ ਉਥੇ ਟੈਕਸੀ ਠੀਕ ਕਰਾਉਣ ਆਇਆ ਸੀ। ਰਾਜੂ ਵੀ ਉਹਦੇ ਵਾਂਗ ਉਖੜਿਆ ਹੋਇਆ ਤੇ ਇਕਲਾਪੇ ਦਾ ਰੋਗੀ ਬੰਦਾ ਸੀ। ਪਹਿਲੀ ਈ ਮੁਲਾਕਾਤ ਵਿਚ ਉਹ ਯਾਰ ਬਣ ਗਏ। ਰਾਜੂ ਇਥੇ ਲੰਡਨ ਵਿਚ ਟੈਕਸੀ ਡਰਾਈਵਰ ਸੀ।

'ਯਾਰਾ ਸਾਰਾ ਦਿਨ ਅੰਗਰੇਜ਼ੀ ਬੋਲ ਬੋਲ ਕੇ ਮੂੰਹ ਥੱਕ ਜਾਂਦਾ ਏ, ਆਪਣੀ ਬੋਲੀ ਤਾਂ ਸਾਲੇ ਅੰਗਰੇਜ਼ਾਂ ਨੂੰ ਗਾਲ੍ਹ ਕੱਢਣ ਦੇ ਈ ਕੰਮ ਆਉਂਦੀ ਏ, ਇਥੇ ਤਾਂ ਆਪਣੀ ਬੋਲੀ ਸੁਣਨ ਨੂੰ ਵੀ ਸਹਿਕ ਜਾਈਦਾ ਏ।' ਰਾਜੂ ਨੂੰ ਚਿਰਾਂ ਬਾਅਦ ਕੋਈ ਆਪਣੀ ਬੋਲੀ ਬੋਲਣ ਵਾਲਾ ਬੰਦਾ ਮਿਲਿਆ ਸੀ।

ਆਪਣੀ ਬੋਲੀ ਸੁਣਨ ਬੋਲਣ ਵਾਲੇ ਜਿਹੜੇ ਲੋਕ ਇਥੇ ਹੈ ਵੀ ਨੇ ਉਨ੍ਹਾਂ ਕੋਲ ਮਿਲ ਬੈਠਣ ਲਈ ਵਿਹਲ ਨਹੀਂ ਹੁੰਦਾ ਵੇਲੇ ਦਾ ਵਹਿਣ ਇਥੇ ਬਹੁਤ ਤੇਜ਼ ਏ। ਜਿਹੜੀਆਂ ਦੋ ਘੜੀਆਂ ਕਿਸੇ ਕੋਲ ਬੈਠਣਾ ਏ ਐਨੇ ਚਿਰ 'ਚ ਪੌਂਡ ਕਮਾਏ ਜਾ ਸਕਦੇ ਨੇ। ਪਰਦੇਸ ਵਿਚ ਅਕਸਰ ਈ ਇਹੀ ਸੋਚ ਹੁੰਦੀ ਏ। ਹਾਂ ਯਾਰ, ਆਪਣੀ ਬੋਲੀਓਂ ਵਾਂਝੇ ਹੋ ਜਾਣਾ ਬੜਾ ਦੁਖਦਾਈ ਹੁੰਦਾ ਏ।' ਅਖ਼ਤਰ ਨੇ ਹਉਕੇ ਵਰਗਾ ਲੰਮਾ ਸਾਹ ਲੈਂਦਿਆਂ ਰਾਜੂ ਨੂੰ ਕਿਹਾ ਤੇ ਫਿਰ ਵੰਡ ਤੋਂ ਬਾਅਦ ਲਾਹੌਰ ਵਿਚ ਰਹਿ ਗਏ ਇਕ ਗੋਰੇ ਸਾਈਮਨ ਦਾ ਕਿੱਸਾ ਉਹਨੂੰ ਸੁਣਾਉਣ ਲੱਗਾ।

ਉਹਦਾ ਅਸਲ ਨਾਂ ਸਾਈਮਨ ਸੀ। ਪਰ ਬਾਲ ਉਹਨੂੰ ਸਾਈਂ ਮੰਨਾ ਕਹਿੰਦੇ ਸਨ। ਖਿੱਲਰੀ ਹੋਈ ਦਾੜ੍ਹੀ ਤੇ ਵਧੇ ਹੋਏ ਵਾਲਾਂ ਵਾਲਾ ਉਹ ਇਕ ਬੁੱਢਾ ਅੰਗਰੇਜ਼ ਸੀ। ਸ਼ੁਦਾ ਪਾਰੋਂ ਇਹ ਨਾਂ ਉਹਨੂੰ ਅਜਿਹਾ ਜਚਿਆ ਕਿ ਲੋਕਾਂ ਨੂੰ ਵੀ ਫਿਰ ਸਾਈਂ ਮੰਨਾ ਈ ਯਾਦ ਰਿਹਾ। ਵੰਡ ਤੋਂ ਪਿੱਛੋਂ ਇਕੱਲਾ ਰਹਿ ਗਿਆ ਸਾਈਮਨ ਰੁੱਖਾਂ ਨਾਲ ਅੰਗਰੇਜ਼ੀ ਬੋਲਦਾ ਰਹਿੰਦਾ। ਉਹ ਕਿਸੇ ਇਕ ਰੁੱਖ ਅੱਗੇ ਜਾ ਖੜ੍ਹਦਾ ਤੇ ਉਹਦੇ ਨਾਲ ਗੱਲਾਂ ਕਰਨ ਲੱਗ ਪੈਂਦਾ। ਕਦੇ ਧੀਮੀ ਆਵਾਜ਼ ਵਿਚ ਜਿਵੇਂ ਸਰਗੋਸ਼ੀਆਂ ਕਰ ਰਿਹਾ ਹੋਵੇ। ਕਦੇ ਬਹੁਤ ਉੱਚੀ ਬੋਲਦਾ ਜਿਵੇਂ ਸਾਹਮਣੇ ਕੋਈ ਡੌਰਾ ਏ। ਉਹਨੂੰ ਖ਼ਬਰ ਨਹੀਂ ਸੀ ਕਿ ਰੁੱਖ ਡੌਰੇ ਈ ਨਹੀਂ ਹੁੰਦੇ ਗੂੰਗੇ ਵੀ ਹੁੰਦੇ ਨੇ। ਜਦੋਂ ਉਹਨੂੰ ਅੱਗੋਂ ਹੁੰਗਾਰਾ ਨਾ ਮਿਲਦਾ ਤਾਂ ਉਹ ਰੁੱਖਾਂ ਦੇ ਗਲ ਲੱਗ ਕੇ ਰੋਣ ਲੱਗ ਪੈਂਦਾ ਸੀ। ਰੁੱਖ ਨਾ ਸੁਣਦੇ ਸਨ, ਨਾ ਬੋਲਦੇ ਸਨ ਤੇ ਲੋਕ ਸੁਣਦੇ ਸੀ ਪਰ ਬੋਲਦੇ ਨਹੀਂ ਸਨ। ਆਮ ਲੋਕਾਂ ਨੂੰ ਸਾਈਮਨ ਦੀ ਬੋਲੀ ਸਮਝ ਨਹੀਂ ਸੀ ਆਉਂਦੀ, ਜਿਨ੍ਹਾਂ ਨੂੰ ਉਹਦੀ ਬੋਲੀ ਆਉਂਦੀ ਸੀ ਉਨ੍ਹਾਂ ਨੂੰ ਸਾਈਮਨ ਕੋਲ ਬੈਠ ਕੇ ਉਹਦੀ ਬੋਲੀ ਵਿਚ ਗੱਲਾਂ ਕਰਨ ਦਾ ਵਿਹਲ ਨਹੀਂ ਸੀ।

ਰੁੱਖਾਂ ਨਾਲ ਗੱਲਾਂ ਕਰਨ ਤੇ ਉਨ੍ਹਾਂ ਨੂੰ ਜੱਫੀ ਪਾ ਕੇ ਰੋਵਣ ਵਜੋਂ ਸਾਈਮਨ ਨੂੰ ਪਾਗਲਖਾਨੇ ਦਾਖ਼ਲ ਕਰਾ ਦਿੱਤਾ ਗਿਆ। ਉਹਦਾ ਇਲਾਜ ਉਹਨੂੰ ਪਾਗਲਖਾਨੇ ਦੇ ਲੱਗਣ ਵਾਲੇ ਟੀਕੇ ਨਹੀਂ ਸਗੋਂ ਉਹਦੇ ਨਾਲ ਬੋਲੇ ਦੋ ਮਿੱਠੇ ਬੋਲ ਸਨ। ਇਹ ਸੁਰਤ ਕਿਸੇ ਨੂੰ ਨਾ ਆਈ। ਪਾਗਲਖਾਨੇ ਵਿਚ ਉਹਦਾ ਤਮਾਸ਼ਾ ਲੱਗਣ ਲੱਗ ਪਿਆ। ਪਾਗਲ ਇਕੱਠੇ ਹੋ ਕੇ



ਸਾਈਮਨ ਨੂੰ ਘੇਰਾ ਪਾ ਲੈਂਦੇ ਤੇ ਉਹਨੂੰ ਛੇੜਦੇ। ਉਹ ਅੰਗਰੇਜ਼ੀ ਵਿਚ ਗਾਲ੍ਹਾਂ ਕੱਢਦਾ, ਪਾਗਲ ਹੋਰ ਛੇੜਦੇ। ਸਾਈਮਨ ਚੀਕਦਾ ਤੇ ਆਪਣਾ ਸਿਰ ਪਿੱਟ ਲੈਂਦਾ। ਇਹ ਵੇਖਦੇ ਹੋਏ ਦੁਆਲੇ ਖੜੇ ਪਾਗਲ ਤਾੜੀਆਂ ਮਾਰਦੇ, ਉੱਚੀ-ਉੱਚੀ ਹੱਸਦੇ। ਕਦੀ ਸਾਈਮਨ ਇਕਦਮ ਆਕੜ ਕੇ ਖੜਾ ਹੋ ਜਾਂਦਾ ਤੇ ਪਾਗਲਾਂ ਨੂੰ ਹੁਕਮ ਚਲਾਉਣ ਲੱਗ ਪੈਂਦਾ। ਪਾਗਲ ਉਹਨੂੰ ਸਲੂਟ ਕਰਨ ਦੀ ਬਜਾਏ 'ਏਥੇ ਵੱਜ' ਕਿਸਮ ਦੇ ਇਸ਼ਾਰੇ ਕਰਦੇ ਤਾਂ ਉਹ ਭੋਏਂ 'ਤੇ ਬੈਠ ਕੇ ਸਿਰ ਗੋਡਿਆਂ ਵਿਚ ਲੈ ਲੈਂਦਾ ਤੇ ਫਿਰ ਰੋਣ ਲੱਗ ਪੈਂਦਾ। ਇਹ ਤਮਾਸ਼ਾ ਆਪਣੇ ਪਾਗਲ ਰਿਸ਼ਤੇਦਾਰਾਂ ਦੀ ਖ਼ਬਰ ਲੈਣ ਆਏ ਸਿਆਣੇ-ਬਿਆਣੇ ਲੋਕ ਵੀ ਬੜੇ ਸ਼ੌਕ ਨਾਲ ਵੇਖਦੇ।

ਸਾਈਮਨ ਜੇ ਪਾਗਲ ਨਹੀਂ ਵੀ ਸੀ ਤਾਂ ਹੁਣ ਪਾਗਲ ਹੋ ਗਿਆ ਸੀ।

'ਦੂਜੇ ਗੋਰਿਆਂ ਵਾਂਗੂੰ ਉਹ ਆਪਣੇ ਦੇਸ਼ ਕਿਉਂ ਨਾ ਪਰਤ ਗਿਆ?' ਰਾਜੂ ਨੇ ਪੁੱਛਿਆ ਤਾਂ ਅਖ਼ਤਰ ਨੇ ਦੱਸਿਆ, 'ਸੰਤਾਲੀ ਤੋਂ ਮਗਰੋਂ ਜਦ ਅੰਗਰੇਜ਼ ਹਿੰਦ ਪਾਕਿ ਵਿਚੋਂ ਜਾ ਰਹੇ ਸਨ, ਸਾਈਮਨ ਨੂੰ ਵੀ ਉਨ੍ਹਾਂ ਨਾਲ ਲੈ ਜਾਣਾ ਚਾਹਿਆ, ਪਰ ਉਸ ਇਨਕਾਰ ਕਰ ਦਿੱਤਾ ਸੀ। ਸਾਈਮਨ ਕਹਿੰਦਾ ਸੀ—ਲਾਹੌਰ ਦੇ ਗੋਰਾ ਕਬਰਸਤਾਨ ਵਿਚ ਉਹਦੀ ਸਵਾਣੀ ਡਾਇਨਾ ਤੇ ਦੋ ਬਾਲ ਅਲੈਜ਼ਬਥ ਤੇ ਬੈਂਜਾਮਨ ਦਫ਼ਨ ਨੇ। ਉਹ ਇਥੋਂ ਨਹੀਂ ਜਾਏਗਾ। ਇਹ ਮਿੱਟੀ ਤੇ ਮਾਸ ਦਾ ਵੀ ਅਜੀਬ ਰਿਸ਼ਤਾ ਏ। ਜਿਥੇ ਤੁਹਾਡਾ ਨਾੜੂ ਦੱਬਿਆ ਹੋਵੇ, ਉਹ ਭੂਮੀ ਤੁਹਾਨੂੰ ਆਪਣੇ ਜੁੱਸੇ ਦਾ ਅੰਗ ਜਾਪਦੀ ਏ ਤੇ ਜਿਥੇ ਤੁਹਾਡੇ ਪਿਆਰਿਆਂ ਦੇ ਜੁੱਸੇ ਦੱਬੇ ਹੋਵਣ, ਉਹ ਖ਼ਾਕ ਭੋਏਂ ਤੇ ਧਰਤੀ ਕਲਬੂਤ ਤੋਂ ਵੀ ਅੱਗੇ ਰੂਹ ਦਾ ਕੋਈ ਹਿੱਸਾ ਮਾਲੂਮ ਹੁੰਦੀ ਏ। ਬੰਦੇ ਦਾ ਜ਼ਮੀਰ ਮਿੱਟੀ ਵਿਚੋਂ ਏਂ ਤੇ ਰੂਹ ਜ਼ਮੀਰ ਦਾ ਈ ਦੂਜਾ ਨਾਂ ਏ। ਪਰ ਥਾਉਂ ਥਾਂ ਫਿਰਨ ਵਾਲਿਆਂ ਦੇ ਮਨ ਵਿਚੋਂ ਮਿੱਟੀ ਦਾ ਮੋਹ ਕਦੇ ਮਰ ਵੀ ਜਾਂਦਾ ਏ, ਕਿਉਂਕਿ ਉਨ੍ਹਾਂ ਨੂੰ ਧਰਤੀ ਨਹੀਂ, ਧਨ ਪਿਆਰਾ ਹੋ ਜਾਂਦਾ ਏ। ਇਹ ਆਖ਼ਰੀ ਗੱਲ ਕਰਦੇ ਹੋਏ ਅਖ਼ਤਰ ਦੇ ਸਾਹਵੇਂ ਸਾਈਮਨ ਨਹੀਂ ਸਗੋਂ ਇਥੇ ਲੰਦਨ ਵਿਚ ਈ ਵਸਦਾ ਆਪਣਾ ਇਕ ਦੋਸਤ ਮਨਸ਼ਾ ਸੀ।

'ਲੈ ਭਈ, ਯਾਦ ਰੱਖੀਂ ਜੇ ਮੈਂ ਇਥੇ ਮਰ ਗਿਆ ਤਾਂ ਮੇਰੀ ਲਾਸ਼ ਪਿੱਛੇ ਪਹੁੰਚਾ ਦੇਵੀਂ।' ਰਾਜੂ ਨੇ ਅਖ਼ਤਰ ਨੂੰ ਵਸੀਅਤ ਕੀਤੀ।

ਅਖ਼ਤਰ ਨੇ ਰਾਜੂ ਦੇ ਚਿਹਰੇ ਵੱਲ ਦੇਖਿਆ। ਉਥੇ ਬੁੱਲ੍ਹਾਂ 'ਤੇ ਮੁਸਕੜੀ ਹੋਣ ਦੇ ਬਾਵਜੂਦ ਅੱਖੀਆਂ ਵਿਚ ਗੂੜ੍ਹੀ ਉਦਾਸੀ ਸੀ।

ਵਿਆਹ ਤੋਂ ਬਾਅਦ ਕੁਝ ਚਿਰ ਲਈ ਪੰਜਾਬ ਜਾਂਦੇ ਹੋਏ ਅਖ਼ਤਰ ਨੇ ਕੈਥੀ ਨੂੰ ਵੀ ਨਾਲ ਲੈ ਜਾਣਾ ਚਾਹਿਆ ਪਰ ਪੈਰ ਭਾਰਾ ਹੋਣ ਪਾਰੋਂ ਡਾਕਟਰ ਨੇ ਕੈਥੀ ਨੂੰ ਇਸ ਸਫ਼ਰ ਤੋਂ ਵਰਜ ਦਿੱਤਾ ਸੀ। ਅਖ਼ਤਰ ਨੇ ਪੰਜਾਬ ਜਾ ਕੇ ਵੇਖਿਆ, ਪਿੰਡ ਵਿਚ ਨਿਆਈਂ ਤੋਂ ਲੈ ਕੇ ਨਹਿਰ ਤਕ ਸਾਰਾ ਰਕਬਾ ਉਨ੍ਹਾਂ ਖਰੀਦ ਲਿਆ ਹੋਇਆ ਸੀ। ਉੱਚਾ ਤੇ ਖ਼ੂਬਸੂਰਤ ਬੰਗਲਾ ਬਣਵਾ ਲਿਆ ਹੋਇਆ ਸੀ। ਘਰ ਵਾਲਿਆਂ ਉਹਨੂੰ ਛੇਤੀ ਈ ਲੰਦਨ ਜਾ ਕੇ ਹੋਰ ਪੈਸੇ ਘੱਲਣ ਦੀ ਗੱਲ ਕੀਤੀ ਤਾਂ ਜੋ ਨਹਿਰ ਤੋਂ ਪਾਰ ਵਾਲਾ ਮੁਰੱਬਾ ਖਰੀਦਿਆ ਜਾ ਸਕੇ। ਪਰ ਪਰਦੇਸ ਵਿਚ ਰਹਿੰਦੇ ਹੋਏ ਆਪਣੀ ਮਿੱਟੀ 'ਤੇ ਲੱਗਦੇ ਲਾਣਿਆਂ ਤੋਂ ਦੂਜੀ ਦਾ ਜੋ ਕਸ਼ਟ ਤੇ ਸੰਤਾਪ ਉਹ ਭੋਗ ਰਿਹਾ ਸੀ, ਉਸ ਬਾਰੇ ਕਿਸੇ ਵੀ ਨਾ ਪੁੱਛਿਆ। ਤਿੰਨ ਮਹੀਨਿਆਂ ਬਾਅਦ ਉਹ ਲੰਦਨ ਮੁੜਿਆ ਤਾਂ ਕੈਥੀ ਨਾਲ ਕਰਨ ਲਈ ਉਸ ਕੋਲ ਖੇਤਾਂ, ਫ਼ਸਲਾਂ, ਰੁੱਤਾਂ ਦੇ ਰੰਗਾਂ

ਤੇ ਅੰਗਾਂ ਸਾਕਾਂ ਬਾਰੇ ਢੇਰ ਸਾਰੀਆਂ ਗੱਲਾਂ ਸਨ, ਪਰ ਕੈਥੀ ਨੇ ਇਨ੍ਹਾਂ ਗੱਲਾਂ ਵਿਚ ਕੋਈ ਵੀ ਦਿਲਚਸਪੀ ਜ਼ਾਹਰ ਨਾ ਕੀਤੀ।

ਦੂਜੀ ਪੰਜਾਬ ਫੇਰੀ ਵੇਲੇ ਉਹ ਕੈਥੀ ਤੇ ਬਾਲਾਂ ਨੂੰ ਵੀ ਨਾਲ ਲੈ ਗਿਆ। ਪਿੰਕੀ ਉਦੋਂ ਸੱਤਾਂ ਵਰ੍ਹਿਆਂ ਦੀ ਸੀ। ਮਾਣੀ ਤੁਰਨ ਦੀ ਜਾਂਚ ਸਿੱਖ ਰਿਹਾ ਸੀ ਤੇ ਬੌਬੀ ਅਜੇ ਗੋਦ ਵਿਚ ਸੀ। ਕੈਥੀ ਤੇ ਬਾਲਾਂ ਨੂੰ ਮਿਲ ਕੇ ਸਾਰੇ ਈ ਖ਼ੁਸ਼ ਹੋਏ ਸਨ। ਪਿੰਕੀ ਬਾਰੇ ਕਿਹਾ ਗਿਆ ਕਿ ਇਹਦੀ ਸ਼ਕਲ ਆਪਣੀ ਫੁੱਫੀ ਨਾਲ ਮਿਲਦੀ ਏ ਤੇ ਬੌਬੀ ਦਾ ਮੁਹਾਂਦਰਾ ਆਪਣੇ ਮਰਨ ਵਾਲੇ ਦਾਦੇ ’ਤੇ ਗਿਆ ਏ। ਹੈਰਾਨੀ ਅਖ਼ਤਰ ਨੂੰ ਉਦੋਂ ਹੋਈ ਜਦੋਂ ਉਹਦੀ ਆਪਣੀ ਫੁੱਫੀ ਜੋ ਬੁੱਢ ਵਡੇਰੀ ਤੇ ਅੰਨ੍ਹੀ ਮੋਰਾਂ ਹੋ ਚੁੱਕੀ ਸੀ, ਨੇ ਮਾਣੀ ਨੂੰ ਗੋਦ ਵਿਚ ਲੈਂਦਿਆਂ ਉਹਦੇ ਚਿਹਰੇ ਨੂੰ ਟੋਹ ਕੇ ਮਾਣੀ ਦੇ ਪੜਦਾਦੇ ਨਾਲ ਇਹਦੀ ਮਸ਼ਾਬਹਤ ਦਾ ਐਲਾਨ ਕਰ ਦਿੱਤਾ। ਮਾਣੀ ਜਿਹਨੂੰ ਵੱਖਰੇ ਸੁਭਾਅ ਦਾ ਹੋਣ ਪਾਰੋਂ ਏਥੇ ਸਾਰੇ ਘਰ ਵਾਲੇ ਕਾਠਾ ਅੰਗਰੇਜ਼ ਆਖਦੇ ਸਨ। ਉਹ ਕਿਸੇ ਦੀ ਝੋਲੀ ਵਿਚ ਘੱਟ ਹੀ ਠਹਿਰਦਾ ਸੀ, ਪਰ ਇਸ ਅੰਨ੍ਹੀ ਮਾਈ ਦੀ ਗੋਦ ਵਿਚ ਸਕੂਨ ਨਾਲ ਖੇਡਦਾ ਰਿਹਾ। ਅਖ਼ਤਰ ਨੇ ਫੁੱਫੀ ਨਾਲ ਇਹ ਗੱਲ ਕੀਤੀ ਤਾਂ ਉਹਨੇ ਕਿਹਾ, ‘ਆਪਣੇ ਲਹੂ ਨੂੰ ਸਿਹਾਣ ਲੈਂਦਾ ਏ।’

ਇਸ ਨੇੜਤਾ ਤੇ ਸਾਂਝ ਵਿਚਲੇ ਭੇਤ ਨੂੰ ਤੇ ਅਖ਼ਤਰ ਨਾ ਜਾਣ ਸਕਿਆ ਪਰ ਪਿਛਲੀ ਪੀੜ੍ਹੀ ਨਾਲ ਮਿਲਦੇ ਇਨ੍ਹਾਂ ਮੁਹਾਂਦਰਿਆਂ ਪਾਰੋਂ ਇਹ ਸਿੱਟਾ ਉਹਨੇ ਜ਼ਰੂਰ ਕੱਢਿਆ ਕਿ ਰਿਸ਼ਤਿਆਂ ਵਿਚ ਫਾਸਲ ਕੋਈ ਨਹੀਂ। ਇਹ ਇਕ ਲਮਕਾਨੀ ਲਾਜਮਾਨੀ ਤੁਅੱਲਕ ਹੁੰਦਾ ਹੈ।

ਵਰ੍ਹਿਆਂ ਬਾਅਦ ਜਦੋਂ ਅਖ਼ਤਰ ਨੂੰ ਆਪਣੀ ਔਲਾਦ ਵਿਚ ਇਸ ਮੁਹਾਂਦਰਿਆਂ ਦਾ ਮੁਸ਼ਾਬਹਤ ਤੋਂ ਵੱਖ ਹੋਰ ਕੋਈ ਵੀ ਵਸਫ਼ ਆਪਣੇ ਪੁਰਖਿਆਂ ਵਾਲਾ ਨਜ਼ਰ ਨਹੀਂ ਸੀ ਆਇਆ ਤਾਂ ਉਦੋਂ ਉਹਨੇ ਸੋਚਿਆ ਸੀ ਖਾਨਦਾਨ ਦੇ ਜੁੜੇ ਰਹਿਣ ਲਈ ਜੁੱਸਿਆਂ ਵਿਚ ਦੌੜ ਰਹੇ ਲਹੂ ਦੀ ਸਾਂਝ ਦੀ ਈ ਨਿਰੀ ਲੋੜ ਨਹੀਂ ਹੁੰਦੀ, ਸਗੋਂ ਮਿੱਟੀ ਦੀ ਸਾਂਝ ਵੀ ਸ਼ਾਇਦ ਜ਼ਰੂਰੀ ਹੁੰਦੀ ਏ।

ਉਹਨੂੰ ਤੈਅ ਸ਼ੁਦਾ ਸ਼ਡਿਊਲ ਤੋਂ ਪਹਿਲਾਂ ਹੀ ਲੰਡਨ ਮੁੜਨਾ ਪਿਆ ਸੀ। ਬਾਲਾਂ ਨੂੰ ਪੰਜਾਬ ਦੀ ਰੁੱਤ ਰਾਸ ਨਹੀਂ ਸੀ ਆਈ। ਉਨ੍ਹਾਂ ਦੀ ਮਿੱਟੀ ਜੋ ਓਪਰੀ ਸੀ ਤੇ ਫਿਰ ਮੌਸਮ ਵੀ ਓਪਰਾ ਈ ਲੱਗਣਾ ਸੀ। ਲੰਡਨ ਆ ਕੇ ਬਾਲਾਂ ਦੇ ਚੈੱਕਅਪ ਦੌਰਾਨ ਡਾਕਟਰ ਨੇ ਜਦ ਅਖ਼ਤਰ ਨੂੰ ਕਿਹਾ ਕਿ ਚਿੰਤਾ ਵਾਲੀ ਕੋਈ ਗੱਲ ਨਹੀਂ, ਬਾਲਾਂ ਨੂੰ ਐਵੇਂ ਜ਼ਰਾ ਡਸਟ ਅਲਰਜ਼ੀ ਹੋ ਗਈ ਸੀ ਤਾਂ ਅਖ਼ਤਰ ਬੁੜਬੁੜਾਇਆ, ‘ਇਹੀ ਤੇ ਅਸਲ ਚਿੰਤਾ ਏ’। ਅੰਗਰੇਜ਼ ਡਾਕਟਰ ਉਹਦੀ ਗੱਲ ਸਮਝ ਨਹੀਂ ਸੀ ਸਕਿਆ।

ਫਿਰ ਰਾਜੂ ਨੂੰ ਬਾਲਾਂ ਦੀ ਇਸ ਬਿਮਾਰੀ ਬਾਰੇ ਦੱਸਦੇ ਹੋਏ ਅਖ਼ਤਰ ਪਹਿਲਾਂ ਹੱਸਿਆ ਤੇ ਫਿਰ ਰੋ ਪਿਆ। ਹੱਸਿਆ ਉਹ ਇਸ ਲਈ ਕਿ ਧਰਤੀ ਜਾਇਆਂ ਦੇ ਬਾਲਾਂ ਨੂੰ ਖੇਹ ਮਿੱਟੀ ਤੋਂ ਭਲਾ ਕੀ ਕੁਨਛ ਹੋ ਸਕਦੀ ਏ ਤੇ ਰੋਇਆ ਇਸ ਵਜੋਂ ਕਿ ਅਗਲੀ ਨਸਲ ਵਿਚ ਮਿੱਟੀ ਤੇ ਮਾਸ ਦਾ ਸਦੀਆਂ ਪੁਰਾਣਾ ਰਿਸ਼ਤਾ ਟੁੱਟ ਰਿਹਾ ਏ। ਸਗੋਂ ਮਿੱਟੀ ਤੇ ਮਾਸ ਨੂੰ ਇਕ ਦੂਜੇ ਨਾਲ ਜ਼ਿੱਦ ਹੋ ਗਈ ਏ। ਇਹਨੂੰ ਉਹ ਮਾਇਆ ਦਾ ਸਿਤਮ ਆਖਣ ਜਾਂ ਕਰਮ, ਰਾਜੂ ਤੇ ਅਖ਼ਤਰ ਕੋਈ ਫ਼ੈਸਲਾ ਨਾ ਕਰ ਸਕੇ।



ਮਨਸ਼ੇ ਨੇ ਸੁਣਿਆ ਤਾਂ ਉਹ ਬਹੁਤ ਖ਼ੁਸ਼ ਹੋਇਆ। ਉਸ ਕਿਹਾ, ‘ਮੁਬਾਰਕ ਹੋਏ। ਇਹ ਬਿਮਾਰੀ ਨਹੀਂ ਇਕ ਲਾਅਨਤ ਏ ਪੁਰਖਿਆਂ ਦੇ ਉਜੱਡਪੁਣੇ ਨੂੰ ਉਲੰਘ ਕੇ ਉੱਚੀ ਗੁੜ੍ਹਤਲ ਵੱਲ ਉੱਠੇ ਬਾਲਾਂ ਦੇ ਪਹਿਲੇ ਪੈਰ ਦੀ ਤੇ ਬਾਲਾਂ ਦੀ ਕਮਿਸਟਰੀ ਚੇਂਜ ਹੋ ਰਹੀ ਏ।’

‘ਸ਼ੈਤਾਨ ਦਾ ਪੁੱਤਰ’ ਗੁੱਸੇ ਨਾਲ ਅਖ਼ਤਰ ਨੇ ਖ਼ਿਆਲ ਈ ਖ਼ਿਆਲ ਵਿਚ ਮਨਸ਼ੇ ਦੇ ਮੂੰਹ ’ਤੇ ਥੁੱਕ ਦਿੱਤਾ ਸੀ। ਮਰਿਆਦਾ ਦਾ ਨਾਬਰ ਤੇ ਪੁਰਖਿਆਂ ਦਾ ਮਜ਼ਾਕ ਉਡਾਉਣ ਵਾਲਾ ਮਨਸ਼ਾ ਉਹਨੂੰ ਕਦੇ ਵੀ ਪਸੰਦ ਨਹੀਂ ਆਇਆ। ਇਕ ਅਜਿਹਾ ਬੰਦਾ ਜਿਹਨੂੰ ਆਪਣੇ ਲਹੂ ਦੀ ਪਛਾਣ ਨਾ ਸੀ ਆਈ, ਨਾ ਈ ਆਪਣੀ ਮਿੱਟੀ ਦੀ ਕਦਰ। ਜਿਹੜਾ ਬੜੇ ਮਾਣ ਨਾਲ ਦੱਸਦਾ ਕਿ ਅਰਬ ਵਿਚ ਇਕ ਬੁੱਢੇ ਬਦੂ ਦੀ ਸਵਾਣੀ ਨੇ ਇਕ ਬਾਲ ਤੁਹਾਡੇ ਮਨਸ਼ੇ ਯਾਰ ਦਾ ਵੀ ਜੰਮਿਆ। ‘ਓਪਰੇ ਭਾਂਡੇ ਵਿਚ ਜਾਗ ਲਾਉਂਦਿਆਂ ਤੈਨੂੰ ਲਾਜ ਨਾ ਆਈ ?’ ਰਾਜੂ ਨੇ ਇਕ ਵਾਰ ਉਹਨੂੰ ਪੁੱਛਿਆ। ‘ਨਹੀਂ ਬਿਲਕੁਲ ਨਹੀਂ ਤੇ ਨਾ ਈ ਮੈਂ ਕਦੇ ਅਰਬਾਂ ਵਿਚ ਪਲ ਰਹੇ ਆਪਣੇ ਉਸ ਬਾਲਕ ਬਾਰੇ ਸੋਚਿਆ ਏ।’ ਮਨਸ਼ੇ ਨੇ ਚਿੰਤਾ ਮੁਕਤ ਦੱਸਿਆ ਸੀ। ਸਾਊਥ ਅਫ਼ਰੀਕਾ ਦੀ ਇਕ ਨੀਗਰੋ ਕੁੜੀ ਮਨਸ਼ੇ ਦੇ ਨਿਕਾਹ ਵਿਚ ਰਹੀ। ਬਾਅਦ ਵਿਚ ਤਿੰਨ ਬਾਲੜੀਆਂ ਅਤੇ ਉਸ ਨੀਗਰੋ ਕੁੜੀ ਨੂੰ ਛੱਡ ਕੇ ਆਪ ਇੰਗਲੈਂਡ ਆਇਆ ਤੇ ਮੁੜ ਕਦੀ ਉਨ੍ਹਾਂ ਦੀ ਸਾਰ ਨਾ ਲਈ। ਮਨਸ਼ਾ ਅਕਸਰ ਕਹਿੰਦਾ, ‘ਇਹ ਮਿੱਟੀ ਮੋਹ, ਮਰਿਆਦਾ ਕੀ ਏ, ਮੈਂ ਨਹੀਂ ਜਾਣਦਾ। ਮੈਨੂੰ ਤੇ ਬਸ ਮਿੱਟੀ, ਮਾਸ ਤੇ ਮਾਇਆ ਦਾ ਪਤਾ ਏ। ਗਲੋਬਲਾਈਜੇਸ਼ਨ ਦੇ ਦੌਰ ਵਿਚ ਵੀ ਬੰਦੇ ਨੂੰ ਪੁਰਾਣੇ ਹੱਦ ਬੰਨ੍ਹਿਆਂ ਵਿਚ ਕੈਦ ਨਹੀਂ ਰਹਿਣਾ ਚਾਹੀਦਾ।’ ਅਖ਼ਤਰ ਤੇ ਰਾਜੂ ਮਨਸ਼ੇ ਨੂੰ ਵੇਖ ਕੇ ਸੋਚਦੇ ਕਿ ਬੰਦਾ ਐਨਾ ਬੇਕਿਰਕ ਵੀ ਹੋ ਸਕਦਾ ਏ ? ਕਿਉਂਕਿ ਮਨਸ਼ੇ ਨੇ ਨਾ ਕਦੀ ਆਪਣੀ ਔਲਾਦ ਦੀ ਪਰਵਾਹ ਕੀਤੀ ਸੀ, ਨਾ ਈ ਪਿੱਛੇ ਮੌਜੂਦ ਆਪਣੇ ਖ਼ਾਨਦਾਨ ਦੀ। ਉਹ ਜੋ ਵੀ ਕਮਾਉਂਦਾ, ਸ਼ਰਾਬ ਪੀਣ ਜਾਂ ਵੈਸ਼ਿਆ ਔਰਤਾਂ ਨਾਲ ਸੌਣ ’ਤੇ ਖਰਚ ਕਰ ਦਿੰਦਾ।

‘ਦੁਨੀਆ ਕਿੰਨੀ ਵੀ ਗਲੋਬਲ ਹੋ ਜਾਏ ਇਹ ਗਲੋਬਲਾਈਜੇਸ਼ਨ ਮੰਡੀ ਤੇ ਮਾਲ ਤਕ ਈ ਮਹਿਦੂਦ ਰਹਿਸੀ,’ ਅਖ਼ਤਰ ਰਾਜੂ ਨੂੰ ਸਮਝਾਇਆ। ‘ਬੰਦਾ ਆਪਣੀ ਗੁੜ੍ਹਤਲ, ਰਹਿਤਲ, ਬੋਲੀ ਤੇ ਵਰਤਾਰੇ ਵਿਚ ਕਦੇ ਵੀ ਗਲੋਬਲ ਨਹੀਂ ਹੋ ਸਕਦਾ। ਹਰ ਬੰਦੇ ਦੀ ਆਪਣੀ ਮਿੱਟੀ ਹੁੰਦੀ ਏ ਤੇ ਹਰ ਮਿੱਟੀ ਦੀ ਆਪਣੀ ਮਰਿਆਦਾ ਤੇ ਇਕ ਵੱਖਰਾ ਹੇਰਵਾ। ਰਾਜੂ ਦੇਖ! ਪਿੰਡ ਦੀ ਨਿੱਕੀ ਜਿਹੀ ਗੱਲ ਸਾਡੇ ਲਈ ਕਿੰਨੀ ਵੱਡੀ ਖ਼ਬਰ ਹੁੰਦੀ ਏ। ਫ਼ੋਨ ਵਿਚ ਅਸੀਂ ਇਥੋਂ ਤਕ ਕਿਉਂ ਪੁੱਛ ਲੈਂਦੇ ਹਾਂ ਕਿ ਬੂਰੀ ਮੱਝ ਨੇ ਐਤਕੀਂ ਕੱਟਾ ਦਿੱਤਾ ਏ ਜਾਂ ਕੱਟੀ। ਸਾਨੂੰ ਇਹ ਜਾਨਣ ਦੀ ਖ਼ਾਹਿਸ਼ ਕਿਉਂ ਹੁੰਦੀ ਏ ਕਿ ਰੋਹੀ ਵਾਲੇ ਨੀਵੇਂ ਖੇਤ ਵਿਚ ਐਤਕੀਂ ਕਿਹੜੀ ਫ਼ਸਲ ਬੀਜੀ ਗਈ ? ਅੰਬ ਦੇ ਉਸ ਰੁਖ਼ ਤੇ ਸਾਨੂੰ ਬੂਰ ਆਉਣ ਦੀ ਉਡੀਕ ਕਿਉਂ ਰਹਿੰਦੀ ਏ, ਜਿਹੜਾ ਅਸੀਂ ਆਪਣੇ ਹੱਥਾਂ ਨਾਲ ਪਿੱਛੇ ਲਾ ਕੇ ਆਏ ਹੁੰਦੇ ਆਂ ?’ ਰਾਜੂ ਕੋਲ ਇਨ੍ਹਾਂ ਸਵਾਲਾਂ ਦਾ ਕੋਈ ਜਵਾਬ ਨਹੀਂ ਸੀ। ਉਹ ਤੇ ਆਪ ਇਹ ਸੋਚ ਰਿਹਾ ਸੀ ਕਿ ਇੰਗਲੈਂਡ ਦੀ ਇਕ ਰਸੀ ਰੁੱਤ ਵਿਚ ਰਹਿੰਦੇ ਹੋਏ ਵੀ ਉਹ ਵਰ੍ਹੇ ਦਾ ਦੇਸੀ ਹਿਸਾਬ ਕਿਉਂ ਨਹੀਂ ਭੁੱਲਿਆ। ਪੋਹ ਮਾਘ ਫੱਗਣ, ਚੇਤਰ...ਗੁੜ੍ਹਤੀ ਵਿਚ ਮਿਲਿਆ ਇਹ ਰੁੱਤ ਲੇਖਾ ਤੇ ਸ਼ਾਇਦ ਉਹਨੂੰ ਪ੍ਰਲੋਕ ਵਿਚ ਵੀ ਨਾ ਵਿਸਰੇ। ਅਖ਼ਤਰ ਦਾ ਗੱਚ ਭਰ ਆਇਆ ਸੀ ਤੇ ਰਾਜੂ ਦੀਆਂ ਅੱਖਾਂ ਭਿੱਜ ਗਈਆਂ ਸਨ।

ਰਾਜੂ ਮਹੀਨੇ ਵਿਚ ਇਕ ਵੀਕ ਐਂਡ 'ਤੇ ਅਖ਼ਤਰ ਦੇ ਘਰ ਜ਼ਰੂਰ ਆਉਂਦਾ। ਉਹ ਬੱਚਿਆਂ ਨੂੰ ਮਿਲ ਕੇ ਆਪਣਾ ਦਲਿੱਦਰ ਦੂਰ ਕਰਦਾ। ਰਾਜੂ ਹਰ ਵਾਰ ਬੱਚਿਆਂ ਲਈ ਕੋਈ ਗਿਫ਼ਟ ਪੈਕ ਜ਼ਰੂਰ ਲਿਆਉਂਦਾ ਸੀ। ਇਕ ਵਾਰ ਉਹ ਪਿੰਕੀ ਲਈ ਕਰੋਸ਼ੀਆ ਸੈੱਟ, ਧਾਗੇ ਦੇ ਗੁੱਛੇ ਤੇ ਕਸ਼ੀਦਾਕਾਰੀ ਦੀ ਕੋਈ ਗਾਈਡ ਲੈ ਕੇ ਆਇਆ। ਉਹਨੇ ਕਿਹਾ ਕਿ ਇਹ ਉਮਰ ਪਿੰਕੀ ਦੀ ਸਿਖਲਾਈ ਦੀ ਏ ਤੇ ਫਿਰ ਲਾਡ ਤੇ ਮਾਣ ਨਾਲ ਪਿੰਕੀ ਦੇ ਸਿਰ 'ਤੇ ਪਿਆਰ ਦੇ ਕੇ ਬੋਲਿਆ, 'ਸਾਡੀ ਧੀ ਹੁਣ ਮੇਜ਼ਪੋਸ਼ਾਂ ਦੀਆਂ ਲੈਸਾਂ ਕੱਢ ਕੇ ਵਿਖਾਵੇਗੀ।' ਪਿੰਕੀ ਨੇ ਉਦੋਂ ਵੀ ਨੱਕ ਮੂੰਹ ਵੱਟਿਆ ਤੇ ਮੁੜ ਕੇ ਦੂਜੀ ਵਾਰ ਇਨ੍ਹਾਂ ਚੀਜ਼ਾਂ ਨੂੰ ਹੱਥ ਵੀ ਨਾ ਲਾਇਆ। ਮਾਣੀ ਨੂੰ ਉਹਨੇ ਖ਼ੂਬਸੂਰਤ ਰੰਗਦਾਰ ਬਾਂਸਰੀ ਦਿੱਤੀ, ਪਰ ਮਾਣੀ ਨੇ ਜ਼ਿੱਦ ਕਰਕੇ ਅਗਲੀ ਵਾਰ ਛੋਟੀ ਗੁਟਾਰ ਮੰਗਵਾ ਲਈ। ਬੋਬੀ ਨੂੰ ਰਾਜੂ ਨੇ 'ਬੰਦੇ ਦਾ ਪੁੱਤਰ' ਬਣਾਉਣ ਲਈ ਪੂਰਾ ਟਿੱਲ ਲਾਇਆ। ਬੌਬੀ ਲੁੱਡੀਆਂ ਪਾਉਣ, ਬੈਠਕਾਂ ਮਾਰਨ ਤੇ ਆਪਣੀ ਵੀਣੀ ਮੂੰਹ ਨਾਲ ਜੋੜ ਕੇ ਬੁਲਬੁਲੀ ਮਾਰਨ ਸਿੱਖ ਗਿਆ ਸੀ। ਰਾਜੂ ਨੂੰ ਬੌਬੀ ਨਾਲ ਮੋਹ ਸੀ ਤੇ ਬੌਬੀ ਨੂੰ ਵੀ ਆਪਣੇ ਅੰਕਲ ਨਾਲ ਬਹੁਤੇਰੀ ਲਟਕ ਸੀ। ਬੌਬੀ ਆਪਣੇ 'ਰਾਜ ਅੰਕਲ' ਕੋਲੋਂ ਫੋਕ ਟੇਲਜ਼ ਸੁਣਦਾ। ਰਾਜੂ ਤੇ ਅਖ਼ਤਰ ਉਹਨੂੰ ਪੰਜਾਬ ਦੀਆਂ ਲੋਕ ਬਾਤਾਂ ਸੁਣਾਉਂਦੇ। ਇਨ੍ਹਾਂ ਬਾਤਾਂ ਵਿਚ ਪਸ਼ੂਆਂ, ਜਾਨਵਰਾਂ ਤੇ ਰੁੱਖਾਂ ਨੂੰ ਜਦੋਂ ਬੰਦਿਆਂ ਵਾਂਗ ਗੱਲਾਂ ਕਰਦੇ ਵੇਖਦਾ ਤਾਂ ਅਕਲ ਦਾ ਪੁਤਲਾ ਬੌਬੀ ਇਨ੍ਹਾਂ ਬਾਤਾਂ ਨੂੰ ਨਾ ਮੰਨਣਯੋਗ ਆਖ ਕੇ 'ਝੂਠ-ਝੂਠ' ਦਾ ਰੌਲਾ ਪਾ ਦਿੰਦਾ। ਰਾਜੂ ਤੇ ਅਖ਼ਤਰ ਸਫ਼ਾਈ ਦਿੰਦੇ ਕਿ ਇਕ ਯੁੱਗ ਸੀ ਜਦੋਂ ਰੁੱਖ, ਪਸ਼ੂ ਤੇ ਜਨੌਰ ਬੰਦਿਆਂ ਵਾਂਗ ਹੀ ਬੋਲਦੇ ਸਨ ਤੇ ਬੰਦਾ ਉਨ੍ਹਾਂ ਦੀਆਂ ਗੱਲਾਂ ਸਮਝਦਾ ਸੀ। 'ਤੁਸੀਂ ਮੇਰੇ ਯੁੱਗ ਦੀ ਬਾਤ ਸੁਣਾਓ,' ਬੌਬੀ ਅੱਗੋਂ ਕੂਕਦਾ।

ਜਿਥੇ ਬੰਦਾ ਬੰਦੇ ਨਾਲ ਬਾਤ ਨਹੀਂ ਕਰਦਾ, ਅਜਿਹੇ ਗੂੰਗੇ ਯੁੱਗ ਦੀ ਉਹ ਕੀ ਬਾਤ ਸੁਣਾਉਂਦੇ ਇਸੇ ਲਈ ਉਹ ਦੜ ਵੱਟ ਜਾਂਦੇ।

'ਪਸ਼ੂਆਂ ਤੇ ਜਾਨਵਰਾਂ ਵਿਚਕਾਰ ਕਿਸੇ ਡੰਗਰ ਬੋਲੀ ਦਾ ਵਜੂਦ ਤਾਂ ਮੈਂ ਅੱਜ ਵੀ ਮੰਨਦਾ ਹਾਂ, ਪਰ ਇਤਿਹਾਸ ਦੇ ਕਿਸੇ ਵੀ ਵਰਗ ਰੁੱਖਾਂ ਦੇ ਗੱਲਾਂ ਕਰਨ ਦਾ ਮੁਨਕਰ ਹਾਂ।' ਅਖ਼ਤਰ ਨੇ ਇਕ ਦਿਨ ਰਾਜੂ ਨੂੰ ਵੱਖਰਿਆਂ ਕਰਕੇ ਦੱਸਿਆ ਤੇ ਕਿਹਾ, 'ਜੇ ਰੁੱਖ ਬੋਲਦੇ ਹੁੰਦੇ ਤਾਂ ਸਾਈਮਨ ਕਦੀ ਪਾਗਲ ਨਾ ਹੁੰਦਾ।'

ਫਿਰ ਰਾਜੂ ਇਕ ਰੋਡ ਐਕਸੀਡੈਂਟ ਵਿਚ ਮਰ ਗਿਆ। ਉਹਦੀ ਵਸੀਅਤ ਮੁਤਾਬਕ ਉਹਦੀ ਲਾਸ਼ ਪਿੱਛੇ ਭੇਜ ਦਿੱਤੀ ਗਈ। ਨਾਲ ਹੀ ਉਹ ਖੱਟਿਆ ਵੱਟਿਆ ਇਕ ਵੱਡੀ ਰਕਮ ਦਾ ਬੈਂਕ ਡਰਾਫਟ ਸੀ। ਖਣਕਦੀ ਮਾਇਆ ਨਾਲ ਭਰੀ ਪੋਟਲੀ ਤੇ ਹਮਕ ਗਏ ਮੁਰਦਾ ਮਾਸ ਦੀ ਗੁਥਲੀ ਇਕੋ ਹੱਥ ਵਸੂਲ ਕਰਦੇ ਰਾਜੂ ਦੇ ਮਾਪਿਆਂ ਨੂੰ ਕਿੰਨਾ ਅਜੀਬ ਜਿਹਾ ਲੱਗਿਆ ਹੋਵੇਗਾ। ਅਖ਼ਤਰ ਇਹ ਅੱਜ ਵੀ ਸੋਚਦਾ ਏ। ਉਹਨੂੰ ਰਾਜੂ, ਮਨਸ਼ਾ ਤੇ ਸਾਈਮਨ ਅਕਸਰ ਚੇਤੇ ਆਉਂਦੇ ਨੇ। ਰਾਜੂ ਜਿਹਨੇ ਆਪਣੀ ਮਿੱਟੀ ਨੂੰ ਸੰਵਾਰਨ ਲਈ ਇਕ ਓਭੜ ਧਰਤੀ 'ਤੇ ਰਹਿਣ ਦਾ ਕਸ਼ਟ ਕੱਟਿਆ। ਰਾਜੂ ਦੀ ਆਪਣੇ ਖਾਨਦਾਨ ਲਈ ਕੁਰਬਾਨੀ ਯਾਦ ਕਰਦਿਆਂ ਅਖ਼ਤਰ ਦੀਆਂ ਅੱਖੀਆਂ ਭਰ ਆਉਂਦੀਆਂ। ਮਨਸ਼ਾ ਜੋ ਆਪਣੇ ਖਾਨਦਾਨ, ਬਾਲਾਂ ਤੇ ਤੀਵੀਂ ਨੂੰ ਪਿਛਾੜ ਆਇਆ ਸੀ ਤੇ ਸਾਈਮਨ ਜਿਸ ਆਪਣੇ ਮੋਏ ਬਾਲਾਂ ਤੇ ਤੀਵੀਂ ਦੀ ਖ਼ਾਤਰ ਆਪਣਾ ਵਤਨ ਤਿਆਗ ਦਿੱਤਾ। ਅਖ਼ਤਰ ਦੇ ਖ਼ਿਆਲ ਵਿਚ ਇਨ੍ਹਾਂ ਤਿੰਨਾਂ ਦੇ ਵੱਖ-ਵੱਖ ਚਿੱਤਰ ਨੇ। ਰਾਜੂ ਉਹਨੂੰ ਦਇਆ ਦਖਸ਼ਣਾ ਨਾਲ ਗੁੱਟ ਕੋਈ ਭਗਤ ਸਾਧੂ ਜਾਪਦਾ ਏ। ਮਨਸ਼ਾ ਸ਼ੈਤਾਨ ਦਾ ਇਕ ਰੂਪ ਏ, ਹਿਰਖ ਹਵਸ ਦਾ ਕੋਈ ਪੁਤਲਾ ਤੇ ਸਾਈਮਨ ਮਸੂਮ ਸੂਰਤ, ਮਿਹਰ ਮੁਹੱਬਤ ਦਾ ਕੋਈ ਬੁੱਤ। ਪਰ ਕਈ ਸਾਲਾਂ ਬਾਅਦ ਅਖ਼ਤਰ ਨੇ ਜਦੋਂ ਮਨਸ਼ੇ ਨੂੰ ਏਡਜ਼ ਹੋ ਜਾਣ ਦਾ ਸੁਣਿਆ ਤਾਂ ਉਹਨੂੰ ਬੜਾ ਹਿਰਖ ਹੋਇਆ ਸੀ।

ਅਖ਼ਤਰ ਨੇ ਕਈ ਵਾਰ ਚਾਹਿਆ ਸੀ ਕਿ ਪੰਜਾਬ ਪਰਤ ਜਾਵੇ, ਪਰ ਕੈਥਰੀਨ ਨੇ ਉਹਦਾ ਸਾਥ ਨਹੀਂ ਦਿੱਤਾ। ਉਹ ਆਪਣਾ ਵਤਨ ਛੱਡ ਕੇ ਜਾਣ ਲਈ ਤਿਆਰ ਨਹੀਂ ਹੋਈ। ਉਸ ਦੀ ਜਵਾਨ ਹੋ ਚੁੱਕੀ ਔਲਾਦ ਨੇ ਵੀ ਕਦੀ ਪਿੱਛੇ ਮੁੜ ਜਾਣ ਦੀ ਖ਼ਾਹਿਸ਼ ਜ਼ਾਹਰ ਨਹੀਂ ਕੀਤੀ। ਔਲਾਦ ਦੀ ਮੁਹੱਬਤ ਵਿਚ ਉਹ ਵੀ ਨਹੀਂ ਗਿਆ। ਪਿਛਲੇ ਫੇਰੇ ਜਦੋਂ ਅਖ਼ਤਰ ਆਪਣੀ ਮਾਂ ਦੇ ਸੋਗ ਲਈ ਪੰਜਾਬ ਜਾ ਰਿਹਾ ਸੀ ਤਾਂ ਉਸ ਕੁਝ ਦਿਨਾਂ ਲਈ ਈ ਸਹੀ ਕੈਥਰੀਨ ਤੇ ਔਲਾਦ ਨੂੰ ਨਾਲ ਜਾਣ ਲਈ ਕਿਹਾ, ਪਰ ਅੱਗੋਂ ਉਨ੍ਹਾਂ ਦੀ ਨਾ ਜਾਣ ਦੀ ਮਰਜ਼ੀ ਵੇਖ ਕੇ ਅਖ਼ਤਰ ਨੇ ਵੀ ਉਨ੍ਹਾਂ ਨੂੰ ਮਜਬੂਰ ਨਹੀਂ ਸੀ ਕੀਤਾ ਤੇ ਇਕੱਲਾ ਈ ਚਲਾ ਗਿਆ ਸੀ। ਇਸ ਵਾਰ ਉਹਨੇ ਪਿੰਡ ਦੇ ਸਕੂਲ ਵਿਚ ਨਲਕਾ ਲਗਵਾਇਆ। ਨਿਆਈਂ ਵਾਲੀ ਦੋ ਕਿੱਲੇ ਭੋਏਂ ਵਿਚ ਬਾਗ ਲਵਾਉਣ ਦੀ ਨਸੀਹਤ ਕੀਤੀ। ਮਾਂ ਤੇ ਪਿਉ ਦੀ ਕਬਰ ਦੇ ਸਿਰਹਾਣੇ ਆਪਣੇ ਹੱਥਾਂ ਨਾਲ ਬੇਰੀ ਦੇ ਬੂਟੇ ਲਾਏ। ਦੋਹਾਂ ਕਬਰਾਂ ਦੀ ਪਵਾਂਦੋ ਦੋ ਬੁੱਕ ਮਿੱਟੀ ਦੇ ਚੁੱਕੇ ਤੇ ਪਿਛਲੇ ਪੈਰੀਂ ਹੰਝੂ ਕੇਰਦਾ ਲੰਡਨ ਮੁੜ ਆਇਆ। ਉਹ ਦੋ ਬੁੱਕ ਮਿੱਟੀ ਹੁਣ ਇਹਦੇ ਬੈੱਡਰੂਮ ਵਿਚ ਕਾਰਨਸ 'ਤੇ ਰੱਖੇ ਇਕ ਗਮਲੇ ਵਿਚ ਪਈ ਏ। ਗਮਲਾ ਖ਼ਾਲੀ ਏ, ਵਿਚ ਕੋਈ ਬੂਟਾ ਨਹੀਂ ਲਾਇਆ ਹੋਇਆ। ਫਿਰ ਵੀ ਫ਼ਸਲ ਦੀਆਂ ਦੋਹਾਂ ਰੁੱਤਾਂ ਵਿਚ ਇਸ ਅੰਦਰ ਪੰਜਾਬ ਵਿਚ ਖੇਤਾਂ ਦੇ ਬੰਨਿਆਂ ਤੇ ਹੋਣ ਵਾਲੀਆਂ ਬੂਟੀਆਂ ਆਪਣੇ ਆਪ ਉੱਗ ਆਉਂਦੀਆਂ ਨੇ।

ਗਮਲੇ ਵਾਲੀ ਇਸ ਮਿੱਟੀ ਬਾਰੇ ਅਖ਼ਤਰ ਨੇ ਵਸੀਅਤ ਕੀਤੀ ਹੋਈ ਏ ਕਿ ਜਦ ਉਹ ਮਰੇ ਤਾਂ ਉਹਨੂੰ ਕਬਰ ਵਿਚ ਰੱਖਣ ਤੋਂ ਪਹਿਲਾਂ ਇਹ ਮਿੱਟੀ ਥੱਲੇ ਖਿਲਾਰ ਦਿੱਤੀ ਜਾਵੇ। ਉਹ ਚਾਹੁੰਦਾ ਏ ਮਰਨ ਤੋਂ ਬਾਅਦ ਕਮ ਸੇ ਕਮ ਮੇਰੀ ਕੰਡ ਨੂੰ ਆਪਣੀ ਮਿੱਟੀ ਉੱਤੇ ਹੋਣ ਦਾ ਅਹਿਸਾਸ ਤਾਂ ਰਹੇ।

ਪਿਛਲੇ ਦੋ ਵਰ੍ਹਿਆਂ ਤੋਂ ਉਹਦਾ ਭਰਾ ਆਪਣੇ ਪੁੱਤਰ ਲਈ ਸਪਾਂਸਰ ਵੀਜ਼ਾ ਘੱਲਣ ਦਾ ਆਖ ਰਿਹਾ ਏ, ਪਰ ਅਖ਼ਤਰ ਦਾ ਦਿਲ ਨਹੀਂ ਚਾਹੁੰਦਾ। ਉਹਦੇ ਭਰਾ ਦੀ ਮਰਜ਼ੀ ਇਹ ਵੀ ਏ ਕਿ ਮੁੰਡੇ ਨੂੰ ਇੰਗਲੈਂਡ ਸੱਦ ਕੇ ਪਿੰਕੀ ਨਾਲ ਉਸ ਦਾ ਨਿਕਾਹ ਪੜ੍ਹਵਾ ਦਿੱਤਾ ਜਾਵੇ। ਭਰਾ ਵੱਲੋਂ ਵੀਜ਼ਾ ਘੱਲਣ ਦਾ ਤਕਾਜ਼ਾ ਵਧ ਗਿਆ ਤਾਂ ਅਖ਼ਤਰ ਨੇ ਭਰਾ ਆਪਣੇ ਨੂੰ ਫ਼ੋਨ ਦੀ ਬਜਾਏ ਚਿੱਠੀ ਰਾਹੀਂ ਜਵਾਬ ਦੇਣਾ ਮੁਨਾਸਬ ਸਮਝਿਆ। ਉਸ ਆਖਿਆ—'ਆਪਣੀ ਮਿੱਟੀ ਤੇ ਮਾਸ ਤੋਂ ਦੂਰ ਰਹਿਣ ਦਾ ਦੁੱਖ ਮੈਂ ਨਹੀਂ ਚਾਹੁੰਦਾ ਕਿ ਮੇਰੇ ਬਾਅਦ ਵੀ ਕੋਈ ਭੋਗੇ...ਮੇਰੀ ਔਲਾਦ ਨੇ ਮੁਸਤਕਲ ਇੰਗਲੈਂਡ ਰਹਿਣ ਦਾ ਫ਼ੈਸਲਾ ਕਰ ਲਿਆ ਏ...ਵੀਜ਼ਾ ਮੈਂ ਨਹੀਂ ਘੱਲਣਾ, ਮੇਰੇ ਹਿੱਸੇ ਦੀ ਜਾਇਦਾਦ ਆਪਣੇ ਮੁੰਡੇ ਦੇ ਨਾਂ ਲਵਾ ਦੇ। ਰਹੀ ਪਿੰਕੀ ਨਾਲ ਉਹਦੇ ਵਿਆਹ ਦੀ ਗੱਲ ਤਾਂ ਮੈਂ ਪਿੰਕੀ 'ਤੇ ਆਪਣੀ ਮਰਜ਼ੀ ਨਹੀਂ ਥੋਪ ਸਕਦਾ...ਇਹ ਇੰਗਲੈਂਡ ਏ ਜੇ ਪੰਜਾਬ ਵੀ ਹੁੰਦਾ ਤਾਂ ਮੈਂ ਪਿੰਕੀ ਦੀ ਆਪਣੀ ਸੱਧਰ ਦਾ ਇਹਤਰਾਮ ਕਰਦਾ।''

ਅਖ਼ਤਰ ਜਦ ਚਿੱਠੀ ਪੋਸਟ ਕਰਨ ਜਾ ਰਿਹਾ ਸੀ ਤਾਂ ਰਸਤੇ ਵਿਚ ਉਸ ਆਪਣੇ ਆਪ ਨੂੰ ਕਈ ਸਵਾਲ ਕੀਤੇ—

ਉਸ ਦਾ ਹਿਥੇ ਆਉਣਾ ਤਕਦੀਰ ਦਾ ਸਿਤਮ ਸੀ ਜਾਂ ਕਰਮ ?

ਦੌਲਤ ਕਮਾਉਣ ਦਾ ਅਮਲ ਕੀ ਉਸ ਲਈ ਕੋਈ ਸਜ਼ਾ ਸੀ ?

ਉਹਨੇ ਇਹ ਸਾਰਾ ਕਸ਼ਟ ਕਿਉਂ ਕੱਟਿਆ ?

ਤੇ ਕੀ ਉਹਦੀ ਉਮਰ ਅਕਾਰਥ ਗਈ ?


ਇਨ੍ਹਾਂ ਸਾਰੇ ਸਵਾਲਾਂ ਦਾ ਉਸ ਕੋਲ ਇਕ ਹੀ ਜਵਾਬ ਸੀ—

'ਆਪਣੇ ਲਈ ਤਾਂ ਹਰ ਕੋਈ ਜਿਊਂਦਾ ਏ। ਉਹਨੂੰ ਆਪਣੇ ਤੇ ਮਾਣ ਏ ਕਿ ਉਹ ਆਪਣੇ ਖ਼ਾਨਦਾਨ ਲਈ ਜੀਵਿਆ ਏ।'

ਹੁਣ ਆਪਣੇ ਵਤਨ ਵਾਪਸ ਨਾ ਜਾਣ ਦੇ ਫ਼ੈਸਲੇ 'ਤੇ ਅਖ਼ਤਰ ਨੂੰ ਕੋਈ ਹਿਰਖ਼ ਨਹੀਂ ਸੀ।

'ਕਿਸੇ ਦੀ ਖ਼ਾਤਰ ਜਿਥੇ ਐਨਾ ਜੀਵਨ ਗੁਜ਼ਰ ਗਿਆ, ਉਥੇ ਹੁਣ ਉਹ ਕਿਸੇ ਵਾਸਤੇ ਮਰ ਵੀ ਤਾਂ ਸਕਦਾ ਏ।' ਇਹ ਸੋਚਦੇ ਹੋਏ ਉਹ ਉਦਾਸ ਜਿਹਾ ਮੁਸਕਰਾ ਪਿਆ ਤੇ ਇਸ ਪਲ ਉਸ ਨੂੰ ਸਾਈਮਨ ਚੇਤੇ ਆ ਗਿਆ।

---




**ਕਵੀ, ਚਿੰਤਕ**
**ਹਰਵਿੰਦਰ ਭੰਡਾਲ**
**ਦਾ**
**ਪਲੇਠਾ ਨਾਵਲ**



## ਕਥਾ ਇੱਕ ਕਲਯੁੱਗ ਦੀ

ਕਾਲੀ ਤੋਰੀ ਨਾ ਖਾਣ ਦੀ ਮੇਰੀ ਆਦਤ ਦਾ ਮਾਂ ਨੂੰ ਪਤਾ ਏ। ਕੰਧ ਤੇ ਚੜ੍ਹੀ ਜਾਂਦੀ ਤੋਰੀ ਦੀ ਵੇਲ ਨੂੰ ਪਿਉ ਤੋਂ ਓਹਲੇ ਈ ਉਹ ਜੜ੍ਹੋਂ ਕਪ ਛੱਡਦੀ ਰਹੀ ਏ। ਇਹ ਪਲਮਦੀ ਹੋਈ ਬਨੇਰੇ ਨੂੰ ਜਾ ਛੂਹੇ, ਸਾਡੇ ਘਰ ਕਦੇ ਇੰਜ ਨਹੀਂ ਸੀ ਹੋਇਆ। ਪਰ ਪਿਛਲਿਆਂ ਕੁਝ ਵਰ੍ਹਿਆਂ ਤੋਂ ਅਸੀਂ ਬਾਹਲਾ ਵਕਤ ਏਸੇ ਵੇਲ ਦੀ ਛਾਂ ਹੇਠ ਕਟਿਆ ਏ।

ਹੁਣ ਭਾਵੇਂ ਰੋਜ਼ ਪਈ ਤੋਰੀ ਪਕੇ ਮੈਂ ਛਿੰਦਾ ਨਹੀਂ ਪੈਂਦਾ। ਇਹਦੇ ਲਾਵਣ ਨਾਲ ਮੈਨੂੰ ਧਕੋਜ਼ੋਰੀ ਗਰਾਹੀ ਸੰਘੋਂ ਥਲੇ ਉਤਾਰਦੇ ਨੂੰ ਮਾਂ ਵੇਖ ਨਹੀਂ ਸਕਦੀ ਤੇ ਮਾਂ ਦਾ ਆਪਣੇ ਲਾਡਲੇ ਪੁੱਤਰ ਲਈ ਇਹ ਤਰਸੇਵਾਂ ਵੇਖਣ ਦਾ ਹੀਆਂ ਮੇਰੇ ਵਿਚ ਨਹੀਂ। ਏਸੇ ਲਈ ਉਹ ਰੋਟੀ ਪਰੋਸ ਕੇ ਰਸੋਈ ਵਿਚੋਂ ਬਾਹਰ ਨਿਕਲ ਜਾਂਦੀ ਏ।

ਘਰ ਵਿਚ ਇਕ ਚੁੱਪ ਏ। ਸਣੇ ਮਾਂ ਪਿਉ ਪੂਰੇ ਟਬਰ ਭਾਅ ਸ਼ਮੀਰ, ਭਾਬੀ ਕੂਮਾ ਤੇ ਬਾਜੀ ਨੀਲੋ ਦੇ ਚਿਹਰਿਆਂ ਤੇ ਇਕ ਗੰਭੀਰਤਾ ਪਸਰੀ ਹੋਈ। ਗਰੀਬੀ ਦਾ ਗੂੜ੍ਹਾ ਪਰਛਾਵਾਂ ਜਿਹੜਾ ਝੂਠੇ ਹਾਸੇ ਦੇ ਮਖੌਟਿਆਂ ਹੇਠ ਵੀ ਲੁਕਾਇਆਂ ਨਾ ਲੁਕੇ। ਵਿਹੜੇ ਵਿਚ ਖੇਡ ਰਹੇ ਭਾਅ ਦੇ ਦੋ ਬਾਲ ਨਾ ਹੁੰਦੇ ਤਾਂ ਘਰ ਗੁਸਤਾਨ ਜਾਪਦਾ।

ਅੱਜ ਫੇਰ ਸ਼ਹਿਰੋਂ ਨਿਰਾਸ਼ ਮੁੜਿਆ ਹਾਂ। ਕਈ ਥਾਂ ਨੌਕਰੀ ਲਈ ਅਰਜ ਗੁਜ਼ਾਰੀ ਏ, ਪਰਵਾਨ ਕੋਈ ਨਹੀਂ ਹੁੰਦੀ। ਪਿਉ ਦੇ ਮੱਥੇ ਲੱਗਦਾ ਹੋਇਆ ਡਰਨਾਂ। ਉਸ ਉਤਸ਼ਾਹ ਨਾਲ ਪੁੱਛਣਾ ਏਂ, 'ਕੋਈ ਗੱਲ ਬਣੀ ਕਿਤੇ?' ਜਵਾਬ ਵਿਚ ਚੁੱਪ ਖਲੋਤੇ ਦਾ ਮੇਰਾ ਲਮਕਿਆ ਮੂੰਹ ਵੇਖ ਕੇ 'ਦੂਨਾ ਪੜ੍ਹਿਆ ਤੂੰ ਕਿਤੇ ਮੁਨਸ਼ੀ ਨਹੀਂ ਹੋ ਸਕਦਾ, ਅੱਠ ਪੜ੍ਹਿਆ ਕਦੇ ਪਟਵਾਰੀ ਹੁੰਦਾ ਸੀ।' ਹੈਰਾਨੀ ਨਾਲ ਉਹ ਮੈਨੂੰ ਕਹੇਗਾ। ਕਿਸਾਨ ਹੈ ਨਾ ਉਹਦੇ ਲਈ ਤਾਂ ਪਟਵਾਰੀ ਵੀ ਵੱਡਾ ਅਹੁਦੇਦਾਰ ਹੋਇਆ।

'ਨੌਕਰੀਆਂ ਵੀ ਨਸੀਬਾਂ ਨਾਲ ਮਿਲਦੀਆਂ।' ਮਾਂ ਸਦਾ ਵਾਂਗ ਹਉਕਾ ਭਰ ਕੇ ਕਹਿ ਗਈ। ਕੀ ਦੱਸੀ ਮੈਂ? ਪਈ ਗੱਲ ਨਸੀਬਾਂ ਦਾ ਨਹੀਂ ਸਿਫਾਰਸ਼ ਤੇ ਰਿਸ਼ਵਤ ਦੀ ਏ ਤੇ ਆਪਣੇ ਕੋਲ ਇਹ ਦੋਵੇਂ ਕੋਈ ਨਹੀਂ।

ਜਦ ਮੈਂ ਪੜ੍ਹਾਈ ਤੋਂ ਵਿਹਲਾ ਹੋਇਆ ਤਾਂ ਘਰ ਦਿਆਂ ਸੁਖ ਦਾ ਸਾਹ ਲਿਆ ਕਿ ਚਲੋ ਖਰਚੇ ਦਾ ਇਕ ਦਰ ਬੰਦ ਹੋਇਆ। ਸਗੋਂ ਚਾਰ ਪੈਸੇ ਆਉਣ ਦੀ ਆਸ ਬੱਝੀ ਸੀ, ਮੇਰੇ ਰੋਜ਼ਗਾਰ ਰਾਹੀਂ।

ਉਨ੍ਹਾਂ ਔਖਿਆਂ ਹੋ ਕੇ ਵੀ ਮੇਰੀ ਪੜ੍ਹਾਈ ਦਾ ਖਰਚਾ ਚੁੱਕੀ ਰੱਖਿਆ। ਇਹ ਮੇਰੇ ਭਰਾ ਦੀ ਮਰਜ਼ੀ ਸੀ। ਉਹ ਆਪ ਅਨਪੜ੍ਹ ਰਹਿ ਗਿਆ ਸੀ ਤੇ ਖੌਰੇ ਇਹ ਚਾਹੁੰਦਾ ਹੋਵੇ ਕਿ ਵਾਹੀ ਦੇ ਕਸੂਤੇ ਕੰਮ ਤੋਂ ਮੇਰੀ ਚੁੰਡ ਛੁਟੀ ਰਹੇ। ਹੁਣ ਉਹਨੂੰ ਜਾਪਦਾ ਏ ਪਈ ਢੇਰ ਰੁਪਈਏ ਤੇ ਅੱਧੀ ਉਮਰ ਗਵਾ ਕੇ ਕਮਾਏ ਕਾਗਜ਼ ਦੇ ਚੰਦ ਪੰਨੇ ਮੇਰੇ ਕਿਸੇ ਕੰਮ ਦੇ ਨਹੀਂ। ਇਕ ਦਿਨ ਮੈਨੂੰ ਕਹਿੰਦਾ, 'ਕਿਤੇ ਵਕੀਲੀ ਈ ਕਰ ਲੈ।' ਮੈਂ ਆਖਿਆ, 'ਇਹਦੇ ਲਈ ਕੁਝ ਵਰ੍ਹੇ ਹੋਰ ਪੜ੍ਹਨਾ ਪਊ।' ਅੱਗੋਂ ਆਂਹਦਾ ਏ, 'ਨਾ ਭਈ! ਅਗੇ ਤੇਰੇ ਪੜ੍ਹਿਆ ਕਿਹੜੇ ਕੰਮ ਆਇਆ?'

'ਜੱਟ ਦੀ ਜੂੰਨੇ ਆਇਆਂ ਸਾਡਾ ਇਕੋ ਈ ਕਸਬ; ਵਾਹ ਬੀਜੀ। ਏਸੇ ਕੰਮ ਤੋਂ ਅਸੀਂ ਧੰਨਵਾਨ ਵੀ। ਏਸੇ ਕੰਮ ਦਾ ਸਾਨੂੰ ਮਾਣ ਵੀ। ਧੁਰ ਤੋਂ ਖੇਤੀ ਈ ਸਾਡਾ ਧਰਮ ਤੇ ਏਹੀ

ਸਾਡਾ ਕਰਮ। ਮਿੱਟੀ ਨੂੰ ਅਸੀਂ ਮਾਂ ਮੰਨਿਆ ਏ, ਧਰਤੀ ਮਾਂ। ਜਿਹੜੀ ਜੀਉਂਦਿਆਂ ਪਾਲਦੀ, ਏ ਤੇ ਮੋਇਆਂ ਗੋਦੀ ਵਿਚ ਸੰਭਾਲਦੀ ਵੀ। ਪੁਰਖਿਆਂ ਤੋਂ ਮੇਰੇ ਪਿਉ ਤੀਕ ਪੁੱਜਿਆਂ ਇਹ ਵਿਸ਼ਵਾਸ ਹੁਣ ਆ ਕੇ ਤਿਰਕਣ ਲੱਗ ਪਿਆ ਏ।' ਉਤਮ ਖੇਤੀ ਯੁੱਗ ਦਾ ਬੰਦਾ ਮੇਰਾ ਪਿਉ ਅੱਜ ਮੇਰੀ, ਨਖਿਧ ਚਾਕਰੀ ਲਈ ਕਿਵੇਂ ਲਿਲਕ ਰਿਹਾ ਏ, ਇਹ ਮੈਂ ਈ ਜਾਣਦਾਂ।

ਬਹੁਤੀ ਵਾਹੀ ਬੀਜੀ ਮਸ਼ੀਨੀ ਹੋ ਗਈ ਏ ਤੇ ਪੁਰਾਣੇ ਢੰਗ ਦੀ ਵਾਹੀ ਨਾਲ ਹੁਣ ਗੁਜ਼ਾਰਾ ਔਖਾ। ਮੈਂ ਵੇਖਦਾ ਭਾਅ ਤੇ ਪਿਉ ਮਿੱਟੀ ਨਾਲ ਮਿੱਟੀ ਹੋਏ ਰਹਿੰਦੇ। ਜਿਸ ਦਿਹਾੜੇ ਮੈਨੂੰ ਵਾਂਹਦਕ ਹੁੰਦੀ ਮੈਂ ਵੀ ਉਨ੍ਹਾਂ ਨੂੰ ਹੱਥ ਪਵਾ ਛੱਡਦਾ।

'ਏਸੇ ਦਸਾਂ ਵਿਘਿਆਂ ਦੀ ਵਾਹੀ ਬੀਜੀ ਵਿਚੋਂ ਮੈਂ ਭੈਣਾਂ ਦੇ ਹੱਥ ਪੀਲੇ ਕੀਤੇ, ਫੇਰ ਆਪਣਾ ਵਿਆਹ ਵੀ।' ਕਦੀ ਪਿਉ ਦੱਸਦਾ ਏ ਤੇ ਯਕੀਨ ਨਹੀਂ ਆਉਂਦਾ। ਦਾਣਾ ਫੱਕਾ ਅੱਜ ਪਹਿਲੇ ਤੋਂ ਵੀ ਦੂਣਾ ਹੁੰਦਾ ਏ ਪਰ ਪੂਰੀ ਨਹੀਂ ਪੈਂਦੀ। ਮਹਿੰਗਾਈ ਚੋਖੀ ਏ ਨਾਲੇ ਸ਼ਰੀਕੇ ਵਿਚ ਰਹਿੰਦਿਆਂ ਲੋੜਾਂ ਥੋੜ੍ਹਾ ਵੱਧ ਰਹੀਆਂ ਹਨ। ਪਿਉ ਮਹਿਸੂਸ ਕਰਦਾ ਏ ਪਈ ਇਕੱਲੀ ਜ਼ਮੀਨ ਦੇ ਆਸਰੇ ਹੁਣ ਜੀਵਕਾ ਮੁਸ਼ਕਿਲ ਏ। ਆਪਣੇ ਕਿੱਤੇ ਨੂੰ ਧਰਮ ਮੰਨਣ ਵਾਲੇ ਬੰਦੇ ਲਈ ਇਹ ਅਹਿਸਾਸ ਕਿੰਨਾ ਦੁਖਦਾਇਕ ਨੇ, ਮੈਨੂੰ ਪਤਾ। ਪਿਉ ਬੁਝੀ ਚਿਲਮ ਈ ਹੁੱਕਾ ਗੜਕਾਈ ਜਾਂਦਾ ਏ, ਮੈਂ ਅਕਸਰ ਵੇਖਦਾ। ਹੁੱਕਾ ਈ ਕੀ ਉਹਨੂੰ ਤਾਂ ਕਈ ਵਾਰੀ ਆਪਣੀ ਸੁਰਤ ਵੀ ਨਹੀਂ ਹੁੰਦੀ।

ਪਿਉ ਮੰਜੀ ਤੇ ਪਿਆ ਰਾਤੀਂ ਤਾਰੇ ਗਿਣਦਾ ਰਹਿੰਦਾ ਏ ਤੇ ਮੈਂ ਵੀ। ਮੈਨੂੰ ਬਚਪਨ ਵਿਚ ਤਾਰਿਆਂ ਬਾਰੇ ਪਹਿਲਾ ਗਿਆਨ ਉਸ ਈ ਕਰਵਾਇਆ ਸੀ। 'ਉਹ ਕੁਤਬੀ ਤਾਰਾ, ਇਹ ਖਿਤੀਆਂ, ਆਹ ਤਰੰਗਲ...।' ਉਹ ਮੈਨੂੰ ਗੋਦੀ ਬਹਾ ਕੇ ਅਸਮਾਨ ਵੱਲ ਇਸ਼ਾਰਾ ਕਰਦਾ ਹੋਇਆ ਦੱਸਦਾ ਜਾਂਦਾ ਤੇ ਮੁੜ ਇਕ ਬੁਝਾਰਤ ਪਾਉਂਦਾ, 'ਨੀਲੀ ਟਾਕੀ ਚੌਲ ਬਝੇ, ਦਿਨੇਂ ਗਵਾਚੇ ਰਾਤੀਂ ਲਭੇ', ਮੈਂ ਝਟ ਦੇਨੀ ਉਹਦੇ ਕੋਲੋਂ ਸੁਣਿਆ ਜਵਾਬ ਦਸ ਦੇਂਦਾ ਤਾਂ ਉਹ ਖੁਸ਼ ਹੋ ਜਾਂਦਾ।

ਇਕ ਰਾਤੀਂ ਜਦ ਉਹ ਮੈਨੂੰ 'ਧੰਮੀ' ਤੇ 'ਆਥਣ' ਦੇ ਤਾਰਿਆਂ ਦੀ ਦਿਸ਼ਾ ਦੱਸ ਰਿਹਾ ਸੀ ਤੇ ਮੈਂ 'ਕਿਸਮਤ ਦਾ ਤਾਰਾ ਕਿੱਥੇ ਕੁ ਚੜ੍ਹਦਾ ਏ?' ਉਹਨੂੰ ਪੁੱਛ ਲਿਆ। ਉਦੋਂ ਮੈਂ ਥੋੜ੍ਹਾ ਸਿਆਣਾ ਹੋ ਗਿਆ ਹੋਇਆ ਸਾਂ। 'ਕਿਸਮਤ ਦਾ ਤਾਰਾ ਤੂਰਾ' ਉਸ ਠਰੰਮੇ ਨਾਲ ਕਿਹਾ ਸੀ, 'ਪੁੱਤਰਾ, ਕੋਈ ਹੁੰਦਾ।' ਬੰਦਿਆਂ ਦੇ ਮਕੱਦਰ ਤਾਰਿਆਂ ਦੇ ਵਸ ਹੋਣ ਤੇ ਉਹਨੂੰ ਵਿਸ਼ਵਾਸ ਨਹੀਂ। 'ਬੰਦਾ ਧਰਤੀ ਉਤੇ ਜੰਮੇ, ਏਥੇ ਜੀਵੇ ਤੇ ਓੜਕ ਏਸੇ ਵਿਚ ਜਾ ਸਮਾਏ ਪਰ ਉਹਦੇ ਲੇਖਾਂ ਦੀ ਡੋਰ ਦੂਰ ਅਸਮਾਨੀ ਵਸਦੇ ਕਿਸੇ ਅਣਡਿਠੇ ਤਾਰੇ ਨਾਲ ਬੱਝੀ ਹੋਵੇ, ਇਹ ਕਿਵੇਂ ਹੋ ਸਕਦਾ ਏ?' ਉਹ ਮੁਢ ਤੋਂ ਈ ਕਹਿੰਦਾ ਆਇਆ ਏ। ਆਪਣੀ ਖੇਤੀ ਦੇ ਆਹਰ ਲੱਗੇ ਰਹਿਣ ਵਾਲੇ ਮੇਰੇ ਪਿਉ ਨੇ ਪੰਡਤਾਂ ਮੁਲਾਣਿਆਂ ਦੀਆਂ ਪੋਥੀਆਂ ਨੂੰ ਕਦੇ ਝੂਠ ਦੇ ਪਲੰਦਿਆਂ ਤੋਂ ਸਿਵਾ ਕੁਝ ਨਹੀਂ ਜਾਣਿਆ। ਹਾਂ ਪਰ ਸ਼ਾਹੂਕਾਰਾਂ ਦੀ ਵਹੀ ਵਿਚ ਦਰਜ ਜਾਂ ਬੈਂਕਾਂ ਦੇ ਵਿਆਜੀ ਖਾਤਿਆਂ ਵਿੱਚ ਲਿਖੇ ਸੱਚ ਦਾ ਉਹ ਮੁਨਕਰ ਨਹੀਂ ਹੈ।

ਇਕ ਅਰਸੇ ਤੋਂ ਦੁਪਹਿਰ ਦੀ ਰੋਟੀ ਹੁਣ ਪਿਉ ਡੇਰੇ ਤੇ ਈ ਮੰਗਵਾਂਦਾ ਏ। ਖੌਰੇ ਇਹ ਵਿਹੜੇ ਫਿਰਦੀ ਜਵਾਨ ਧੀ ਨੂੰ ਵੇਖ ਕੇ ਹੁੰਦੇ ਦੁੱਖ ਤੋਂ ਬਚਣ ਦਾ ਇਕ ਉਪਰਾਲਾ ਏ। ਮੈਂ ਵਿਆਹ ਦੀ ਉਮਰ ਨੂੰ ਪੁੱਜਿਆ ਖੜਾਂ। ਨੀਲੋ ਬਾਜੀ ਤੇ ਮੈਥੋਂ ਵੱਡੀ ਏ। ਉਹਦੇ ਨਾਲਦਾ



ਚਿੜੀਆਂ ਦਾ ਚੰਬਾ ਕਦੇ ਦਾ ਉੱਡ-ਪੁਡ ਗਿਆ। ਇਹ ਅਜੇ ਵੀ ਸਾਡੀ ਸਰਦਲ ਤੇ ਬੈਠੀ ਏ। ਮੁਹੱਲੇ ਵਿਚ ਹੁੰਦੇ ਵਿਆਹਾਂ ਸ਼ਾਦੀਆਂ ਵਿਚ ਜਾਣਾ ਏਸ ਛੱਡ ਦਿੱਤਾ ਹੋਇਆ ਏ। ਇਹਦੇ ਹੋਠਾਂ ਤੇ ਕਿਸੇ ਗਾਉਣ ਦੇ ਬੋਲ ਕੀ ਮੈਨੂੰ ਤਾਂ ਹਾਸਾ ਵੇਖਿਆਂ ਇਕ ਚਿਰ ਹੋ ਗਿਆ ਏ। ਮੇਰੇ ਵਾਂਗ ਈ ਸਨੁੱਖੀ ਮੇਰੀ ਇਹ ਭੈਣ ਅੱਜ ਮਿੱਟੀ ਦਾ ਇਕ ਤੁਰਦਾ ਫਿਰਦਾ ਬੁੱਤ ਹੈ।

ਹਰ ਵੇਲੇ ਕੰਮਾਂ ਵਿਚ ਰੁਝੀ ਰਹਿਣ ਵਾਲੀ ਹੁਣ ਅਵੇਸਲੀ ਜੇਹੀ ਨਜ਼ਰ ਆਉਂਦੀ ਏ। ਪਸਾਰ ਵਿਚ ਪੜਛਤੀ ਥਲੇ ਉਕਰੇ ਦੋਨਾਂ ਤੋਤਿਆਂ ਦਾ ਰੰਗ ਕਦੇ ਦਾ ਉੱਡ ਗਿਆ ਹੋਇਆ। ਇੰਜ ਈ ਪੀਲੀ ਮਿੱਟੀ ਤੇ ਨੀਲੇ ਪੋਚੇ ਨਾਲ ਕੰਧ ਤੇ ਬਣਾਏ ਫੁੱਲ ਫਿਕੇ ਪੈ ਕੇ ਕੁਮਲਾ ਗਏ ਜਾਪਦੇ ਨੇ ਪਰ ਇਹਨੂੰ ਇਹ ਖਿਆਲ ਈ ਕੋਈ ਨਹੀਂ।

ਪਿਛਲੇ ਦਿਨੀਂ ਇਕ ਅਜੀਬ ਵਾਕਿਆ ਹੋ ਗਿਆ। ਵਿਹੜੇ ਵਿਚ ਪਰੋਲਾ ਫੇਰਦਿਆਂ ਇਹਨੇ ਕੰਧ ਉਤੇ ਥਾਂ-ਥਾਂ ਪੋਚੇ ਨਾਲ ਲਿਬੜੇ ਆਪਣੇ ਹੱਥ ਦਾ ਛਾਪਾ ਲਾ ਦਿੱਤਾ। ਇਹ ਹੱਥ ਪੀਲੇ ਕਰਨ ਲੋੜਦੀ ਏ। ਅਸੀਂ ਇਹਦੀ ਸੈਨਤ ਸਮਝ ਗਏ। 'ਦਾਜ ਦਹੇਜ ਬਿਨਾਂ ਧੀਆਂ ਨੂੰ ਬੂਹੇ ਤੋਂ ਠਾਣਾ ਕਿੰਨਾ ਔਖਾ ਏ।' ਰਾਤੀਂ ਏਹ ਆਖਦਿਆਂ ਭਾਅ ਦੇ ਮੂੰਹੋਂ ਨਿਕਲਿਆ ਹੌਕਾ ਮੈਨੂੰ ਵੀ ਠਾਰ ਗਿਆ ਸੀ।

ਘਰ ਵਿਚ ਕਈ ਬੱਧੇ ਨੇਮ ਟੁੱਟੇ ਨੇ। ਜਿਵੇਂ ਦੁੱਧ ਪੁੱਤ ਦੀ ਏਥੇ ਕਸਮ ਖਾਧੀ ਜਾਂਦੀ ਸੀ ਤੇ ਦੁੱਧ ਵੇਚਣ ਦੀ ਮਨ੍ਹਾਈ ਹੁੰਦੀ ਸੀ। ਪਰ ਅਸੀਂ ਪਿਛਲੇ ਕੁਝ ਚਿਰ ਤੋਂ ਦੁੱਧ ਵੇਚ ਰਹੇ ਆਂ। ਭੋਏਂ ਦੇ ਨਾਲ ਭਾਂਡਾ ਵੀ ਹੁਣ ਵਾਧੂ ਕਮਾਈ ਦਾ ਇਕ ਵਸੀਲਾ ਏ। ਕੁਝ ਨਹੀਂ ਤਾਂ ਚਲੋ ਇਹ ਭਾਅ ਦੇ ਸਕੂਲ ਜਾਂਦੇ ਬੱਚਿਆਂ ਦਾ ਖਰਚਾ ਈ ਸਹੀ। ਜਿਵੇਂ ਵੀ ਹੋਵੇ ਇਨ੍ਹਾਂ ਨੂੰ ਪੜ੍ਹਾਣਾ ਜ਼ਰੂਰੀ ਏ। ਇਹ ਮੇਰੀ ਜ਼ਿੱਦ ਹੈ। ਭਲਾ ਹੋਵੇ ਭਾਬੋ ਕਲਸੂਮ ਦਾ ਜਿਹੜੀ ਭਰਾ ਦੇ ਵਿਆਹ ਗਈ ਤੇ ਸ਼ਗਨ ਵਿਚ ਸਜਰ ਸੂਈ ਮੱਝ ਮੰਗ ਲਿਆਈ।

ਆਪਣੇ ਘਰ ਦੀ ਮਾੜੀ ਹਾਲਤ ਉਹਦੇ ਕੋਲੋਂ ਲੁਕੀ ਹੋਈ ਨਹੀਂ। ਇਹ ਭਾਵੇਂ ਹੈ ਓਭੜ ਈ ਸੀ ਪਰ ਪਹਿਲੇ ਦਿਨ ਤੋਂ ਈ ਸਾਡੇ ਵਿਚ ਰਚ ਮਿਚ ਗਈ ਏ। ਵਾਹੀਵਾਨਾਂ ਦੀਆਂ ਜਿਨ੍ਹਾਂ ਧੀਆਂ ਦਾ ਵਿਆਹ ਪਿਛੋਂ ਘਰ ਵਿਹੜਾ ਈ ਬਦਲਦਾ ਏ ਕੰਮ ਕਰਮ ਕੋਈ ਨਹੀਂ, ਇਹ ਵੀ ਉਨ੍ਹਾਂ ਵਿਚੋਂ ਇਕ ਏ। ਸੰਤੋਖ ਸਬਰ ਵਾਲੀ ਭਾਬੀ ਕੁਮਾ ਅੱਜ ਏਸ ਘਰ ਦੇ ਦੁੱਖ-ਸੁੱਖ ਵਿਚ ਬਰਾਬਰ ਦੀ ਭਾਈਵਾਲ ਏ।

ਇਕ ਦਿਨ ਭਰਾ ਨੇ ਬੈਂਕ ਤੋਂ ਆਈ ਚਿੱਠੀ ਮੇਰੇ ਮੂਹਰੇ ਧਰਦਿਆਂ, 'ਵੇਖੀ ਕਿੰਨੀ ਕੁ ਕਿਸ਼ਤ ਆਈ ਏ?' ਕਿਹਾ ਤੇ ਲਿਖੀ ਹੋਈ ਰਕਮ ਸੁਣ ਕੇ ਉਹਦਾ ਰੰਗ ਗੰਢੇ ਦੀ ਭੂਕ ਵਰਗਾ ਪੀਲਾ ਪੈ ਗਿਆ। ਬੰਬੀ ਲ੍ਵਾਣ ਲਈ ਚੁੱਕਿਆ ਕਰਜ਼ਾ ਮੁਕਣ ਵਿਚ ਨਹੀਂ ਆ ਰਿਹਾ। ਮੂਲ ਤੋਂ ਵਧ ਵਿਆਜ ਭਰ ਕੇ ਵੀ ਪੱਲਾ ਪਾਕ ਨਹੀਂ ਹੋਇਆ। ਵਾਹੀਵਾਨਾਂ ਨੂੰ ਸੂਦ ਤੇ ਦਿੱਤਾ ਰੁਪਈਆ ਗੌਰਮਿੰਟ ਹੁਣ ਉਨ੍ਹਾਂ ਦੀ ਸੰਘੀ ਤੇ ਅੰਗੂਠਾ ਰੱਖ ਕੇ ਵਸੂਲ ਕਰ ਰਹੀ ਏ। ਤੇਲ ਖਾਦ ਐਨਾ ਮਹਿੰਗਾ ਪਈ ਵਾਹੀ ਵਿਚ ਬਚਤ ਕੋਈ ਨਹੀਂ। ਆੜ੍ਹਤੀ ਦਾ ਲੇਖਾ ਪੂਰਾ ਹੋ ਜਾਏ ਤਾਂ ਬੜੀ ਗੱਲ ਏ।

ਭਾਅ ਮਹਿਸੂਸ ਕਰਦਾ ਏ ਕਿ ਜੇਠਾ ਪੁੱਤਰ ਹੋਣ ਵਜੋਂ ਏਸ ਘਰ ਦਾ ਭਾਰ ਉਹਦੇ ਸਿਰ ਤੇ ਹੈ। ਸ਼ਾਇਦ ਏਸੇ ਲਈ ਵਕਤੋਂ ਪਹਿਲਾਂ ਈ ਧੌਲੇ ਆ ਚਲੇ ਸੂ।

ਖੇਤਾਂ ਵਿੱਚ ਕੰਮ ਕਰਦਿਆਂ ਉਹ ਕਈ ਵਾਰ ਹੇਕ ਲਾ ਕੇ ਗਾਂਦਾ :

ਹਾੜੀ ਸਾਉਣੀ ਦਾ ਮੌਸਮ ਆਇਆ
ਜੱਟਾ! ਮੁੰਜੀ ਲਾਣੀ ਉਏ
ਉਤੋਂ ਮਾਰੇ ਟੱਪ ਕਨਾਲੀ
ਥੱਲਿਉਂ ਤੱਤਾ ਪਾਣੀ ਉਏ
ਗੋਡੇ ਗੋਡੇ ਖੁਭਦਿਆਂ ਜਾਣਾ
ਤੀਲਾ ਤੀਲਾ ਲਾਣੀ ਉਏ
ਹਾਜੀਪੁਰ ਦੀਆਂ ਕੱਚੀਆਂ ਸੜਕਾਂ
ਖੋਤੇ ਧੂੜ ਧਮਾਣੀ ਉਏ
ਸ਼ਹਿਰ ਜਾ ਕੇ ਮੁੱਲ ਪਵਾਣਾ
ਸਵਾ ਰੁਪਈਆ ਮਾਣੀ ਉਏ
ਘਰ ਆ ਕੇ ਸਲਾਹ ਕਰਨੀ
ਅੱਗੋਂ ਨਹੀਂ ਲਾਣੀ ਉਏ
ਤਾੜਾ ਵੇੜਾ ਉਏ
ਤਾੜਾ ਵੇੜਾ

ਪਰ ਨਹੀਂ ਉਹ ਸਿਰਫ਼ ਗੁਣਗੁਣਾਉਂਦਾ ਸੁਣੀਂਦਾ ਏ :

ਜੱਟਾ ਤੇਰੀ ਜੂਨ ਬੁਰੀ, ਹਲ ਛੱਡ ਕੇ ਚਰੀ ਨੂੰ ਜਾਣਾ, ਇਹ ਤੇ ਅਜਿਹਾ ਈ ਕੁਝ ਹੋਰ ਹੁਣ ਉਹ ਅਕਸਰ ਗੁਣਗਨਾਉਂਦਾ ਸੁਣੀਦਾ ਏ।

ਇਕ ਉਮਰ ਤੀਕ ਗੁਲੂ ਸ਼ਾਹ ਦੇ ਮੇਲੇ ਵਿਚ ਕਿਸੇ ਕੋਲੋਂ ਹਾਰ ਨਾ ਖਾਣ ਵਾਲਾ ਜਣਾ ਵੇਲੇ ਹੱਥੋਂ ਢਾਅ ਖਾ ਜਾਏਗਾ, ਮੈਂ ਸੋਚਿਆ ਵੀ ਨਹੀਂ ਸੀ। ਗਰੀਬੀ ਨੇ ਫੜ ਕੇ ਕੰਡ ਲਵਾਤੀ ਮੇਰੇ ਨਿਮਾਣੇ ਵੀਰ ਦੀ।

ਇਕ ਵਾਰਾਂ ਇਹਨੇ ਜ਼ੈਲਦਾਰਾਂ ਦੇ ਮੁੰਡੇ ਨੂੰ ਪਹਿਲੇ ਈ ਜੱਫੇ ਵਿਚ ਦੋਵੇਂ ਸ਼ਾਨੇ ਚਿਤ ਕਰਤਾ ਸੀ। ਫੇਰ ਮੇਰਾ ਇਹ ਪਹਿਲਵਾਨ ਭਰਾ ਬਬਲੀ ਮਾਰ ਕੇ ਕਿੰਨਾ ਚਿਰ ਅਖਾੜੇ ਵਿਚ ਚੱਕਰ ਲਾਉਂਦਾ ਰਿਹਾ ਪਰ ਕੋਈ ਦੂਜਾ ਏਹਦੇ ਨਾਲ ਘੁੱਲਣ ਲਈ ਅਗਾਂਹ ਨਾ ਹੋਇਆ। ਇਹ ਮੈਨੂੰ ਏਸ ਲਈ ਯਾਦ ਏ ਪਈ ਏਸ ਜਿੱਤ ਪਿਛੋਂ ਭਾਅ ਨੇ ਮੇਸੂ ਖਵਾਏ ਨਾਲੇ ਮੈਨੂੰ ਕੰਧਾੜੇ ਚਾੜ੍ਹ ਕੇ ਸਾਰਾ ਮੇਲਾ ਫਿਰਾਇਆ ਸੀ।

ਦੁੱਖ ਦੀ ਗੱਲ ਇਹ ਵੇ ਪਈ ਪਿਛਲੇ ਕੁਝ ਸਾਲਾਂ ਤੋਂ ਇਹਨੇ ਮੇਲੇ ਵਿਚ ਜਾਣਾ ਉਕਾ ਛੱਡ ਦਿੱਤਾ ਹੋਇਆ ਏ।

ਮਾਂ ਮੇਰੀ ਐਡੀ ਸੁਘੜ ਤੀਵੀਂ ਗਰੀਬੀ ਦਾਵੇ ’ਚ ਜਿਵੇਂ ਘਰ ਨੂੰ ਤੋਰੀ ਆਈ ਏ, ਇਹ ਉਹਦਾ ਵੀ ਜੇਰਾ ਏ। ਪਿਉ ਨੂੰ ਸ਼ਰੀਕੇ ਨਾਲ ਮੋਢੇ ਜੋੜ ਕੇ ਤੁਰੇ ਰਹਿਣ ਦਾ ਸਾਹਸ ਉਹਨੇ ਈ ਦਿੱਤਾ। ਮੇਰੀ ਮੁੱਢਲੀ ਪੜ੍ਹਾਈ ਦਾ ਖਰਚ ਉਸ ਇੰਜ ਪੂਰਾ ਕੀਤਾ ਪਈ ਘਰ ਵਿਚੋਂ ਦੋ ਕੁਕੜੀਆਂ ਰੱਖ ਲਈਆਂ। ਮੈਂ ਸਕੂਲ ਜਾਂਦਾ ਹੋਇਆ ਆਂਡਾ ਹੱਟੀ ਦੇ ਕੇ ਰੁਪਈਆ ਖਰਾ ਕਰ ਲੈਂਦਾ। ਸਾਨੂੰ ਵਿੱਠਾਂ ਜ਼ਰੂਰ ਮਿਧਣੀਆਂ ਪਈਆਂ ਪਰ ਕਿਸੇ ਅੱਗੇ ਤਲੀ ਨਹੀਂ ਕਰਨੀ ਪਈ।

ਤੂੜੀ ਵਾਲੇ ਢਾਰੇ ਦੀ ਕਲਰ ਖਾਧੀ ਕੰਧ ਵਿਚ ਕਿੱਲੇ ਠੋਕਨ ਪਿਛੋਂ ਗੋਹੇ ਰਲੀ



ਮਿੱਟੀ ਦਾ ਮੋਟਾ ਲੇਅ ਦੇ ਕੇ ਮਾਂ ਨੇ ਕਿਤਨੇ ਈ ਵਰ੍ਹੇ ਉਹਨੂੰ ਡਿੱਗਣ ਤੋਂ ਰੋਕੀ ਰੱਖਿਆ। ਫਿਰ ਵੀ ਉਹ ਢਹਿ ਗਿਆ ਸੀ ਤਾਂ ਉਹਦੀ ਵਜ੍ਹਾ ਸਿਲ ਨਹੀਂ ਸੀਵੀ ਸੀ। ਜਿਹਨੇ ਸ਼ਹਿਤੀਰ ਵਿਚੋਂ ਥੋਥਾ ਕਰ ਦਿੱਤਾ।

ਬਾਹਰੋਂ ਲੱਗ ਰਹੀ ਢਾਅ ਦਾ ਅਸਰ ਚਿਰਾਂ ਤਾਈਂ ਘਰ ਵਿਚ ਮਹਿਸੂਸ ਨਹੀਂ ਸੀ ਹੋਇਆ ਤਾਂ ਇਹ ਸਾਡੀ ਮਾਂ ਦੀ ਕਰਾਮਾਤ ਸੀ। ਪਰ ਇਹ ਭਰਮ ਇਕ ਵੇਲੇ ਤੀਕ ਈ ਕਾਇਮ ਰਿਹਾ। ਹੁਣ ਵੀ ਉਹ ਸਾਨੂੰ ਢਿੱਗੀ ਨਾ ਢਾਉਣ ਦਾ ਮਸ਼ਵਰਾ ਦੇਂਦੀ ਰਹਿੰਦੀ ਏ।

ਅੱਜ ਕੱਲ੍ਹ ਉਹਨੂੰ ਇਕੋ ਈ ਝੋਰਾ, ਧੀ ਦੇ ਵਿਆਹ ਦਾ। ਪਿਛਲੇ ਦਿਨੀਂ ਜਦ ਉਹ ਨੀਲਮ ਲਈ ਇਕ ਦਹਾਜੂ ਮੁੰਡੇ ਦਾ ਸ਼ਾਕ ਵੇਖਣ ਗਈ ਤਾਂ ਮੈਂ ਜਾਣ ਗਿਆ, ਸਾਨੂੰ ਹੌਸਲਾ ਦੇਣ ਵਾਲੀ ਵਿਚੋਂ ਆਪ ਹਾਰ ਗਈ ਹੋਈ ਏ।

ਮੇਰੇ ਲਈ ਪਹਿਲਾਂ ਠੇਡਾ ਇੰਜੀਨਰਿੰਗ ਯੂਨੀਵਰਸਿਟੀ ਵਿਚ ਦਾਖਲਾ ਨਾ ਮਿਲਣਾ ਸੀ। ਹਿਰਖ ਉਦੋਂ ਹੋਇਆ ਜਦ ਮੇਰੇ ਤੋਂ ਘੱਟ ਨੰਬਰ ਲੈਣ ਵਾਲੇ ਸਾਡੇ ਪਿੰਡ ਦੇ ਜ਼ੈਲਦਾਰਾਂ ਦਾ ਮੁੰਡਾ ਸੈਲਫ ਫਾਈਨਾਂਸ ਤੇ ਏਥੋਂ ਇੰਜੀਨਰਿੰਗ ਕਰ ਗਿਆ। ਅੱਜ ਉਹ ਗਲਫ ਵਿਚ ਕਿਸੇ ਚੰਗੀ ਕੰਪਨੀ ਵਿਚ ਏ।

ਅਸਲ ਵਿਚ ਇਹ ਮੇਰੀ ਦੂਜੀ ਸ਼ਕਸਤ ਸੀ। ਪਹਿਲੀ ਹਾਰ ਮੈਨੂੰ ਮੁਹੱਬਤ ਵਿਚ ਹੋਈ।

ਸ਼ਬਨਮ ਸਾਡੇ ਕਾਲਜ ਸਾਹਮਣੇ ਇਕ ਪ੍ਰਾਈਵੇਟ ਅਕੈਡਮੀ ਦੀ ਪੜ੍ਹਿਆਰ ਕੁੜੀ, ਖਾਬਾਂ ਦੇ ਜੰਗਲ ਵਿਚ ਉੱਡੀ ਫਿਰਨ ਵਾਲੀ ਤਿਤਲੀ ਸੀ। ਮੈਂ ਕੁਝ ਮਹੀਨੇ ਉਹਦੇ ਨਾਲ ਉਸ ਅਕੈਡਮੀ ਵਿਚ ਇਕੱਠੇ ਬੈਠ ਕੇ ਟੀਊਸ਼ਨ ਪੜ੍ਹੀ। ਆਪਣੇ ਪਹਿਰਾਵੇ ਵਿਚ ਬਹੁਤ ਭੜਕੀਲੇ ਰੰਗਾਂ ਦੀ ਚੋਣ ਕਰਨ ਵਾਲੀ ਉਹ ਕੁੜੀ ਬੜੀ ਸ਼ੋਖ ਤੇ ਬੇਹੱਦ ਨਖ਼ਰੇ ਵਾਲੀ ਸੀ।

ਮੈਂ ਪਿੰਡ ਆ ਕੇ ਵੀ ਉਹਦੇ ਖ਼ਿਆਲ ਵਿਚ ਰੁਝਿਆ ਰਹਿੰਦਾ। ਰਾਤੀਂ ਉਹ ਮੇਰੇ ਸੁਪਨਿਆਂ ਅੰਦਰ ਸਾਡੇ ਸਰ੍ਹੋਂ ਦੇ ਖੇਤ ਵਿਚੋਂ ਗੰਦਲਾਂ ਤੋੜਦੀ ਮੁਟਿਆਰ ਦਾ ਰੂਪ ਧਾਰ ਲੈਂਦੀ। ਕਦੀ ਉਹ ਰੋਹੀ ਵਿਚਲੇ ਸਾਡੇ ਵਨ ਦੇ ਬੂਟੇ ਤੋਂ ਪੀਲੂ ਚੁਣਦੀ ਦਿੱਸਦੀ। ਤੇ ਮੈਂ ਹੈਰਾਨ ਹੁੰਦਾ ਜਦ ਕਦੇ ਏਸ ਕਟੇ ਹੋਏ ਵਾਲਾਂ ਵਾਲੀ ਕੁੜੀ ਦਾ ਸੁਫਨੇ ਵਿਚ ਲਮਕਦਾ ਹੋਇਆ ਪਰਾਂਦਾ ਬਾਸ਼ਕ ਨਾਗ ਬਣਿਆ ਮੇਰੀ ਹਿਕ ਤੇ ਸ਼ੂਕਦਾ।

ਮੈਂ ਉਹਦੇ ਤੇ ਮੋਹਿਤ ਹੋ ਗਿਆ ਸਾਂ। ਉਹ ਵੀ ਮੇਰੇ ਸੁਹੱਪਣ ਤੋਂ ਮਤਾਸਰ ਨਜ਼ਰ ਆਉਂਦੀ ਸੀ। ਮੈਂ ਉਹਦੇ ਨੇੜੇ ਹੁੰਦਾ ਐਨੇ ਚਿਰ ਨੂੰ ਕੂਬਾ ਭੈਂਗਾ ਮੈਦਾਨ ਵਿਚ ਕੁਦ ਪਿਆ।

ਕੂਬਾ ਅਕੈਡਮੀ ਦਾ ਨਵਾਂ ਪੜ੍ਹਿਆਰ ਸੀ।

ਰੋਜ਼ਾਨਾ ਦੋ ਮੀਲ ਪੈਦਲ ਤੇ ਦਸ ਕੋਹ ਬੱਸ ਦਾ ਸਫਰ ਕਰਕੇ ਪਿੰਡ ਤੋਂ ਆਉਣ ਵਾਲਾ ਮੈਂ ਇਕ ਛੋਟੇ ਕਿਸਾਨ ਦਾ ਪੁੱਤਰ ਤੇ ਕੂਬਾ ਸ਼ਹਿਰ ਦੀ ਪੋਸ਼ ਕਾਲੋਨੀ ਵਿਚ ਰਹਿੰਦੇ ਕਾਰਖਾਨੇਦਾਰਾਂ ਦਾ ਆਪਣੀ ਗੱਡੀ ਤੇ ਆਉਣ ਵਾਲਾ ਮੁੰਡਾ ਸੀ।

ਛੇ ਦਿਨ ਲਾ ਕੇ ਤਿੰਨ ਸਤਰਾਂ ਵਿਚ ਡਰਾਫਟ ਕੀਤੇ ਆਪਣੇ ਖ਼ਤ ਨੂੰ ਮੈਂ ਅੱਠ ਦਿਨਾਂ ਤੀਕ ਚੰਬੇਲੀ ਦੇ ਫੁੱਲਾਂ ਵਿਚ ਨਪੀ ਰੱਖਿਆ ਤੇ ਫਿਰ ਇਕ ਦਿਨ ਛੁੱਟੀ ਤੋਂ ਪਹਿਲਾਂ ਜਦ ਸ਼ਬਨਮ ਦਾ ਧਿਆਨ ਦੂਜੇ ਪਾਸੇ ਸੀ ਮੈਂ ਉਹਦੇ ਨਾਲ ਕਿਤਾਬ ਵਟਾ ਲਈ।

ਮੇਰਾ ਦਿਲ ਜ਼ੋਰੀਂ ਧੜਕ ਰਿਹਾ ਸੀ। ਕਿਤਾਬ ਵਿਚ ਪਿਆ ਖ਼ਤ ਵੀ ਨਾਲ ਈ

ਗਿਆ ਜਦ ਉਹਨੇ ਅਣਜਾਨੇ ਈ ਇਹ ਬੈੱਗ ਵਿਚ ਪਾ ਲਈ।

ਮੈਨੂੰ ਚੰਬੇਲੀ ਦੀ ਬਸਾਂਦ ਤੋਂ ਡਰ ਸੀ ਪਰ ਕੂਬੇ ਦੀ ਲਗਾਈ ਇਮਪੋਰਟਡ ਪਰਫਊਮ ਨਾਲ ਕਮਰਾ ਮਹਿਕ ਰਿਹਾ ਸੀ।

ਰਾਤੀਂ ਮੈਨੂੰ ਨੀਂਦ ਨਾ ਆਈ। ਅਗਲੇ ਦਿਨ ਕਾਲਜ ਵਿਚ ਵੀ ਅਚਵੀਂ ਲੱਗੀ ਰਹੀ। ਉਸ ਦਿਨ ਮੈਨੂੰ ਅਕੈਡਮੀ ਜਾਣ ਦਾ ਉਤਸ਼ਾਹ ਵੀ ਸੀ ਤੇ ਸ਼ਬਨਮ ਮੋਹਰੇ ਹੁੰਦਿਆਂ ਇਕ ਝਾਕਾ ਵੀ।

'ਕੱਲ੍ਹ ਤੁਹਾਡੇ ਨਾਲ ਕਿਤਾਬ ਬਦਲਾ ਕੀਤੀ।' ਇਕੱਠੇ ਹੁੰਦਿਆਂ ਈ ਸ਼ਬਨਮ ਨੇ ਨਕੌੜਾ ਵਟਦਿਆਂ ਕਿਹਾ ਤੇ ਮੈਥੋਂ ਆਪਣੀ ਕਿਤਾਬ ਮੰਗਦਿਆਂ ਮੇਰੇ ਵਾਲੀ ਪਰਤਾ ਦਿੱਤੀ।

ਮੈਂ ਸਹਿਮ ਗਿਆ ਸਾਂ। ਸਾਹ ਅਟਕਦਾ ਮਹਿਸੂਸ ਹੁੰਦਾ ਸੀ। ਪੀੜ ਦਾ ਪਜ ਪਾ ਕੇ ਮੈਂ ਛੁੱਟੀ ਕਰ ਲਈ।

ਘਰ ਆ ਕੇ ਬੜੀ ਮੁਸ਼ਕਿਲ ਨਾਲ ਕਿਤਾਬ ਖੋਲ੍ਹ ਸਕਿਆ।

'ਗ਼ਰੀਬੜਿਆ! ਮੈਨੂੰ ਇਹ ਲਿਖਣ ਦੀ ਤੇਰੀ ਹਿੰਮਤ ਕਿਵੇਂ ਹੋਈ?' ਮੇਰੀਆਂ ਤਿੰਨ ਸਤਰਾਂ ਉਤੇ ਸੁਰਖ ਲਿਪਸਟਿਕ ਨਾਲ ਅੰਗਰੇਜ਼ੀ ਵਿਚ ਲਿਖੀ ਏਸ ਇਬਾਰਤ ਦਾ ਹਰ ਲਫਜ਼ ਮਘਦਾ ਹੋਇਆ ਅੰਗਿਆਰਾ ਜਾਪਦਾ ਸੀ।

ਮੇਰਾ ਹਾਨ੍ਹਾ ਸੜ ਗਿਆ।

ਨਾਕਾਮ ਮੁਹੱਬਤ ਦੀ ਦਸਤਾਵੇਜ਼ ਇਹ ਪਤਾ ਮੈਂ ਸੰਭਾਲ ਕੇ ਕੀ ਰੱਖਣਾ ਸੀ। ਆਪਣੇ ਕੰਬਦੇ ਹੱਥਾਂ ਨਾਲ ਉਹਨੂੰ ਪਾੜ ਦਿੱਤਾ ਤੇ ਲੱਗਦੇ ਵਾਹ ਹੰਝੂਆਂ ਦੇ ਹੜ੍ਹ ਨੂੰ ਢਕੀ ਰੱਖਿਆ।

'ਤੂੰ ਅੱਜ ਰਾਤੀਂ ਸੁੱਤਾ ਪਿਆ ਰੋਂਦਾ ਰਿਹਾ ਏਂ।' ਸਵੇਰੇ ਮੈਨੂੰ ਜਗਾਉਂਦਿਆਂ ਮਾਂ ਨੇ ਦੱਸਿਆ ਤਾਂ ਮੈਂ ਸਰਹਾਣੇ ਵੱਲ ਵੇਖਿਆ। ਉਹ ਭਿੱਜਾ ਪਿਆ ਸੀ।

ਜੀ ਵਿਚ ਆਇਆ ਸ਼ਬਨਮ ਤੋਂ ਜਾ ਕੇ ਪੁੱਛਾਂ ਕਿ ਗਰੀਬ ਨੂੰ ਕੀ ਮੁਹੱਬਤ ਕਰਨ ਦਾ ਕੋਈ ਹੱਕ ਨਹੀਂ? ਪਰ ਮੈਂ ਅਕੈਡਮੀ ਜਾਣਾ ਈ ਬੰਦ ਕਰ ਦਿੱਤਾ। ਪਿਛੋਂ ਕਈ ਵਾਰ ਉਹਨੂੰ ਕੂਬੇ ਦੀ ਗੱਡੀ ਵਿਚ ਬੈਠੇ ਹੋਏ ਵੇਖਿਆ ਸੀ।

ਕਿਸ਼ਤ ਜਮਾਂ ਕਰਵਾਣ ਦੀ ਮਿਆਦ ਮੁਕ ਗਈ। ਰੁਪਈਆਂ ਦਾ ਬੰਨ੍ਹ ਸੰਮ੍ਹ ਕੋਨੀ ਹੋਇਆ। ਬੈਂਕ ਦੇ ਹਰਕਾਰੇ ਗੱਡੀ ਚੜ੍ਹੇ ਹਰ ਪਿੰਡ ਚਿਤਾਵਣੀ ਦੇਂਦੇ ਫਿਰਦੇ।

ਤੇ ਅਫਵਾਹਾਂ ਗਰਦਸ਼ ਵਿਚ, ਅਖੇ :

'ਉੱਚੇ ਪਿੰਡ ਦੇ ਗਹਿਲੇ ਜੱਟ ਦੀ ਪੈਲੀ ਨੀਲਾਮ ਹੋ ਗਈ।'

ਜਾਂ

'ਉਹ ਭਈ ਕਰਜ਼ੇ ਮੁਆਫ ਹੋ ਰਹੇ ਜੇ।'

ਤੇ ਇਹੀ ਗੱਲ ਇਕ ਦਿਨ ਜਦ ਮੈਨੂੰ ਭਾਅ ਨੇ ਪੁੱਛੀ ਤਾਂ ਮੈਂ ਕਿਹਾ, 'ਹਾਂ! ਸਰਕਾਰ ਕਰਜ਼ੇ ਮੁਆਫ ਕਰ ਰਹੀ ਏ ਪਰ ਸਿਰਫ ਜਗਾ ਦਰਮੀ ਠਗਾ ਦੇ।'

ਫੇਰ ਖ਼ਬਰ ਆਈ ਸਾਡੇ ਪਿੰਡ ਦੇ ਮਹੀਦੇ ਵਿੱਲੋਂ ਦੀ ਕੁਰਕੀ ਹੋ ਗਈ। ਕੋਈ ਕਹਿੰਦਾ ਇਹ ਝੂਠ ਏ। ਕੋਈ ਆਖਦਾ ਸੱਚ ਏ। ਨਿਤਾਰਾ ਉਸ ਦਿਨ ਹੋਇਆ ਜਦੋਂ ਪਿੰਡ ਦੀਆਂ ਕੰਧਾਂ ਤੇ ਪੋਸਟਰ ਲੱਗ ਗਏ।



ਚਾਚੇ ਮਹੀਦੇ ਨੇ ਨੀਲਾਮੀ ਵਾਲੀ ਸਵੇਰ ਤੋਂ ਇਕ ਰਾਤ ਅਗਦੋਂ ਚੂਹੇ ਮਾਰ ਗੋਲੀਆਂ ਖਾ ਲਈਆਂ ਸਨ।

'ਬੇਪਤ ਹੋਣ ਨਾਲੋਂ ਮਰਨ ਈ ਚੰਗਾ,' ਇਕ ਰਾਤੀਂ ਮਹੀਦੇ ਦੀ ਮੌਤ ਤੇ ਤਬਸਰਾ ਕਰਦਿਆਂ ਪਿਉ ਨੇ ਕਿਹਾ ਤਾਂ ਅਸੀਂ ਸਾਰੇ ਡਰ ਗਏ। ਅਗਲੀ ਭਲਕ ਭਾਬੀ ਕੂਮਾ ਨੇ ਕਣਕ ਵਿਚ ਰੱਖੀਆਂ ਗੋਲੀਆਂ ਖੁਰੇ ਅੰਦਰ ਨਾਲੀ ਵਿਚ ਵਹਾ ਛੱਡੀਆਂ ਤੇ ਮੈਂ ਘਰ ਵਿਚ ਪਈਆਂ ਜ਼ਹਿਰੀਲੀ ਸਪਰੇ ਵਾਲੀਆਂ ਦੋਵੇਂ ਬੋਤਲਾਂ ਟੋਇਆ ਕੱਢ ਕੇ ਡੇਰੇ ਤੇ ਨਪ ਆਇਆ।

ਭਾਅ ਨੇ 'ਜੱਟਾਂ ਤੇਰੀ ਜੂਨ ਬੁਰੀ' ਜਾਂ ਅਜਿਹਾ ਈ ਹੋਰ ਕੁਝ ਗੁਨਗਨਾਉਣਾ ਛੱਡ ਤਾ। ਉਹਨੇ ਦੜ ਵਟ ਲਈ ਸੀ ਜਿਵੇਂ ਉਹ ਠਠੰਬਰ ਗਿਆ ਹੋਵੇ। ਉਹਦੇ ਮਨ ਵਿਚ ਏਸ ਕਰਜ਼ੇ ਵਾਲੀ ਫਿਕਰ ਦੇ ਨਾਲ ਕਿਧਰੇ ਸ਼ਾਇਦ ਆਪਣੇ ਦੋਸ਼ੀ ਹੋਣ ਦਾ ਅਹਿਸਾਸ ਵੀ ਸੀ ਕਿ ਟਿਊਬਵੈਲ ਲਗਾਉਣ ਪਿਛੋਂ ਬਚੇ ਹੋਏ ਰੁਪਈਏ ਉਹਦੇ ਵਿਆਹ ਲਈ ਕੰਮ ਆਏ ਸਨ।

'ਜਦ ਸ਼ਮੀਰ ਦਾ ਰਿਸ਼ਤਾ ਆਇਆ। ਆਪਣੇ ਕੋਲ ਭਲੇਮਾਣਸ ਤੇ ਸਾਊ ਹੋਣ ਦੀ ਨਾਮਨਾ ਤੋਂ ਸਿਵਾ ਕੁਝ ਨਹੀਂ ਸੀ।' ਪਿਉ ਦੱਸਦਾ ਹੁੰਦਾ ਏ। 'ਵਿਆਹ ਗੁਡੀ ਗੁਡੇ ਦੀ ਖੇਡ ਨਹੀਂ ਹੁੰਦਾ। ਮੈਂ ਬੰਬੀ ਦੇ ਖਰਚੇ ਨਾਲ ਇਹਦੇ ਵਿਆਹ ਦਾ ਹਿਸਾਬ ਜੋੜ ਕੇ ਬੈਂਕ ਨੂੰ ਦਰਖਾਸਤ ਦੇ ਦਿੱਤੀ।'

ਭਾਬੀ ਕੂਮਾ ਦੇ ਗਹਿਣੇ ਏਸੇ ਲਹਿਣੇ ਵਿਚ ਤੁਰ ਗਏ ਹੋਏ। ਖੁਰਲੀ ਤੇ ਇਕ ਲਵੇਰੀ ਤੋਂ ਸਿਵਾ ਹੋਰ ਕੱਟਾ ਵਛਾ ਕੋ ਨੀ।

ਤੇਜ਼ੀ ਨਾਲ ਬੁੱਢੇ ਹੋ ਰਹੇ ਪਿਉ ਦਾ ਲਕ ਹੋਰ ਕੁੱਬਾ ਹੋ ਗਿਆ ਸੀ ਤੇ ਭਾਅ ਦਿਨਾਂ ਵਿੱਚ ਈ ਆਪਣੀ ਉਮਰ ਤੋਂ ਦੂਣਾ ਜਾਪਣ ਲੱਗ ਪਿਆ।

ਤੇ ਫੇਰ ਇਕ ਦਿਨ ਚੁੱਪ ਕੀਤੇ ਈ ਪਿਉ ਕਚਹਿਰੀ ਜਾ ਕੇ ਆਪਣੀ ਦਸਾਂ ਵਿਘਿਆਂ ਦੀ ਮਾਲਕੀ ਵਿਚੋਂ ਤਿੰਨ ਵਿਘੇ ਜ਼ੈਲਦਾਰਾਂ ਦੇ ਨਾਂ ਲਵਾ ਆਇਆ। ਮੈਂ ਸੋਚਨਾ ਗੁਲੂ ਸ਼ਾਹ ਦੇ ਮੇਲੇ ਵਿਚ ਹੋਈ ਭਾਂਜ ਦਾ ਬਦਲਾ ਜ਼ੈਲਦਾਰਾਂ ਸਾਨੂੰ ਜ਼ਿੰਦਗੀ ਦੇ ਮੇਲੇ ਵਿਚ ਚਿਤ ਕਰਕੇ ਲੈ ਲਿਤਾ ਏ।

ਭਾਅ ਨੇ ਚੁੱਪ ਨਾ ਸਾਧ ਲਈ ਹੁੰਦੀ ਤਾਂ ਉਹ 'ਮਾਂ ਘਰ ਨਿਜ ਜੰਮਿਓ ਜ਼ਮੀਨ ਦੇ ਆਇਓ ਬੈਅ ਕਰਕੇ', ਇਕ ਵਾਰ ਜ਼ਰੂਰ ਗੁਨਗਨਾਉਂਦਾ।

ਬੈਂਕ ਦਾ ਕਰਜ਼ਾ ਲਾਹ ਕੇ ਬਾਕੀ ਰੁਪਈਆਂ ਨਾਲ ਮਾਂ ਆਪਣੇ ਪੇਕਿਆਂ ਤੋਂ ਮੇਰੇ ਲਈ ਇਕ ਅਰਬ ਮੁਲਕ ਦਾ ਵਰਕ ਵੀਜ਼ਾ ਲੈਣ ਦੀ ਗੱਲ ਕਰ ਆਈ। ਇਹ ਪੂਰੇ ਘਰ ਦਾ ਫੈਸਲਾ ਸੀ।

ਮਾਹੌਲ ਵਿਚ ਇਕ ਅਜੀਬ ਉਦਾਸੀ ਏ।

ਥੋੜ੍ਹੇ ਦਿਨਾਂ ਬਾਅਦ ਮੈਂ ਇਕ ਓਭੜ ਧਰਤੀ ਤੇ ਹੋਵਾਂਗਾ। ਮੇਰੀ ਆਪਣੀ ਮਿੱਟੀ ਜਿਹਨੂੰ ਅਸਾਂ ਮਾਂ ਮੰਨਿਆ ਏ, ਮੇਰੇ ਲਈ ਭਾਈ ਉਹ ਮਤਰੇਈ ਹੋ ਗਈ।

ਤੇ ਪੁਰਖਿਆਂ ਦਾ ਆਖਿਆ :

'ਮੰਜੀ ਊਨਾ ਵਾਰ ਧਰਾਵਾ
ਕਿੜੀ ਬੰਨ੍ਹ ਕਨਵਾਨ

## ਲਹਿੰਦੇ ਪੰਜਾਬ ਦੀ ਨਵੀਂ ਕਹਾਣੀ ਤੇ ਖ਼ਾਲਿਦ ਫ਼ਰਹਾਦ ਧਾਰੀਵਾਲ

**-ਗੁਰਪਾਲ ਸਿੰਘ ਸੰਧੂ**

ਖ਼ਾਲਿਦ ਫ਼ਰਹਾਦ ਧਾਰੀਵਾਲ ਲਹਿੰਦੇ ਪੰਜਾਬ ਵਿੱਚ ਲਿਖੀ ਜਾ ਰਹੀ ਨਵੀਂ ਪੰਜਾਬੀ ਕਹਾਣੀ ਵਿੱਚ ਅਹਿਮ ਨਾਂ ਹੈ ਅਸਲ ਵਿੱਚ ਲਹਿੰਦੇ ਪੰਜਾਬ ਦੀ ਨਵੀਂ ਕਹਾਣੀ ਸਿਫ਼ਤੀ ਤੌਰ ’ਤੇ ਆਪਣੀ ਮੁੱਢਲੀ ਰਵਾਇਤ ਤੋਂ ਹਟਕੇ ਹੀ ਆਪਣਾ ਰੂਪ ਅਖਤਿਆਰ ਕਰਦੀ ਹੈ ਜਿੱਥੇ ਪਹਿਲੀ ਕਹਾਣੀ ਦਾ ਬਿਰਤਾਂਤ ਆਪਣੇ ਵਰਤਮਾਨ ਨੂੰ ਅਤੀਤ ਨਾਲ ਜੋੜਕੇ ਪੰਜਾਬੀ ਸੁਭਾਅ ਦੀ ਤਹਿਜ਼ੀਬੀ ਬੁਨਿਆਦ ਦੀ ਨਿਸ਼ਾਨਦੇਹੀ ਕਰਦੀ ਸੀ, ਉਥੇ ਨਵੀਂ ਕਹਾਣੀ ਦਾ ਬਿਰਤਾਂਤ ਵਰਤਮਾਨ ਵਿੱਚੋਂ ਅਤੀਤ ਦਾ ਖੁਰਾ ਤਲਾਸ਼ ਕੇ ਉਸੇ ਵਿੱਚੋਂ ਹੀ ਭਵਿੱਖ ਦੀ ਤਸਵੀਰਕਸ਼ੀ ਕਰਨ ਦਾ ਯਤਨ ਕਰਦਾ ਹੈ ਇਸੇ ਵਾਸਤੇ, ਇਹ ਕਹਾਣੀ ਅਤੀਤ ਦਾ ਜ਼ਿਕਰ ਕੀਤੇ ਬਗ਼ੈਰ ਨਾ ਕੇਵਲ ਅਤੀਤ ਨੂੰ ਜਿਉਂਦਾ ਕਰ ਲੈਂਦੀ ਹੈ, ਸਗੋਂ ਅਜਿਹੀ ਪ੍ਰਤੀਕਮਈ ਭਾਸ਼ਾਈ ਵਿਉਂਤ ਦਾ ਨਿਰਮਾਣ ਵੀ ਕਰ ਲੈਂਦੀ ਹੈ ਜੋ ਇੱਕ ਵਿਸ਼ੇਸ਼ ਕਾਲ ਦੀ ਗੱਲ ਕਰਦੀ ਹੋਈ ਯਥਾਰਥ ਦੇ ਤ੍ਰੈਕਾਲੀ ਪਾਸਾਰ-ਮੰਡਲ ਦੀ ਪਰਿਕਰਮਾ ਕਰ ਜਾਂਦੀ ਹੈ ਇਹ ਹੀ ਵਜ੍ਹਾ ਹੈ ਕਿ ਇਹਨਾਂ ਕਹਾਣੀ ਵਿੱਚ ਬਿਰਤਾਂਤਕ ਕਾਲ ਦੀ ਰੂਪ-ਰਚਨਾ ਇਸ ਢੰਗ ਨਾਲ ਕੀਤੀ ਜਾਂਦੀ ਹੈ ਕਿ ਉਹ ਵਰਤਮਾਨ ਉੱਤੇ ਕੇਂਦਰਿਤ ਹੁੰਦਾ ਹੋਇਆ ਵੀ ਵਰਤਮਾਨ ਤੋਂ ਪਾਰ ਫੈਲ ਜਾਂਦਾ ਹੈ ਮਿਸਾਲ ਦੇ ਤੌਰ ’ਤੇ ਉਸਦੀ ਕਹਾਣੀ ‘ਘਰ’ ਲਈ ਜਾ ਸਕਦੀ ਹੈ ਇਸ ਕਹਾਣੀ ਦੀ ਸਿੱਧੀ ਪੜ੍ਹਤ ਵਿੱਚ ਇਹ ਇੱਕ ਕੁੜੀ ਦੇ ਵਿਆਹੇ ਜਾਣ ਤੋਂ ਬਾਅਦ ਉਸਦੀ ਪੇਕੇ ਘਰ ਅਤੇ ਉਸ ਘਰ ਦੀਆਂ ਚੀਜਾਂ ਵਸਤਾਂ ਤੋਂ ਉਸਦੇ ਹੱਕ ਦੇ ਖ਼ਾਰਜ ਹੋਣ ਦੀ ਦਾਸਤਾਨ ਹੈ ਪਰ ਜੇਕਰ ਆਪਾਂ ਇਸ ਕਹਾਣੀ ਨੂੰ ਘਰ ਦੇ ਗੁਆਚਣ ਦੇ ਇਸਤਿਆਰੇ ਰਾਹੀ ਸਮਝਣ ਦੀ ਕੋਸ਼ਿਸ਼ ਕਰੀਏ ਤਾਂ ਇਹ ਕਹਾਣੀ ਆਪਣੀ ਪ੍ਰਤੀਕਾਤਮਕ ਅਰਥ ਰਚਨਾ ਰਾਹੀਂ ਨਾ ਕੇਵਲ ਵਿਸਥਾਪਤ ਹੋਏ ਬੰਦੇ ਦੀ ਮਾਨਸਿਕਤਾ ਨੂੰ ਬਿਆਨ ਕਰ ਰਹੀ ਦਿਖਾਈ ਦਿੰਦੀ ਹੈ, ਸਗੋਂ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਕਰੋੜਾਂ ਪੰਜਾਬੀਆਂ ਦੇ ਇੱਕ ਦੂਜੇ ਦੇ ਅਧਿਕਾਰ ਵਿੱਚ ਆਈਆਂ ਧਰਤੀਆਂ, ਇਲਾਕਿਆਂ ਅਤੇ ਲੋਕਾਂ ਦੇ ਹਵਾਲੇ ਨਾਲ ਚੜ੍ਹਦੇ ਤੇ ਲਹਿੰਦੇ ਦੋਵਾਂ ਪੰਜਾਬਾਂ ਵਿੱਚ ਲੁਕਵੇਂ ਰੂਪ ਵਿੱਚ ਸਰਗਰਮ ਮੁਸਤਰਕਾ ਪੰਜਾਬੀ ਹਸਤੀ ਅਤੇ ਪਹਿਚਾਣ ਦੀ ਕਹਾਣੀ ਵੀ ਬਣ ਜਾਂਦੀ ਹੈ ਇਹ ਅਜਿਹੀ ਕਹਾਣੀ ਹੈ ਜਿਥੇ ਅਸੀ ਕਦੇ ‘ਘਰ’ ਦੇ ਮਾਲਕ ਹੁੰਦੇ ਵੀ ਉਸ ਵਿੱਚੋਂ ਖਾਰਜ ਹੋ ਜਾਂਦੇ ਹਾਂ ਅਤੇ ਕਦੇ ਕਦੇ ਅਸੀਂ ‘ਘਰ’ ਵਿੱਚ ਮੌਜੂਦ ਨਾ ਹੁੰਦੇ ਹੋਏ ਵੀ ਉੱਥੇ ਹਾਜ਼ਰ ਦਿਖਾਈ ਦਿੰਦੇ ਹਾਂ ਇਹ ਹੀ ਲਹਿੰਦੇ ਪੰਜਾਬ ਵਿੱਚ ਲਿਖੀ ਜਾ ਰਹੀ ਨਵੀਂ ਪੰਜਾਬੀ ਕਹਾਣੀ ਦੀ ਉਹ ਤਖ਼ਲੀਕੀ ਵਿਲੱਖਣਤਾ ਹੈ ਜੋ ਉਸਨੂੰ ਸਮੁੱਚੀ ਪੰਜਾਬੀ ਕਹਾਣੀ ਵਿੱਚ ਨਿਵੇਕਲਾ ਸਥਾਨ ਪ੍ਰਦਾਨ ਕਰਦੀ ਹੈ

---

ਤਿੰਨੇ ਕੰਮ ਕੁਬਦੇ ਸਖੇ
ਨਾ ਖਟਣ ਨਾ ਖਾਣ।’

ਉਦੋਂ ਉਲਟ ਜਾਏਗਾ ਜਦੋਂ ਮੈਂ ਉਥੇ ਰਾਜ ਗੀਰੀ ਕਰ ਰਿਹਾ ਹੋਵਾਂਗਾ।

‘ਉਹ ਕੁਤਬੀ ਤਾਰਾ, ਇਹ ਖਿਤੀਆਂ, ਆਹ ਤਰੰਗਲ...।’ ਤਾਰੇ ਵੇਖਦਾ ਹੋਇਆ ਮੈਂ ਸੋਚ ਰਿਹਾ ਘਰ ਤੋਂ ਦੂਰ ਬਹੁਤ ਦੁਰਾਂਡੇ, ਕਿਤੇ ਦੂਜੇ ਥਾਂ ਰਹਿ ਕੇ ਵੇਖਦਿਆਂ ਹੋਇਆਂ ਇਨ੍ਹਾਂ ਦੀ ਦਿਸ਼ਾ ਵਿਚ ਕੋਈ ਫ਼ਰਕ ਤੇ ਨਹੀਂ ਪਏਗਾ?’



## ਵਟਾਂਦਰਾ

‘ਧੀਏ ਵੇਖ! ਭਰਾ ਤੇਰੇ ਦਾ ਘਰ ਵੱਸ ਜਾਊ, ਹੋਰ ਕੀ ਚਾਹੀਦਾ ਏ।’ ਤਾਈ ਜੰਨਤੇ ਨੇ ਤਾਜੋ ਨੂੰ ਕਿਹਾ, ਜੋ ਵਿਹੜੇ ਦੀ ਇਕ ਨੁੱਕਰੇ ਮੰਜੀ ਉੱਤੇ ਗ਼ਮ ਦੀ ਮੂਰਤ ਬਣੀ ਬੈਠੀ ਸੀ ਤੇ ਮੰਜੀ ਦੀ ਪਵਾਂਦੀ ਪਾਵੇ ਨਾਲ ਲੱਗੀ, ਉਸ ਦੀ ਦੁੱਧ ਵਰੇਸੀ ਬਾਲੜੀ ਭੁੱਖ ਵਜੋਂ ਰਿਹਾੜੇ ਪਈ ਹੋਈ ਸੀ। ਤਾਈ ਨੇ ਬਾਲੜੀ ਨੂੰ ਕੁੱਛੜ ਚਾਇਆ, ਆਪਣੇ ਦੁਪੱਟੇ ਦੇ ਪੱਲੇ ਨਾਲ ਉਹਦਾ ਨੱਕ ਮੂੰਹ ਪੂੰਝਿਆ ਤੇ ਫਿਰ ਉਹਨੂੰ ਤਾਜੋ ਦੀ ਝੋਲੀ ਵਿਚ ਪਾਉਂਦੀ ਹੋਈ ਬੋਲੀ—‘ਲੈ ਫੜ ਦੁੱਧ ਦੇਹ ਇਹਨੂੰ।’ ਹੰਝੂ ਜੋ ਅੱਜ ਸਵੇਰ ਦੇ ਈ ਤਾਜੋ ਦੀਆਂ ਅੱਖਾਂ ਵਿਚ ਪਏ ਤਰਦੇ ਸੀ, ਵਹਿ ਪਏ। ਬਾਲੜੀ ਨੂੰ ਚੁੱਪ ਕਰਾਉਂਦੀ ਹੋਈ ਉਹ ਆਪ ਵਿਲਕ ਪਈ। ਅੱਖੀਆਂ ਵਿਚੋਂ ਵਗਦੇ ਹੰਝੂਆਂ ਤੋਂ ਪਰ੍ਹੇ ਕਿਧਰੇ ਮਨ ਦੇ ਪਾਤਾਲ ਵਿਚ ਲੱਗਦਾ ਸੀ ਕੋਈ ਦੁੱਖ ਹੈ, ਜਿਸ ਦਾ ਪਰਛਾਵਾਂ ਤਾਜੋ ਦੇ ਚਿਹਰੇ ’ਤੇ ਸਾਫ਼ ਵਿਖਾਈ ਦੇਂਦਾ ਸੀ।

‘ਨਾ ਪਈ ਇੰਜ ਤੇ ਨਹੀਂ ਸਰਨਾ।’ ਘਰ ਨਾਲ ਜੁੜਵੇਂ ਡੰਗਰਾਂ ਦੇ ਵਾੜੇ ਵੱਲ ਝਾਕਦਿਆਂ ਤਾਈ ਨੇ ਰੋਂਦੀ ਹੋਈ ਤਾਜੋ ਦੇ ਸਿਰ ’ਤੇ ਹੱਥ ਰੱਖ ਦਿੱਤਾ ਤੇ ਫਿਰ ਉਹਨੂੰ ਸਮਝਾਉਣ ਦੇ ਢੌਂਗ ਵਿਚ ਬੋਲੀ, ‘ਇੰਜ ਰੋਸਾ ਲਾ ਕੇ ਤੈਨੂੰ ਬੈਠੀ ਹੋਈ ਨੂੰ ਭਰਾ ਤੇਰੇ ਜੇ ਵੇਖ ਲਿਆ ਤਾਂ...।’

ਤਾਜੋ ਚੁੱਪ ਕਰ ਗਈ। ਝੱਟ ਰੋ ਲੈਣ ਨਾਲ ਮਨ ਉਹਦਾ ਹੌਲਾ ਹੋ ਗਿਆ ਜਾਪਦਾ ਸੀ ਜਾਂ ਫਿਰ ਤਾਈ ਜੰਨਤੇ ਦੀ ਅੱਧੋਰਾਣੀ ਗੱਲ ਦਾ ਕੋਈ ਅਸਰ ਹੋ ਗਿਆ ਲੱਗਦਾ ਸੀ।

ਦੁੱਧ ਪੀ ਲੈਣ ਮਗਰੋਂ ਹੁਣ ਉਸ ਦੀ ਬਾਲੜੀ ਵੀ ਵਿਹੜੇ ਵਿਚ ਮੁੜ ਖੇਡਣ ਲੱਗ ਪਈ ਸੀ।

ਤਾਈ ਜੰਨਤੇ ਨੇ ਬਾਜ਼ੂ ਤੋਂ ਫੜ ਕੇ ਖੜਾ ਕਰਦੇ ਹੋਏ ਤਾਜੋ ਨੂੰ ਹੱਥ-ਮੂੰਹ ਧੋ, ਲੀੜਾ-ਲੱਤਾ ਬਦਲਣ ਦਾ ਕਿਹਾ ਕਿ ਅੱਜ ਕੁਝ ਲੋਕ ਏਥੇ ਪ੍ਰਾਹਣੇ ਆਉਣ ਵਾਲੇ ਸਨ।

ਤਾਜੋ ਦਾ ਇਹ ਪੇਕਾ ਘਰ ਸੀ ਤੇ ਮਾਪੇ ਪੇਕੇ ਤਦ ਹੀ ਅਖਵਾਉਂਦੇ ਨੇ ਜਦ ਸਹੁਰੇ ਵੀ ਹੋਣ ਕਿਧਰੇ, ਪਰ ਤਾਜੋ ਦੇ ਸਹੁਰੇ ਸਾਲ ਕੁ ਹੋਇਆ ਛੁੱਟ ਗਏ ਹੋਏ ਸੀ। ਛੁੱਟੇ ਕੀ ਸਨ, ਆਪ ਛੁਡਾਏ ਗਏ ਸੀ। ਆਪਣੀ ਲੋੜ ਮੂਜਬ।

ਉਹਦੀ ਭਰਜਾਈ ਦੇ ਪਲੇਠੀ ਦਾ ਬਾਲ ਹੋਣ ਵਾਲਾ ਸੀ। ਜਦ ਆਪਣੀ ਬਾਲੜੀ ਨਾਲ ਉਹ ਏਥੇ ਆਈ ਸੀ, ਪੇਕੇ ਘਰ ਦੀਆਂ ਖ਼ੁਸ਼ੀਆਂ ਵਿਚ ਸ਼ਾਮਲ ਹੋਣ ਤੇ ਫਿਰ ਪੇਕੇ ਘਰ ਦੀ ਈ ਹੋ ਕੇ ਰਹਿ ਗਈ ਸੀ। ਮੁੜ ਜਾ ਈ ਨਹੀਂ ਸੀ ਸਕੀ। ਖ਼ੁਸ਼ੀ ਵਾਲੇ ਦਿਹਾੜੇ ਨੂੰ ਉਡੀਕਦੀ ਤਾਜੋ ਨੂੰ ਕੀ ਪਤਾ ਸੀ ਕਿ ਏਸ ਘਰ ਆਉਣ ਵਾਲਾ ਬਾਲ ਉਹਦੀ ਭਰਜਾਈ ਨੂੰ ਲੈਣ ਵਾਸਤੇ ਆਇਆ ਕੋਈ ਮੌਤ ਦਾ ਫ਼ਰਿਸ਼ਤਾ ਈ ਹੋਵੇਗਾ।

...ਤੇ ਉਹ ਵਿਹੜਾ ਜਿਥੇ ਚਾਵਾਂ ਦੇ ਮੂਹੜੇ ਡਾਹੇ ਜਾਣੇ ਸਨ, ਉਥੇ ਗ਼ਮ ਦੀ ਫੂਹੜੀ ਵਿਛ ਗਈ ਸੀ ਤੇ ਇਕ ਬਾਲਕ ਦੇ ਜੰਮਣ ਦੀ ਵਧਾਈ ਕਬੂਲਣ ਦੀ ਥਾਂ ਇਕੱਠੀਆਂ ਦੋ ਮੌਤਾਂ ਦਾ ਸੋਗ ਮੰਨਣਾ ਪੈ ਗਿਆ ਸੀ ਉਨ੍ਹਾਂ ਨੂੰ।

ਫੂਹੜੀ ਚੁੱਕੇ ਜਾਣ ਪਿੱਛੋਂ ਤਾਜੋ ਦੇ ਸਹੁਰਿਆਂ ਜਦ ਉਹਨੂੰ ਨਾਲ ਲੈ ਜਾਣ ਦੀ ਗੱਲ ਕੀਤੀ ਤਾਂ ਅੱਗੇ ‘ਮਰਨ ਵਾਲੀ ਜੇ ਜੀਊਂਦੀ ਰਹਿੰਦੀ ਤਾਂ ਵੀ ਤੇ ਇਹਨੇ ਛਿਲੇ ਤੀਕ

ਰਹਿਣਾ ਈ ਸੀ, ਥੋੜ੍ਹਾ ਹੋਰ ਰਹਿ ਲਏ, ਫੇਰ ਆਪ ਛੱਡ ਆਵਾਂਗੇ ਅਸੀਂ' ਦਾ ਵਲਦਾ ਮਿਲਿਆ। ਛੱਡ ਕੇ ਆਉਣ ਵਾਲਾ ਕੋਈ ਦਿਨ ਨਾ ਆਉਣਾ ਸੀ, ਨਾ ਆਇਆ ਪਰ ਏਧਰੋਂ ਕਈ ਫੇਰੇ ਘੱਤੇ ਉਨ੍ਹਾਂ ਤੇ ਹਰ ਵਾਰ ਖ਼ਾਲੀ ਈ ਮੁੜੇ। ਉਹਦਾ ਭਰਾ ਫੱਜਾ ਟੀਰਾ ਹਰ ਫੇਰੇ ਈ ਮੋਹਲਤ ਮੰਗ ਲੈਂਦਾ ਸੀ, ਕੋਈ ਨਾ ਕੋਈ ਉਜ਼ਰ ਬਹਾਨਾ ਘੜ ਲੈਂਦਾ। ਉਹ ਟਾਲ-ਮਟੋਲ ਈ ਕਰਦਾ ਰਿਹਾ। ਤਾਜੋ ਦੇ ਸਹੁਰਿਆਂ ਔਕਿਆਂ ਹੋਇਆਂ ਫੱਜੇ ਕਿਆਂ ਦੇ ਬੂਹੇ ਪਰ੍ਹਾ ਲਿਆ ਬਿਠਾਈ ਤੇ ਫੱਜਾ ਜੋ ਪਹਿਲੋਂ ਈ ਪੱਜ ਭਾਲਦਾ ਸੀ ਪਰ੍ਹਾਂ ਤੋਂ ਵੱਟ ਖਾ ਗਿਆ। ਅਖੇ—

'ਸਾਨੂੰ ਭੰਡ ਨਹੀਂ ਨੇ ਦਿੱਤਾ ਇਹ ਪਰ੍ਹਾ ਲਿਆ ਕੇ।'

'ਟੋਰਨ ਤੋਂ ਇਨਕਾਰੀ ਸਾਂ ਅਸੀਂ ਕੋਈ ਭਲਾ।'

'ਬੁਰਿਆਂ ਬਣਾਇਆ ਈ ਨੇ ਜੇ ਹੁਣ, ਤਾਂ ਚਲੋ ਅਸੀਂ ਬੁਰੇ ਈ ਸਹੀ।'

'ਜਾਓ ਵਗ ਜਾਓ, ਅਸਾਂ ਨਹੀਂ ਜੇ ਘੱਲਣੀ ਕੁੜੀ।'

ਫੱਜਾ ਤਿੜਿਆ ਤਾਂ ਉਹ ਵੀ ਤਣ ਗਏ ਤੇ ਫਿਰ ਦੋਨਾਂ ਪਾਸੇ ਦੇ ਅਕੜਾ ਨਾਲ ਕੁਝ ਟੁੱਟਣਾ ਈ ਸੀ, ਸੋ ਤਾਜੋ ਦਾ ਰਿਸ਼ਤਾ ਟੁੱਟ ਗਿਆ ਤੇ ਉਹਨੂੰ ਤਲਾਕ ਹੋ ਗਈ। ਭਾਵੇਂ ਉਹ ਤਲਾਕ ਨਹੀਂ ਸੀ ਚਾਹੁੰਦੀ ਤੇ ਇਹ ਉਹਦੀ ਮਰਜ਼ੀ ਦੇ ਖ਼ਿਲਾਫ਼ ਈ ਹੋਇਆ ਸੀ।

ਤਾਜੋ ਨੂੰ ਜਦੋਂ ਅਜੇ ਤਲਾਕ ਨਹੀਂ ਸੀ ਮਿਲੀ ਹੋਈ, ਉਹ ਸੋਚਦੀ ਕਿ ਉਹ ਆਪ ਮੁਹਾਰੀ ਸਹੁਰੇ ਚਲੀ ਜਾਏ ਪਰ ਉਹ ਏਸ ਦੇ ਸਿੱਟੇ ਤੋਂ ਡਰ ਜਾਂਦੀ। ਘਰ ਵਾਲਿਆਂ ਦੀ ਮਨਸ਼ਾ ਦੇ ਵਿਰੁੱਧ ਆਪ ਮੁਹਾਰੇ ਸਹੁਰੇ ਟੁਰ ਜਾਣ ਦਾ ਮਤਲਬ ਸੀ—ਸਦਾ ਲਈ ਪੇਕੇ ਘਰ ਤੋਂ ਛੁੱਟੀ। ਅਤੇ ਪੇਕੇ ਘਰ ਨਾਲ ਮੁਹੱਬਤ ਤਾਂ ਧੌਰੇ ਹਰ ਔਰਤ ਦੀ ਮਿੱਟੀ ਵਿਚ ਈ ਰਚੀ ਹੁੰਦੀ ਏ ਤੇ ਜੀਉਂਦੇ ਜੀ ਕੋਈ ਵੀ ਔਰਤ ਪੇਕੇ ਘਰ ਨਾਲੋਂ ਟੁੱਟਣਾ ਨਹੀਂ ਚਾਹੁੰਦੀ। ਇਹੀ ਮੋਹ ਤਾਜੋ ਨੂੰ ਆਪ ਮੁਹਾਰੇ ਸਹੁਰੇ ਚਲੇ ਜਾਣ ਤੋਂ ਰੋਕਦਾ ਰਿਹਾ। ਨਾਲੇ ਪੇਕੇ ਕੰਡ ਤੇ ਨਾ ਹੋਣ ਤਾਂ ਸਹੁਰੇ ਘਰ ਵੀ ਕਿਹੜੀ ਕਦਰ ਹੁੰਦੀ ਏ ਤੀਵੀਂ ਦੀ, ਇਹੀ ਸੋਚ ਉਹਨੂੰ ਵਰਜਦੀ ਰਹੀ।

ਤਾਜੋ ਤੇ ਉਹਦੇ ਭਰਾ ਫੱਜੇ ਦਾ ਵਿਆਹ ਦੋ ਢਾਈ ਵਰ੍ਹੇ ਪਹਿਲਾਂ ਇਕੱਠਾ ਹੀ ਹੋਇਆ ਸੀ, ਇਕੋ ਘਰੇ ਤੇ ਬੜੀ ਔਖਤ ਨਾਲ ਹੋਈ ਸੀ ਇਹ ਕੁੜਮਾਈ। ਤਾਜੋ ਲਈ ਰਿਸ਼ਤਿਆਂ ਦੀ ਕੋਈ ਥੁੜ੍ਹ ਨਹੀਂ ਸੀ। ਰਿਸ਼ਤੇ ਦੀ ਘਾਟ ਸੀ ਤਾਂ ਬਸ ਉਹਦੇ ਭਰਾ ਫੱਜੇ ਟੀਰੇ ਲਈ ਹੀ। ਜਿਹਦੀਆਂ ਅੱਖਾਂ ਚੁੰਨ੍ਹੀਆਂ ਸਨ, ਨਾਲੇ ਉਹ ਇਕ ਅੱਖੋਂ ਟੀਰਾ ਵੀ ਸੀ ਤੇ ਅੱਖ ਜ਼ਰੀ ਪੰਘਲਾ ਕੇ ਵੇਖਣ ਪਾਰੋਂ ਈ ਲੋਕ ਉਹਨੂੰ ਫੱਜਾ ਟੀਰਾ ਬੋਲਦੇ ਸਨ। ਏਸ ਬੱਜ ਤੋਂ ਛੁੱਟ ਉਹਦਾ ਇਕ ਵਸਬ ਹੋਛਾ ਹੋਣ ਤੇ ਸੁਭਾਅ ਆਪਣੇ ਦਾ ਕੌੜਾਪਣ ਵੀ ਸੀ। ਐਬਾਂ ਦੀ ਟੋਹ ਵਿਚ ਰਹਿਣ ਵਾਲੇ ਸ਼ਰੀਕੇ ਲਈ ਐਨਾ ਕੁਝ ਕਾਫ਼ੀ ਸੀ। ਅੱਵਲ ਤਾਂ ਏਸ ਹਾਲ ਕੋਈ ਰਿਸ਼ਤਾ ਮਿਲਣਾ ਈ ਔਖਾ ਸੀ। ਭਲਾ ਅੱਖੀਂ ਡਿੱਠਾ ਥੁੱਕ ਕੌਣ ਚੱਟੇ ਪਰ ਜੇ ਕੋਈ ਆ ਵੀ ਜਾਂਦਾ ਤਾਂ ਸ਼ਰੀਕ ਭਾਨੀ ਮਾਰ ਦੇਂਦੇ।

ਏਸੇ ਗੇੜ ਫੱਜੇ ਦਾ ਰਿਸ਼ਤਾ ਭਾਲਦਿਆਂ ਤਾਜੋ ਲਈ ਵੀ ਕਈ ਰਿਸ਼ਤੇ ਆਏ, ਜੋ ਮਕਬੂਲ ਵੀ ਸਨ ਪਰ ਰੱਦੇ ਗਏ। ਸਿਰਫ਼ ਏਸੇ ਕਾਰਨ ਕਿ ਤਾਜੋ ਦੀ ਅਜੇ ਵਾਰੀ ਨਹੀਂ ਸੀ। ਫੱਜਾ ਕਿਉਂਕਿ ਵੱਡਾ ਸੀ ਤੇ ਘਰ ਵਾਲੇ ਪਹਿਲੇ ਉਹਦਾ ਵਿਆਹ ਈ ਚਾਹੁੰਦੇ ਸਨ।



ਮਰਿਆਦਾ ਦੇ ਉਲਟ ਆਪਣੀ ਵਾਰੀ ਤੋਂ ਪਹਿਲੇ ਤਾਜੋ ਦਾ ਵਿਆਹ ਇਕ ਅਚਰਜ ਗੱਲ ਹੁੰਦੀ। ਲੋਕ ਉਹਦੀ ਪਵਿੱਤਰਤਾ 'ਤੇ ਸ਼ੱਕ ਕਰਦੇ ਕਿ ਪਿੰਡਾਂ ਵਿਚ ਅਜਿਹਾ ਵਿਆਹ ਉਸ ਕੁੜੀ ਦਾ ਕੀਤਾ ਜਾਂਦਾ ਏ, ਜਿਹਦੇ ਤੋਂ ਮਾਪਿਆਂ ਦੀ ਪੱਗ ਨੂੰ ਦਾਗ਼ ਲੱਗਣ ਦਾ ਖ਼ੌਫ਼ ਹੋਵੇ, ਪਰ ਤਾਜੋ ਤੋਂ ਉਹਦੇ ਮਾਪਿਆਂ ਨੂੰ ਅਜਿਹਾ ਕੋਈ ਡਰ ਖ਼ੌਫ਼ ਨਹੀਂ ਸੀ, ਉਹ ਨਿਚਿੰਤ ਸਨ ਤੇ ਉਨ੍ਹਾਂ ਦਾ ਮਤਾ ਫੱਜੇ ਦੇ ਵਿਆਹ ਦਾ ਈ ਸੀ ਤੇ ਉਹ ਅਜੇ ਫੱਜੇ ਦਾ ਰਿਸ਼ਤਾ ਈ ਭਾਲਦੇ ਫਿਰਦੇ ਸਨ।

ਗੱਲ ਹਮੇਸ਼ ਕੁੜੀ ਵਾਲੇ ਪਾਸਿਓਂ ਰਹਿ ਜਾਂਦੀ ਸੀ। ਉਹ ਆ ਕੇ ਵੇਖਦੇ ਤੇ ਵੇਖ ਕੇ ਚਲੇ ਜਾਂਦੇ, ਪਿੱਛੋਂ ਕੁਝ ਦਿਨਾਂ ਬਾਅਦ 'ਨਾਂਹ' ਦਾ ਜਵਾਬ ਆ ਜਾਂਦਾ ਸੀ। ਕਈ ਲੋਕਾਂ ਨੂੰ ਫੱਜਾ ਪਸੰਦ ਨਾ ਆਉਂਦਾ, ਬਾਅਜ ਥਾਂ ਸ਼ਰੀਕ ਭਾਨ ਮਾਰ ਦੇਂਦੇ। ਇਕ-ਦੋ ਵਾਰ ਜਦ ਮੰਗੇਵਾਂ ਹੁੰਦਾ-ਹੁੰਦਾ ਰਹਿ ਗਿਆ ਤਾਂ ਫੱਜੇ ਨੇ ਕੌੜੀਜ ਕੇ ਗਲੀ ਮਹੱਲੇ ਨੂੰ ਗਾਲ੍ਹ ਮੰਦਾ ਚਾ ਕੀਤਾ। 'ਕਿਸੇ ਨੇ ਕੁੜੀ ਦੇਣੀ ਏ ਆਪਣੀ ਤਾਂ ਸਿੱਧੀ ਤਰ੍ਹਾਂ ਗੱਲ ਕਰੇ...,' ਉਹ ਵਿਹੜੇ ਵਿਚ ਖਲੋਤਾ ਕਿੰਨੀ ਦੇਰ ਹਬੇ-ਤਬੇ ਬੋਲਦਾ ਰਿਹਾ। ਉਹਨੂੰ ਉੱਚੀ ਬੋਲਦਾ ਵੇਖ ਆਂਢ-ਗੁਆਂਢ ਆਣ ਇਕੱਠਾ ਹੋਇਆ ਸੀ।

'ਕਿਸੇ ਨੂੰ ਤੇਰਾ ਸਾੜਾ ਏ ਬੀਬਾ ?'

'ਲੋਕਾਂ ਭਲਾ ਕੋਈ ਤੇਰੇ ਮਰਲੇ ਸਾਂਭਣੇ ਨੇ ?'

'ਡਿੱਗਾ ਖੋਤੇ ਤੋਂ ਗੁੱਸਾ ਘੁਮਿਆਰ 'ਤੇ।'

'ਲੈ ਖਾਂ ਪਸੰਦ ਆਪ ਨਾ ਆਵੇ ਗਾਲ੍ਹੀਂ ਲੋਕਾਂ ਨੂੰ।'

ਫੱਜੇ ਦੇ ਚੁੱਪ ਹੋਣ ਸਾਰ ਈ ਇੰਜ ਬੁੜ-ਬੁੜ ਕਰਦੀ ਇਕ ਭੀੜ ਖਿੰਡ ਗਈ ਸੀ।

ਏਸ ਗਾਲ੍ਹ ਮੰਦੇ ਪਿੱਛੋਂ ਸਾਕ ਮਿਲਣ ਦੀ ਰਹੀ ਸਹੀ ਆਸ ਵੀ ਮੁੱਕ ਗਈ ਤੇ ਫੱਜੇ ਕਿਆਂ ਰਿਸ਼ਤੇ ਭਾਲਣੇ ਛੱਡ ਦਿੱਤੇ। ਓੜਕ ਕੋਈ ਪੁੱਗਦਾ ਤੇ ਹੈ ਨਹੀਂ ਸੀ।

'ਮੈਂ ਤੇ ਆਖਦਾਂ ਕਿਧਰੇ ਆਹ ਢੇਰੀ ਔਂਤਰ ਨਾ ਜਾਉ,' ਫੱਜੇ ਦੇ ਸਾਰੇ ਹਾਣੀ ਜਦੋਂ ਦੋ-ਦੋ ਚਾਰ-ਚਾਰ ਬਾਲਾਂ ਦੇ ਪਿਉ ਬਣ ਗਏ ਤਾਂ ਉਸ ਘਰ ਵਾਲਿਆਂ ਨੂੰ ਇਹ ਕਹਿਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੂੰ ਵੀ ਏਸ ਗੱਲ ਦੀ ਚਿੰਤਾ ਹੋਈ ਤੇ ਫਿਰ ਤਾਜੋ ਦੇ ਵੱਟੇ ਵਿਚ ਫੱਜੇ ਦਾ ਰਿਸ਼ਤਾ ਢੂੰਡਿਆ ਜਾਣ ਲੱਗਾ, ਜੋ ਛੇਤੀ ਹੀ ਮਿਲ ਗਿਆ। ਜੇ ਕਿਸੇ ਨੇ ਚੁੰਨ੍ਹੇ ਤੇ ਟੀਰ੍ਹੇ ਨੂੰ ਕੁੜੀ ਦਾ ਸਾਕ ਦਿੱਤਾ ਸੀ ਤਾਂ ਆਪਣੇ ਅੱਧਖੜ ਤੇ ਥੱਥੇ ਲਈ ਤਾਜੋ ਦਾ ਰਿਸ਼ਤਾ ਲਿਆ ਵੀ ਸੀ। ਆਪਣੇ ਵੱਲੋਂ ਦੋਵੇਂ ਧਿਰਾਂ ਸਾਵੀਆਂ ਰਹੀਆਂ ਸਨ। ਕਸਰ ਕਿਧਰੇ ਜੇ ਲੱਗੀ ਸੀ ਤਾਂ ਉਹ ਲੱਗੀ ਸੀ ਤਾਜੋ ਨੂੰ ਜਾਂ ਫਿਰ ਉਹਦੀ ਹੋਣ ਵਾਲੀ ਭਰਜਾਈ ਨੂੰ।

'ਹੋਰ ਤਾਂ ਸਭ ਠੀਕ ਏ ਮੁੰਡਾ ਜਰੀ ਗੱਲ ਲਮਕਾ ਕੇ ਕਰਦਾ ਏ।' ਤਾਜੋ ਨੂੰ ਉਹਦੇ ਵਰ ਬਾਰੇ ਜਦੋਂ ਦੱਸਿਆ ਗਿਆ ਤਾਂ ਉਹ ਮਨ ਈ ਮਨ ਵਿਚ ਬੜਾ ਝੂਰੀ। 'ਇਕ ਕਿਆਰੇ ਕੇਸਰ ਗੁਡਿਆ, ਦੂਏ ਕਿਆਰੇ ਲਈਆਂ (ਨਹਿਰੀ ਬੂਟੀ) ਬਾਬਲ ਵੇ ਵਰ ਐਸਾ ਦੇਵੀਂ ਰੀਸ ਕਰੇਸਣ ਸਈਆਂ।' ਕੁੜੀਆਂ ਦਾ ਇਹ ਗੌਣ ਜਿਹੜਾ ਉਹਨੇ ਆਪ ਵੀ ਕਈ ਵਾਰ ਗਾਇਆ ਸੀ, ਉਹਨੂੰ ਚੇਤੇ ਆਉਂਦਾ ਤਾਂ ਹਿਰਦੇ ਪੀੜ ਪੈਂਦੀ। ਓਦੋਂ ਉਹਦਾ ਜੀ ਕਰਦਾ ਉਹ ਹੁਣ ਇੰਝ ਕੂਕਾਂ ਮਾਰੇ, 'ਇਕ ਕਿਆਰੇ ਥੋਹੜ ਉਗਿਆ ਦੂਏ ਕਿਆਰੇ ਭੱਖੜਾ, ਆਓ ਸਈਓ ਰਲ ਤਾਅਨੇ ਮਾਰੋ ਵਰ ਮਿਲਿਆ ਮੈਨੂੰ ਥਥੜਾ।'

ਉਸ ਹਮੇਸ਼ ਆਪਣੀਆਂ ਸੱਜ ਵਿਆਹੀਆਂ ਸਹੇਲੀਆਂ ਨੂੰ ਉਨ੍ਹਾਂ ਦੇ ਖਾਵੰਦ ਬਾਰੇ ਮਜ਼ਾਕ ਕੀਤੇ ਸੀ। ਉਨ੍ਹਾਂ ਨੂੰ ਚੋਭੜਾਂ ਲਾਈਆਂ ਸਨ ਤੇ ਆਪਣੇ ਲਈ ਸਦਾ ਇਕ ਚੰਗੇ ਵਰ ਦੀ ਆਸ ਕੀਤੀ ਸੀ। ਕਿਸੇ ਵੀ ਬਜ ਤੋਂ ਪਾਕ ਵਰ ਦੀ, ਇਕ ਅਜਿਹਾ ਵਰ ਜੀਹਦੇ 'ਤੇ ਸਖੀਆਂ ਵਿਚ ਮਾਣ ਕੀਤਾ ਜਾ ਸਕੇ। ਉਹਨੂੰ ਅਜ਼ੀਜ਼ ਮਿਸਰ ਦੀ ਤ੍ਰੀਮਤ, ਯੂਸਫ਼ ਜ਼ੁਲੇਖਾਂ ਦੇ ਕਿੱਸੇ ਵਿਚਲੀ ਤ੍ਰੀਮਤ 'ਤੇ ਬੜਾ ਰਸ਼ਕ ਆਉਂਦਾ। ਉਸ ਬੀਬੀ ਆਪਣੀਆਂ ਸਹੇਲੀਆਂ ਨੂੰ ਜਦੋਂ ਯੂਸਫ਼ ਦੇ ਦਰਸ਼ਨ ਕਰਵਾਏ ਸਨ ਤਾਂ ਬੇਸੁਰਤੀ ਵਿਚ ਉਨ੍ਹਾਂ ਆਪਣੀਆਂ ਉਂਗਲੀਆਂ ਵੱਢ ਲਈਆਂ ਸਨ। ਤਾਜੋ ਵੀ ਚਾਹੁੰਦੀ ਸੀ ਕਿ ਉਹਦੀਆਂ ਸਖੀਆਂ ਸਹੇਲੀਆਂ ਜਦ ਉਹਦੇ ਸਿਰ ਦੇ ਸਾਈਂ ਨੂੰ ਵੇਖਣ ਤਾਂ ਆਪਣੀਆਂ ਉਂਗਲੀਆਂ ਤਾਂ ਉਹ ਬੇਸ਼ੱਕ ਨਾ ਵੱਢਣ ਪਰ ਇਹ ਜ਼ਰੂਰ ਹੋਵੇ ਕਿ ਉਨ੍ਹਾਂ ਦੀਆਂ ਜੀਭਾਂ ਗੁੰਗ ਹੋ ਜਾਣ ਤੇ ਉਹ ਉਹਦੀ ਖਿੱਲੀ ਨਾ ਉਡਾ ਸਕਣ।

ਤਾਜੋ ਦੀ ਜਾਚੇ ਅਜਿਹਾ ਵਰ ਜੇ ਕੋਈ ਹੈ ਸੀ ਤਾਂ ਇਕ ਉਹਦੀ ਖ਼ਾਲਾ ਦਾ ਮੁੰਡਾ ਈ ਸੀ। ਜਿਹਦੇ ਉਹਨੇ ਸੁਫ਼ਨੇ ਵੇਖੇ ਸਨ ਤੇ ਆਪਣੇ ਮਨ ਵਿਚ ਜਿਹਦੀ ਖਿੱਚ ਮਹਿਸੂਸ ਕੀਤੀ ਸੀ। ਸ਼ਾਇਦ ਉਹਦੇ ਇਹ ਸੁਫ਼ਨੇ ਪੂਰੇ ਵੀ ਹੋ ਜਾਂਦੇ, ਜੇ ਇਹ ਵੱਟੇ-ਸੱਟੇ ਵਾਲੀ ਅੜਚਣ ਨਾ ਪੈਂਦੀ। ਖ਼ਾਲਾ ਨੇ ਕਿੰਨਾ ਜ਼ੋਰ ਲਾਇਆ ਸੀ ਤਾਜੋ ਦੇ ਸਾਕ ਲਈ ਪਰ ਉਹਦੇ ਆਪਣੇ ਘਰਵਾਲਿਆਂ ਦੀ 'ਦੇ ਵੀ ਦਿਓ ਤੇ ਲੈ ਵੀ ਲਉ' ਵਾਲੀ ਜ਼ਿੱਦ ਆਰੇ ਆ ਗਈ ਸੀ।

'ਨਾ ਭਈ ਮੈਂ ਜੁ ਭਲਕ ਨੂੰ ਏਸ ਮੇਲ ਮੁਲਾਕਾਤ ਤੋਂ ਵੀ ਜਾਊਂ, ਸੌ ਗੱਲਾਂ ਨਿਕਲ ਆਉਂਦੀਆਂ ਨੇ, ਓੜਕ ਏਸ ਵੱਟੇ-ਸਿੱਟੇ ਵਿਚ,' ਖਾਲਾ ਨੇ ਕਿਹਾ ਤੇ ਅਖ਼ੀਰ, 'ਫੱਜਾ ਮੇਰੀ ਕੁੜੀ ਦੇ ਹਾਣ ਈ ਨਹੀਂ, ਜੋੜ ਈ ਨਹੀਂ ਬਣਦਾ ਕੋਈ,' ਆਖਦਿਆਂ ਖਾਲਾ ਨੇ ਰਿਸ਼ਤੇ ਵਾਲੀ ਗੱਲ ਠੱਪ ਕਰ ਦਿੱਤੀ ਸੀ।

ਵਿਆਹ ਪਿੱਛੋਂ ਦੋਨਾਂ ਪਾਸੇ ਨਨਾਣ ਭਰਜਾਈ ਦਾ ਰਿਸ਼ਤਾ ਹੋਣ ਪਾਰੋਂ ਜੋ ਗੱਲਾਂ ਨਿਕਲਣੀਆਂ ਚਾਹੀਦੀਆਂ ਸਨ ਉਹ ਨਹੀਂ ਸੀ ਨਿਕਲੀਆਂ। ਆਖ਼ਰ ਇਹ ਗੱਲਾਂ ਨਿਕਲਣੀਆਂ ਕਿਸ ਵੱਲੋਂ ਸੀ, ਤਾਜੋ ਤੋਂ ਜਾਂ ਉਹਦੀ ਭਰਜਾਈ ਤੋਂ ?

ਤਾਜੋ ਨੂੰ ਤੇ ਵਿਆਹ ਤੋਂ ਪਹਿਲੇ ਈ ਆਪਣੀ ਹੋਣ ਵਾਲੀ ਭਰਜਾਈ ਨਾਲ ਹਮਦਰਦੀ ਜਿਹੀ ਹੋ ਗਈ ਸੀ ਤੇ ਵਿਆਹ ਤੋਂ ਬਾਅਦ ਉਹਦੀ ਭਰਜਾਈ ਦਾ ਵਰਤਾਰਾ ਵੀ ਉਹਦੇ ਨਾਲ ਸਖੀਆਂ ਸਹੇਲੀਆਂ ਵਾਲਾ ਈ ਰਿਹਾ ਸੀ, ਨਨਾਣ ਰਜਾਈ ਵਾਲਾ ਨਹੀਂ। ਇਹਦਾ ਕਾਰਨ ਸ਼ਾਇਦ ਦੋਨਾਂ ਦੇ ਦੁੱਖ ਦੀ ਸਾਂਝ ਸੀ ਕਿ ਉਹ ਦੋਵੇਂ ਈ ਸਮਾਜ ਦੇ ਚਾਲੂ ਵਿਹਾਰ ਹੱਥੋਂ ਧਰੋਹ ਦਾ ਸ਼ਿਕਾਰ ਹੋਈਆਂ ਸਨ।

ਤਾਜੋ ਦਾ ਘਰ ਵਾਲਾ ਥੱਥਾ ਵੀ ਸੀ ਤੇ ਉਮਰੋਂ ਢੇਰ ਵੱਡਾ ਵੀ। 'ਨੀ ਤੈਨੂੰ ਉਹਦੀ ਗੱਲ ਦੀ ਸਮਝ ਕਿਵੇਂ ਆਉਂਦੀ ਏ ਤ.. ਤਤ... ਤਤ... ਅ... ਜੋ।' ਮੁਕਲਾਵੇ 'ਤੇ ਜਦ ਇਕ ਸਹੇਲੀ ਨੇ ਉਹਦੇ ਖਾਵੰਦ ਦਾ ਸਾਂਗ ਲਾ ਕੇ ਕਿਹਾ ਤਾਂ ਉਥੇ ਮੌਜੂਦ ਸਾਰੀਆਂ ਈ ਕੁੜੀਆਂ ਤਾੜੀ ਮਾਰ ਕੇ ਹੱਸ ਪਈਆਂ ਸੀ ਤੇ ਉਸ ਤੋਂ ਅੱਗੋਂ ਜਵਾਬ ਵਿਚ ਝੂਠਾ 'ਚੱਲ ਨੀ ਚੱਲ' ਵੀ ਕਹਿ ਨਹੀਂ ਸੀ ਹੋਇਆ। ਜੋ ਕੁਝ ਵੀ ਸੀ ਤਾਜੋ ਹੁਣ ਆਪਣਾ ਘਰ ਬਣਾ ਕੇ ਬਹਿ ਗਈ ਹੋਈ ਸੀ, ਬਿਲਕੁਲ ਆਪਣੀ ਭਰਜਾਈ ਦੀ ਤਰ੍ਹਾਂ ਤੇ ਫਿਰ ਉਹ ਘਰ



ਅਜਿਹਾ ਛੁੱਟਿਆ ਕਿ ਮੁੜ ਮੂੰਹ ਵੇਖਣ ਵੀ ਨਾ ਹੋਇਆ ਉਹਦਾ। ਹੁਣ ਉਹ ਪੇਕੇ ਘਰ ਆਪਣੀ ਬਾਲੜੀ ਦੇ ਆਹਰੇ ਦਿਨ ਪਈ ਕੱਟਦੀ ਸੀ। ਤਾਜੇ ਦੇ ਭਾਣੇ ਇਹ ਉਹਦੇ ਸਹੁਰਿਆਂ ਦਾ ਉਹਦੇ ਨਾਲ ਕੀਤਾ ਹੋਇਆ ਇਕ ਭਲਾ ਈ ਸੀ ਕਿ ਉਨ੍ਹਾਂ ਬਾਲੜੀ ਲਿਖ ਕੇ ਦੇ ਦਿੱਤੀ ਸੀ। ਉਹ ਨਹੀਂ ਜਾਣਦੀ ਕਿ ਬਾਲੜੀ ਨੂੰ ਅਗਲਿਆਂ ਕੀ ਕਰਨਾ ਸੀ, ਮੁੰਡਾ ਹੁੰਦਾ ਤਾਂ ਰੱਖ ਵੀ ਲੈਂਦੇ। ਆਪਣੇ ਵੱਲੋਂ ਤੇ ਉਨ੍ਹਾਂ ਆਪਣਾ ਪੱਲਾ ਪਾਕ ਕੀਤਾ ਸੀ ਤਾਂ ਜੋ ਅਗਦੋਂ ਸਾਕ ਮਿਲਣ ਵਿਚ ਸੌਖ ਰਵ੍ਹੇ, ਨਾਲੇ ਖਰਚੇ ਦੇ ਦਾਅਵੇ ਤੋਂ ਵੀ ਚੁੰਡ ਛੁੱਟੀ।

ਤਾਜੋ ਨੂੰ ਤਲਾਕ ਮਿਲਦੇ ਈ ਇਹਦੇ ਵੱਟੇ ਵਿਚ ਦੁਬਾਰਾ ਫੱਜੇ ਲਈ ਨਵੇਂ ਰਿਸ਼ਤੇ ਦੀ ਭਾਲ ਹੋਣ ਲੱਗੀ। ਹੁਣ ਕੋਈ ਰਿਸ਼ਤਾ ਮਿਲਣਾ ਔਖਾ ਸੀ, ਪਹਿਲੇ ਨਾਲੋਂ ਵੀ ਕਿਧਰੇ ਔਖਾ ਕਿ ਉਹਦੇ ਪਿਛਲੇ ਐਬਾਂ ਵਿਚ ਢਲਦੀ ਹੋਈ ਉਮਰ ਹੁਣ ਇਕ ਹੋਰ ਬਜ ਦਾ ਵਾਧਾ ਸੀ। ਮੁੰਡਿਆਂ ਵਾਲੀ ਤਾਂ ਅਸਲੋਂ ਫੱਜੇ ਵਿਚ ਕੋਈ ਗੱਲ ਈ ਨਹੀਂ ਸੀ ਰਹਿ ਗਈ ਹੋਈ। ਏਸ ਹਾਲ ਜੇ ਕੋਈ ਅੜਿਆ—ਥੁੜਿਆ ਆ ਵੀ ਜਾਂਦਾ ਤਾਂ ਅੱਗੋਂ ਤਾਜੋ ਦੀ ਬਾਲੜੀ ਵੇਖ ਜਰਕ ਜਾਂਦਾ। ਅਖੇ—'ਕੀ ਪਤਾ ਅਗਲੇ ਦਾ ਖ਼ੂਨ ਕਿੰਝ ਦਾ ਸੀ, ਕੱਲ੍ਹ ਨੂੰ ਖੌਰੇ ਜਵਾਨ ਹੋ ਕੇ ਬਾਲੜੀ ਕਿੰਝ ਦੀ ਨਿਕਲੇ।' ਤੇ ਰਿਸ਼ਤਾ ਵੇਖਣ ਆਏ ਆਪਣੇ-ਆਪ ਨੂੰ ਭਲਕ ਦੇ ਏਸ ਕਲੰਕ ਤੋਂ ਬਚਾ ਕੇ ਚਲੇ ਜਾਂਦੇ।

ਤੇ ਅੱਜ ਫਿਰ ਕੁਝ ਲੋਕ ਤਾਜੋ ਤੇ ਉਹਦੇ ਭਰਾ ਫੱਜੇ ਨੂੰ ਵੇਖਣ ਆ ਰਹੇ ਸੀ। ਉਨ੍ਹਾਂ ਨਾਲ ਰਿਸ਼ਤੇ ਦੀ ਗੱਲ ਕਈ ਦਿਨਾਂ ਤੋਂ ਚੱਲਦੀ ਪਈ ਸੀ। ਫੱਜੇ ਹੋਰੀਂ ਝਾਤੀ ਮਾਰ ਆਏ ਸਨ ਤੇ ਆਪਣੇ ਵੱਲੋਂ 'ਹਾਂ' ਦਾ ਇਸ਼ਾਰਾ ਵੀ ਕਰ ਆਏ ਸੀ। ਐਦਕੀਂ ਅਗਲਿਆਂ ਨੂੰ ਤਾਜੋ ਦੀ ਬਾਲੜੀ ਦਾ ਅਗਦੋਂ ਦੱਸ ਦਿੱਤਾ ਸੀ ਤੇ ਉਨ੍ਹਾਂ ਨੂੰ ਵੀ ਤਾਜੋ ਦੇ ਨਾਲ ਉਹਦੀ ਬਾਲੜੀ ਦੇ ਹੋਣ ਦਾ ਕੋਈ ਇਤਰਾਜ਼ ਨਹੀਂ ਸੀ। ਕਿਉਂਕਿ ਫੱਜੇ ਕਿਆਂ ਦੇ ਗਰਜ਼ਮੰਦ ਹੋਣ ਦੀ ਤਰ੍ਹਾਂ ਉਹ ਵੀ ਕੋਈ ਲੋੜਵੰਦ ਈ ਸਨ। ਫੱਜੇ ਦੀ ਹੋਣ ਵਾਲੀ ਤੀਵੀਂ ਨੂੰ ਕਿਧਰੋਂ ਪਹਿਲੇ ਤੋਂ ਤਲਾਕ ਮਿਲੀ ਹੋਈ ਸੀ ਤੇ ਫੱਜੇ ਦੇ ਹਾਣ ਉਹ ਵੀ ਅਧਖੜ ਈ ਸੀ। ਤਾਜੋ ਦਾ ਜੋੜ ਐਦਕੀਂ ਥੱਥਾ ਤੇ ਭਾਵੇਂ ਨਹੀਂ ਸੀ, ਭਰ ਉਹਦੇ ਤੋਂ ਦੂਣੀ ਉਮਰ ਦਾ ਜ਼ਰੂਰ ਸੀ, ਜਿਹਦੀ ਘਰਵਾਲੀ ਨੂੰ ਮੋਇਆਂ ਅਜੇ ਥੋੜ੍ਹਾ ਚਿਰ ਈ ਹੋਇਆ ਸੀ।

ਇਕ ਵਾਰ ਫਿਰ ਇਹ ਸਭ ਉਹਦੀ ਮਰਜ਼ੀ ਦੇ ਖ਼ਿਲਾਫ਼ ਹੋ ਰਿਹਾ ਸੀ। ਕੁਝ ਲੋਕ ਏਥੇ ਪ੍ਰਾਹੁਣੇ ਆਉਣ ਵਾਲੇ ਸੀ ਤੇ ਤਾਜੋ ਵਿਹੜੇ ਦੀ ਇਕ ਨੁੱਕਰੇ ਗ਼ਮ ਦੀ ਮੂਰਤ ਬਣੀ ਬੈਠੀ ਸੀ। ਉਹ ਅਹਿਤਜਾਜ ਨਹੀਂ ਸੀ ਕਰ ਕਰਦੀ। ਹੱਥ ਛੁੱਟ ਫੱਜੇ ਤੋਂ ਹੱਡੀਆਂ ਨਹੀਂ ਸੀ ਤੜਵਾ ਸਕਦੀ। ਅਹਿਤਜਾਜ ਤੇ ਉਹਨੇ ਕਦੀ ਬਾਲਪੁਣੇ ਵਿਚ ਕੀਤਾ ਹੋਵੇ ਤਾਂ ਸ਼ਾਇਦ। ਉਦੋਂ ਵੀ ਉਹਦੇ ਅਹਿਤਜਾਜ ਨੂੰ ਉਹਦੀ ਜ਼ਿੱਦ ਆਖ ਕੇ ਟਾਲ ਦਿੱਤਾ ਜਾਂਦਾ ਸੀ। ਚਾਰ ਜੀਆਂ ਦੀ ਕਬੀਲਦਾਰੀ ਵਿਚ ਜਦ ਸਭ ਕੁਝ ਹੁੰਦੇ ਸੁੰਦੇ ਵੀ ਉਹਨੂੰ ਕਦੀ ਰਜਵਾਂ ਟੁੱਕ ਨਹੀਂ ਸੀ ਜੁੜਿਆ, ਕਦੇ ਚੰਗਾ ਲੀੜਾ-ਲੱਤਾ ਨਹੀਂ ਸੀ ਮਿਲਿਆ, ਕਿਸੇ ਮੇਲੇ-ਥੇਲੇ ਤੇ ਕਦੀ ਨਹੀਂ ਸੀ ਲੈ ਜਾਇਆ ਗਿਆ ਤੇ ਕਿਧਰੇ ਵਾਂਢੇ ਨਹੀਂ ਸੀ ਰਹਿਣ ਦਿੱਤਾ ਗਿਆ। ਸਿਰਫ਼ ਏਸ ਲਈ ਕਿ ਉਹ ਇਕ ਕੁੜੀ ਸੀ ਤੇ ਇਹਦੇ ਉਲਟ ਇਹ ਸਭ ਕੁਝ ਫੱਜੇ ਨੂੰ ਹਾਸਲ ਸੀ, ਬਸ ਏਸ ਲਈ ਕਿ ਉਹ ਇਕ ਮੁੰਡਾ ਸੀ। ਬਾਲਪੁਣੇ ਵਿਚ ਉਹ ਫੱਜੇ ਵਿਚ ਸਾਵਿਆਂ ਹੋਣ ਦੀ ਜ਼ਿੱਦ ਕਰਦੀ ਤੇ ਅੱਗੋਂ ਫੱਜਾ 'ਤੈਨੂੰ ਪਤਾ ਨਹੀਂ ਤੂੰ ਕੁੜੀ ਏਂ'

ਆਖਦਿਆਂ ਉਹਨੂੰ ਪਟਕ ਕਰਦੀ ਚਪੇੜ ਕੱਢ ਮਾਰਦਾ। 'ਨਹੀਓਂ ਵੱਜੀ ਤੇਰੀ ਕਾਣੀ ਅੱਖ ਭੱਜੀ' ਕਦੀ ਉਹ ਵਾਰ ਬਚਾ ਕੇ ਕਹਿੰਦੀ ਤਾਂ ਫੱਜਾ ਟੀਰ੍ਹਾ ਏਸ ਕਾਣੀ ਅੱਖ ਵਾਲੀ ਚੋਂਭੜ ਤੋਂ ਚਿੜ ਕੇ ਹੋਰ ਮਾਰਦਾ।

ਔਰਤ ਜ਼ਾਤ ਤੋਂ ਵਧ ਕੇ ਵੀ ਕੋਈ ਸੰਤੋਖੀ ਹੋਣਾ ਏ ਭਲਾ ? ਘਰ ਦੀ ਚਾਰਦੀਵਾਰੀ ਵਿਚ ਬਾਲਪੁਣੇ ਤੋਂ ਈ ਜਦ ਉਹਦੀਆਂ ਨਿੱਕੀਆਂ-ਨਿੱਕੀਆਂ ਸੱਧਰਾਂ ਨੂੰ 'ਤੂੰ ਕੁੜੀ ਏਂ' ਆਖ ਕੇ ਵਰਜਿਆ ਜਾਂਦਾ ਏ ਤਾਂ ਜਵਾਨ ਹੋ ਕੇ ਫਿਰ ਘਰ ਤੋਂ ਬਾਹਰ ਸਮਾਜ ਦੇ ਵਿਸ਼ਾਲ ਘੇਰੇ ਵਿਚ ਵੀ ਆਪਣੇ ਨਾਲ ਹੋਣ ਵਾਲੇ ਧਰੋ ਨੂੰ ਸਹਿ ਜਾਣ ਦੀ ਆਦਤ ਜਿਹੀ ਹੋ ਜਾਂਦੀ ਏ ਔਰਤ ਨੂੰ। ਇਹੀ ਵਜ੍ਹਾ ਏ ਤਾਜੋ ਅਹਿਤਜਾਜ ਨਹੀਂ ਸੀ ਕਰ ਸਕਦੀ ਪਰ ਝੂਰ ਸਕਦੀ ਸੀ, ਉਹ ਵੀ ਮਨ ਈ ਮਨ ਅੰਦਰ ਤੇ ਸਕਦੀ ਸੀ, ਪਰ ਬੁੱਲ੍ਹ ਚਿੱਥ ਕੇ।

ਤਾਈ ਜੰਨਤੇ ਨੇ ਤਾਜੋ ਨੂੰ ਉਠਾਲ ਦਿੱਤਾ ਤਾਂ ਉਹ ਨਿੱਕੇ-ਨਿੱਕੇ ਡਗ ਭਰਦੀ, ਮੂੰਹ ਹੱਥ ਧੋਣ ਲਈ ਖੁਰੇ ਵਿਚ ਆ ਖੜੀ ਹੋਈ। ਉਹਨੇ ਬਾਲੜੀ ਨੂੰ ਵੇਖਿਆ, ਉਹ ਹੁਣ ਆਪਣੇ ਧਿਆਨ ਵਿਹੜੇ ਵਿਚ ਖੇਡ ਰਹੀ ਸੀ।

ਘਰ ਵਿਚ ਇਕ ਸੋਗ ਭਿੰਨੀ ਡੌਰ ਬਾਉਰੀ ਚੁੱਪ ਸੀ। ਐਨੀ ਚੁੱਪ ਕਿ ਘਰ ਨਾਲ ਜੁੜਵੇਂ ਡੰਗਰਾਂ ਦੇ ਵਾੜੇ ਵਿਚ ਹੋਣ ਵਾਲੀ ਗੱਲਬਾਤ ਖੁਰੇ ਵਿਚ ਸਾਫ਼ ਸੁਣੀ ਜਾਂਦੀ ਸੀ।

ਉਧਰ ਨਵੀਂ ਲਿਆਂਦੀ ਮੱਝ ਕੋਲ ਖੜੋਤਾ ਕੋਈ ਬੰਦਾ ਫੱਜੇ ਨਾਲ ਗੱਲਾਂ ਵਿਚ ਰੁੱਝਾ ਸੀ।

'ਲਵੇਰੀ ਤਾਂ ਚੰਗੀ ਏ ਪਈ ਕਿੰਨੇ ਦੀ ਲਿਆਂਦੀ ਊ ?'

'ਬਸ ਢੋਅ ਲੱਗ ਗਿਆ ਸਮਝ।'

'ਫਿਰ ਵੀ ਕੁਝ ਪਤਾ ਤੇ ਲੱਗੇ।'

'ਉਹ ਮੀਣੇ ਸਿੰਗਾਂ ਵਾਲੀ ਬੂਰੀ ਨਹੀਂ ਸੀ ਆਪਣੀ।'

'ਆਹੋ।'

'ਉਹਦੇ ਤੋਂ ਵਟਾਂਦਰਾ ਲਾਇਆ ਏ।'

ਤਾਜੋ ਦਾ ਮਨ ਪੀੜ ਨਾਲ ਭਰ ਗਿਆ ਤੇ ਅੱਖੀਆਂ ਵਿਚ ਤਰਦੇ ਹੰਝੂਆਂ ਤੋਂ ਪਰ੍ਹੇ ਮਨ ਦੇ ਪਾਤਾਲ ਵਿਚਲੇ ਦੁੱਖ ਦਾ ਪਰਛਾਵਾਂ ਚਿਹਰੇ 'ਤੇ ਹੋਰ ਗੂੜ੍ਹਾ ਹੋ ਗਿਆ। ਏਸ ਪਲ ਔਰਤ ਉਹਨੂੰ ਬੜੀ ਈ ਹੀਣੀ ਜਾਪੀ। ਉਹਨੂੰ ਲੱਗਾ ਜਿਵੇਂ ਉਹ ਕੋਈ ਮੱਢ ਗਾਂ ਹੋਵੇ, ਜਿਹਦਾ ਕਿਸੇ ਵੀ ਦੂਜੀ ਮੱਝ ਗਾਂ ਨਾਲ ਵਟਾਂਦਰਾ ਹੋ ਸਕਦਾ ਏ ਏਸ ਨਰ ਪ੍ਰਧਾਨ ਸਮਾਜ ਦੀ ਚਾਲੂ ਮੰਡੀ ਵਿਚ...।


**ਅਸੀਂ ਨੀ ਜਾਣਾ ਪਤਾਲ ਲੋਕ**

(ਨਾਵਲ)

**ਹਰਮੇਸ਼ ਮਾਲੜੀ**

ਪ੍ਰਕਾਸ਼ਕ : ਪੰਜ ਆਬ ਪ੍ਰਕਾਸ਼ਨ, ਜਲੰਧਰ




# ਕੂੰਜਾਂ

ਕੱਲ੍ਹ ਡਸਕੇ ਨੂੰ ਜਾਂਦਿਆਂ ਬੱਸ ਸੱਤੋ ਕੇ ਰੁਕੀ ਤਾਂ ਮੈਂ ਅਚੇਤ ਈ ਥੱਲੇ ਉੱਤਰ ਗਈ।

ਉਹ ਮੇਰਾ (ਲੋੜੀਂਦਾ) ਸਟਾਪ ਨਹੀਂ ਸੀ। ਪਤਾ ਮੈਨੂੰ ਉਦੋਂ ਲੱਗਿਆ ਜਦੋਂ ਬੱਸ ਫਰਲਾਂਗ ਦੋ ਫਰਲਾਂਗ ਅੱਗੇ ਜਾ ਚੁੱਕੀ ਸੀ।

ਉਸ ਵੇਲੇ ਮੇਰੀ ਹਾਲਤ ਨੀਂਦਰ ਵਿਚ ਟੁਰਨ ਦੇ ਆਦੀ ਬੰਦੇ ਵਰਗੀ ਸੀ ਜਿਹੜਾ ਅੱਖ ਖੁੱਲ੍ਹਣ ਤੇ ਆਪਣੇ ਆਪ ਨੂੰ ਅੰਦਰ ਕਮਰੇ ਵਿਚ ਮੰਜੀ ਉੱਤੇ ਨਹੀਂ ਸਗੋਂ ਬਾਹਰ ਵਿਹੜੇ ਵਿਚ ਮੌਜੂਦ ਵੇਖੇ ਤੇ ਫੇਰ ਆਪਣੇ ਆਪ ਤੋਂ ਪੁੱਛੇ, 'ਮੈਂ ਏਥੇ ਕਿਵੇਂ ?'

ਮੈਂ ਤੇ ਚੰਗੀ ਭਲੀ ਬੱਸ ਵਿਚ ਸੀਟ ਉੱਤੇ ਬੈਠੀ ਹੋਈ ਸਾਂ। 'ਏਥੇ ਕਿਵੇਂ ?' ਸੱਤੋ ਕੇ ਸਟਾਪ ਉੱਤੇ ਹੈਰਾਨ ਖੜੀ ਮੈਂ ਸੋਚ ਰਹੀ ਸਾਂ।

ਅਸਲ ਵਿਚ ਮੈਂ ਗੁੱਜਰਾਂਵਾਲੇ ਜਾ ਰਹੀ ਸਾਂ। ਪਸਰੂਰ ਤੋਂ ਸਤਰਾਹ ਬੰਗਲੇ ਦੇ ਰਸਤੇ ਜਾਣ ਵਾਲੀ ਬੱਸ ਨਾ ਮਿਲੀ ਤਾਂ ਮੈਂ ਡਸਕੇ ਦੇ ਰਾਹ ਜਾਣ ਵਾਲੀ ਬੱਸ ਵਿਚ ਈ ਬੈਠ ਗਈ। ਏਹ ਰਾਹ ਛੱਡਿਆਂ ਮੁੱਦਤ ਹੋ ਗਈ ਏ। ਏਸ ਰਾਹ ਹੁਣ ਕਦੀ ਅਸੀਂ ਗਏ ਈ ਨਹੀਂ। ਪਸਰੂਰ ਤੋਂ ਸਤਰਾਹ ਬੰਗਲੇ ਵਾਲਾ ਰਸਤਾ ਸਿੱਧਾ ਗੁੱਜਰਾਂਵਾਲੇ ਜਾਂਦਾ ਏ। ਪੰਧ ਥੋੜ੍ਹਾ ਹੋਣ ਪਾਰੋਂ ਵੇਲਾ ਵੀ ਘੱਟ ਲੱਗਦਾ ਏ। ਏਥੋਂ ਗੁੱਜਰਾਂਵਾਲੇ ਵਾਲੇ ਦੂਜਾ ਰਾਹ ਡਸਕੇ ਤੋਂ ਹੋ ਕੇ ਜਾਂਦਾ ਏ ਤੇ ਡਸਕੇ ਉੱਤਰ ਕੇ ਬੱਸ ਬਦਲਣੀ ਪੈਂਦੀ ਏ। ਫ਼ਾਸਲਾ ਵੀ ਵੱਧ ਏ। ਇੰਜ ਦੇਰ ਹੋ ਜਾਂਦੀ ਏ। ਸਤਰਾਹ ਬੰਗਲੇ ਦੇ ਰਸਤੇ ਜਾਣ ਵਾਲੀ ਬੱਸ ਲੇਟ ਸੀ ਤੇ ਮੈਨੂੰ ਗੁੱਜਰਾਂਵਾਲੇ ਪਹੁੰਚਣ ਦੀ ਜਲਦੀ, ਸੋ ਮੈਂ ਏਸ ਦੂਜੇ ਰਾਹ ਜਾਣ ਵਾਲੀ ਬੱਸ ਵਿਚ ਸਵਾਰ ਹੋ ਗਈ ਸਾਂ।

ਏਹ ਨਹੀਂ ਕਿ ਮੈਂ ਏਸ ਰਸਤੇ ਦੀ ਜਾਣੂੰ ਈ ਨਹੀਂ। ਸਗੋਂ ਹਯਾਤੀ ਦਾ ਇਕ ਹਿੱਸਾ ਏਸੇ ਰਾਹ ਆਉਂਦੇ ਜਾਂਦੇ ਗੁਜਰਿਆ ਏ। ਡੋਲੀ ਵਿਚ ਬੈਠੀ ਨੇ ਪੇਕੇ ਘਰ ਤੋਂ ਸਹੁਰੇ ਘਰ ਦਾ ਪਹਿਲਾ ਪੰਧ ਏਸੇ ਰਸਤੇ ਤੇ ਕੀਤਾ ਸੀ। ਮੈਂ ਇਹਨੂੰ ਕਿਵੇਂ ਭੁੱਲ ਸਕਦੀ ਆਂ।

ਬੱਸ ਚਲੀ ਤਾਂ ਮੇਰੇ ਵੇਖੇ ਭਾਲੇ ਮੰਜ਼ਰ ਸੱਜੇ ਖੱਬੇ ਨਾਲ-ਨਾਲ ਦੌੜਨ ਲੱਗ ਪਏ। ਹੌਲੀ ਹੌਲੀ ਪੇਕਿਆਂ ਦੀ ਜੂਹ ਨੇੜੇ ਹੋਣ ਲੱਗੀ ਤੇ ਪੇਸ਼ ਮੰਜ਼ਰ ਤੋਂ ਮੈਂ ਪਸ ਮੰਜ਼ਰ ਵਿਚ ਜਾ ਨਿਕਲੀ। ਬੁੱਤ ਸੀਟ ਉੱਤੇ ਬੈਠਾ ਰਹਿ ਗਿਆ, ਰੂਹ ਬਾਹਰ ਧੂੜ ਵਿਚ ਗਵਾਚ ਗਈ।

ਫਿਰ ਕਿੱਧਰੇ ਖਲੋਤੀ ਹੋਈ ਬੱਸ ਵਿਚ ਕੰਡੈਕਟਰ ਨੇ ਜਿਉਂ ਹੀ 'ਸੱਤੋ ਕੇ ਸਟਾਪ' ਦਾ ਰੌਲਾ ਪਾਇਆ, ਪੈਰਾਂ ਦੀਆਂ ਤਲੀਆਂ ਵਿਚ ਏਸ ਮਿੱਟੀ ਦੀ ਛੋਹ ਨੂੰ ਯਾਦ ਕਰਕੇ ਜਲੂਹਨ ਜੇਹੀ ਹੋਣ ਲੱਗ ਪਈ ਸੀ ਤੇ ਮੈਂ ਬੇ-ਸੁੱਧ ਆਪ ਮੁਹਾਰੀ ਏਥੇ ਉੱਤਰ ਆਈ ਸਾਂ।

ਬੱਸ ਅੱਖੀਆਂ ਤੋਂ ਓਝਲ ਹੋ ਗਈ ਹੋਈ ਸੀ। ਸਗੋਂ ਉਹਦੀ ਉਡਾਈ ਗਰਦ ਵੀ ਹੁਣ ਬੈਠ ਚੁੱਕੀ ਸੀ।

'ਏਹਦੇ ਪਿੱਛੇ ਆਉਣ ਵਾਲੀ ਬੱਸ ਚਿਰਕੀਂ ਹੀ ਆਏਗੀ।' ਮੈਂ ਸੋਚਿਆ। ਹੁਣ ਏਥੇ ਬੱਸ-ਸਟਾਪ ਤੇ ਬੈਠ ਕੇ ਦੂਜੀ ਬੱਸ ਦੀ ਉਡੀਕ ਕਰਨ ਤੋਂ ਸਿਵਾ ਹੋਰ ਕੀ ਕੀਤਾ ਜਾ ਸਕਦਾ ਸੀ।

'ਪੰਧ ਤਾਂ ਖੋਟਾ ਹੋਈ ਗਿਆ, ਕਿਉਂ ਨਾ ਪੇਕੇ ਪਿੰਡੋਂ ਫੇਰਾ ਲਾ ਆਵਾਂ, ਉਹ ਸਾਹਮਣੇ ਇਕ ਫਰਲਾਂਗ ਈ ਤੇ ਹੈ।' ਇਕ ਖ਼ਿਆਲ ਆਇਆ।

'ਕਿਹੜਾ ਪੇਕਾ ਪਿੰਡ ?' ਕੋਈ ਮੇਰੇ ਅੰਦਰੋਂ ਬੋਲ ਪਿਆ। 'ਝੱਲੀਏ, ਪੇਕਾ ਘਰ ਈ ਜਦੋਂ ਨਹੀਂ ਰਿਹਾ ਤਾਂ ਫਿਰ ਪੇਕਾ ਪਿੰਡ ਕੇਹਾ।'

ਪਿੱਛਲੇ ਕੁਝ ਸਮਿਆਂ ਵਿਚ ਸਾਰੀ ਹੋਈ ਬੀਤੀ ਅੱਖੀਆਂ ਸਾਹਵੇਂ ਆ ਗਈ।

ਇਕ ਵਿਹੜਾ ਏ, ਗੁੱਡੀਆਂ ਪਟੋਲਿਆਂ ਦੇ ਖਿਲਾਰੇ ਵਿਚ ਮੈਂ ਵੀ ਆਪ ਇਕ ਗੁੱਡੀ ਬੈਠੀ ਹੋਈ। ਗਲੀਆਂ ਨੇ, ਸਹੇਲੀਆਂ ਦੀ ਇਕ ਲੰਮੀ ਕਤਾਰ ਵਿਚ ਇਕ ਬਾਲੜੀ ਮੈਂ ਵੀ ਦੌੜ ਰਹੀ। ਨਿਆਈਂ ਦੇ ਵਿਚ ਰੌਲਾ ਏ, ਕੁੜੀਆਂ ਦੇ ਏਸ ਰੌਲੇ ਵਿਚ ਇਕ ਕੂਕ ਮੇਰੀ ਵੀ ਏ। ਕਦੀ ਔੜ ਲੱਗ ਜਾਂਦੀ ਤਾਂ ਅਸੀਂ ਪਿੰਡੋਂ ਬਾਹਰ ਨਿਆਈਂ ਵਿਚ ਗੁੱਡੀ ਗੁੱਡਾ ਸਾੜਦੀਆਂ ਤੇ ਮਗਰੋਂ ਮਿਲ ਕੇ ਕੁਕਾਰਾ ਪਾਂਦੀਆਂ, 'ਵੱਸ ਵੇ ਬੱਦਲਾ ਕਾਲਿਆ ਅਸਾਂ ਗੁੱਡੀ ਗੁੱਡਾ ਸਾੜਿਆ।' ਸੱਚੀਂ ਕਾਲੀਆਂ ਘਟਾਂ ਚੜ੍ਹ ਆਉਂਦੀਆਂ ਤੇ ਬੱਦਲ ਵਰ੍ਹ ਪੈਂਦੇ। ਜੇ ਲੰਮੀਆਂ ਝੜੀਆਂ ਲੱਗ ਜਾਂਦੀਆਂ ਤਾਂ ਛੱਤ ਚੋਣ ਲੱਗ ਪੈਂਦੇ। ਫਿਰ ਬੁੱਢੀਆਂ ਮਾਈਆਂ ਕਹਿੰਦੀਆਂ, 'ਜਾਏ ਨੀ ਕੋਈ ਕੰਜਰ ਕੁਜੀ ਵਿਚ ਮੋਠ ਪਾ ਕੇ ਪਰਨਾਲੇ ਹੇਠ ਦੱਬੇ।' ਤੇ ਇੰਜ ਕਰਨ ਨਾਲ ਵਾਕਈ ਵਰਖਾ ਰੁਕ ਜਾਂਦੀ। ਧੀਆਂ ਧਿਆਣੀਆਂ ਦੀ ਰੱਬ ਵੀ ਲਾਜ ਰੱਖਦਾ ਏ, ਕਦੇ ਖਾਲੀ ਨਹੀਂ ਮੋੜਦਾ।

ਉਸ ਚੁਬਾਰੇ ਵਾਲੇ ਘਰ ਦੇ ਪਰਨਾਲੇ ਹੇਠ ਆਪਣੇ ਇਨ੍ਹਾਂ ਹੱਥਾਂ ਨਾਲ ਮੈਂ ਕਿਤਨੀ ਵਾਰ ਈ ਮੋਠ ਨੱਪੇ ਸੀ, ਜੇਹਦੀ ਦਹਿਲੀਜ ਬਾਅਦ ਵਿਚ ਮੇਰੇ ਲਈ ਲਛਮਣ ਰੇਖਾ ਬਣੀ ਤੇ ਉਹ ਬੂਹਾ ਮੇਰੇ ਤੇ ਬੰਦ ਹੋ ਗਿਆ ਜਿਹਦੇ ਅੱਗੇ ਮੇਰੇ ਜਨਮ ਵੇਲੇ ਸ਼ਰੀਂਹ ਦੇ ਸਾਵੇ ਪੱਤਰ ਲਮਕਾਏ ਗਏ ਸੀ।

ਏਹ ਸਭ ਇਕਦਮ ਨਹੀਂ ਹੋਇਆ ਸਗੋਂ ਸਹਿਜ ਸੁਭਾ ਤੇ ਧੀਰੇ-ਧੀਰੇ ਵਾਪਰਿਆ ਏ।

ਉਦੋਂ ਭਰਾ ਮੇਰੇ ਕੋਲ ਆਪਣੇ ਜੇਠੇ ਪੁੱਤਰ ਲਈ ਗੁੱਡੋ ਦਾ ਰਿਸ਼ਤਾ ਮੰਗਣ ਆਇਆ ਸੀ। 'ਭਾਈ ਅਪਣੇ ਭਣਵਈਏ ਤੋਂ ਪੁੱਛ ਲੈ,' ਮੈਂ ਕਿਹਾ ਪਰ ਉਹ ਆਪਣੀ ਭੈਣ ਦੇ ਹੁੰਦਿਆਂ ਇਕ ਓਭੜ ਜੀ ਨੂੰ ਕਿਉਂ ਪੁੱਛੇ, ਉਹਦੀ ਜ਼ਿੱਦ ਸੀ ਪਰ ਮੈਂ ਆਪ ਕਿਵੇਂ ਹਾਂ ਕਰਦੀ ਗੁੱਡੋ ਦਾ ਪਿਉ ਈ ਜਦੋਂ ਰਾਜ਼ੀ ਨਹੀਂ ਸੀ।

'ਨਾ ਸਾਡਾ ਧੀਆਂ ਜੰਮਣ ਤੇ ਅਖ਼ਤਿਆਰ, ਨਾ ਈ ਇਨ੍ਹਾਂ ਨੂੰ ਵਿਹਾਉਣ ਤੇ।' ਇਨਕਾਰ ਕਰਦਿਆਂ ਭਰਾ ਆਪਣੇ ਨੂੰ ਏਹ ਤਾਂ ਮੈਂ ਨਹੀਂ ਕਿਹਾ ਪਰ ਉਹਨੇ ਦਿਲ ਵਿਚ ਇਹਨੂੰ ਬਹੁਤ ਵਿਚਾਰਿਆ। ਪੇਕੇ ਘਰ ਨਾਲੋਂ ਕਿਹੜੀ ਸ਼ੈਅ ਚੰਗੀ ਸੀ ਮੈਨੂੰ ਪਰ ਮੈਂ ਬੇਵੱਸ ਸਾਂ।

ਫੇਰ ਭਰਾ ਦੇ ਸ਼ੀਸ਼ੇ ਵਰਗੇ ਸਾਫ਼ ਦਿਲ ਵਿਚ ਵਾਲ ਆ ਗਿਆ ਸੀ, ਸਿਰਫ਼ ਏਸੇ ਨਾਂਹ ਵਜ੍ਹੋਂ। ਤੇ ਏਹ ਦੋਫਾੜ ਉਦੋਂ ਵੱਧ ਗਿਆ ਜਦੋਂ ਮੈਂ ਵੀ ਆਪਣੇ ਬਖਸ਼ੂ ਲਈ ਉੱਥੋਂ ਸਾਕ ਮੰਗਿਆ।

'ਵੀਰਾ! ਮੈਂ ਅੱਜ ਸਵਾਲੀ ਬਣ ਕੇ ਆਈ ਆਂ, ਧੀ ਧਿਆਣੀ ਜਾਣ ਖ਼ਾਲੀ ਨਾ ਮੋੜੀ।' ਭਰਾ ਅੱਗੇ ਮੈਂ ਜਾ ਤਰਲਾ ਲਿਆ ਸੀ।



ਉਹ ਪਰ ਇਕ ਭਰਾ ਸੀ ਕੋਈ ਰੱਬ ਤਾਂ ਨਹੀਂ ਸੀ ਜੋ ਕਿਸੇ ਧੀ ਧਿਆਣੀ ਦਾ ਆਖਿਆ ਮੰਨ ਲੈਂਦਾ।

'ਏਹ ਪੇਕਾ ਘਰ ਏ ਤੇਰਾ, ਜਦੋਂ ਜੀ ਚਾਹੇ ਆ ਪਰ ਏਸ ਕੰਮ ਲਈ ਅਗਦੋਂ ਵਿਹੜੇ ਪੈਰ ਨਾ ਧਰੀਂ।' ਉਸ ਮੈਨੂੰ ਕਠੋਰ ਜੀ ਨਾਲ ਕਿਹਾ ਸੀ।

ਮੈਂ ਜਾਂਦੀ ਈ ਨਹੀਂ ਸਾਂ ਪਈ ਸਾਥੋਂ ਗੁੱਡੂ ਦਾ ਰਿਸ਼ਤਾ ਨਾ ਮਿਲਣ ਦਾ ਹਿਰਖ ਹੁਣ ਏਥੇ ਈਰਖਾ ਬਣ ਗਿਆ ਹੋਇਆ ਏ।

'ਜਿਹਦਾ ਮੋਹ ਏਥੇ ਖਿੱਚ ਲਿਆਉਂਦਾ ਸੀ ਉਹ ਤੇ ਜਾ ਕਬਰੇ ਸੁੱਤੀ, ਏਹ ਘਰ ਕੋਈ ਦਰਗਾਹ ਥੋੜ੍ਹੀ ਏ ਜਿੱਥੇ ਮੈਂ ਸਦਾ ਆਉਂਦੇ ਰਹਿਣਾ ਸੁੱਖਿਆ ਏ।' ਮੈਂ ਏਹੀ ਸੋਚ ਕੇ ਮਨ ਆਪਣਾ ਕਰੜਾ ਕਰ ਲਿਆ ਸੀ।

ਭਰਾ ਜੋ ਮੇਰੇ ਘਰ ਨਹੀਂ ਸੀ ਵੜਦਾ ਤੇ ਮੈਂ ਕਿਉਂ ਉਹਦੇ ਵੱਲ ਜਾਂਦੀ ਪਰ ਏਸ ਜੂਹ ਵਿਚੋਂ ਜਦੋਂ ਵੀ ਲੰਘਦੀ ਧਰੂਹ ਪੈਂਦੀ। ਏਹਦਾ ਉਪਾਅ ਇਹ ਕੀਤਾ ਕਿ ਮੈਂ ਰਾਹ ਈ ਬਦਲ ਲਿਆ।

ਕੁੜਮਾਂ ਦੇ ਜਾਂਦੀ ਕੱਲ੍ਹ ਟੂਣੇਹਾਰੀ ਉੱਤਰ ਪਈ।

ਪਿੰਡ ਤੇ ਝਾਤ ਪਾਈ ਕੁਝ ਬਦਲਿਆ ਹੋਇਆ ਲੱਗਿਆ। ਸਾਡੇ ਚੌਬਾਰੇ ਤੋਂ ਵੱਖ ਹੋਰ ਕਈ ਘਰਾਂ ਦੀਆਂ ਮਮਟੀਆਂ ਵੀ ਨਜ਼ਰੀਂਦੀਆਂ ਸਨ। ਪਿੱਛਲਿਆਂ ਕੁਝ ਵਰ੍ਹਿਆਂ ਤੋਂ ਉੱਥੇ ਕਈ ਕੁਝ ਨਵਾਂ ਉਸਰ ਗਿਆ ਏ। ਪਹਿਲੀ ਨਜ਼ਰੇ ਦੂਰੋਂ ਜਾਪਦਾ ਈ ਨਹੀਂ ਪਈ ਇਹ ਸਾਡਾ ਪਿੰਡ ਉਹੀ ਏ ਜਿੱਥੇ ਮੇਰਾ ਜਨਮ ਹੋਇਆ ਸੀ।

ਇਕ ਵਾਰ ਪੈਰ ਤਾਂ ਪਿੰਡ ਵੱਲ ਉੱਠੇ ਪਰ ਮੈਂ ਖ਼ੁਦ ਨੂੰ ਰੋਕ ਲਿਆ। ਮਨ ਏਸ ਪਿੰਡ ਦੇ ਨਾਉਂ ਦਾ ਹੇਜਲਾ ਪਰ ਅੱਖੀਆਂ ਸਾਹਵੇਂ ਇਕ ਉਭੜ ਮੰਜਰ। ਪਿੰਡ ਦੇ ਰੰਗ ਰੂਪ ਵਿਚ ਆ ਚੁੱਕੀ ਬਦਲਾਵਟ ਵਿਖਾ ਕੇ ਮੈਂ ਦਿਲ ਨੂੰ ਭੁਲੇਵੇਂ ਪਾ ਲਿਆ ਸੀ।

ਅੱਜ ਉਥੇ ਕੌਣ ਏ ਮੇਰਾ ਜੇਹਦੇ ਕੋਲ ਮੈਂ ਜਾਵਾਂ। ਰਹਿੰਦਾ-ਖੂੰਹਦਾ ਭਰਾ ਨਾਲ ਈ ਲਦ ਗਿਆ। ਜਦੋਂ ਜੀਉਂਦਾ ਸੀ, ਨਹੀਂ ਵੀ ਸੀ ਮਿਲਦੇ ਪਰ ਇਕ ਰਿਸ਼ਤਾ ਤਾਂ ਮੌਜੂਦ ਸੀ। ਭਾਵੇਂ ਉਸ ਰਿਸ਼ਤੇ ਦਾ ਮਾਣ ਮੈਥੋਂ ਖੁਸ ਗਿਆ ਹੋਇਆ ਸੀ।

'ਬੀਬਾ ਪਿੰਡ ਵੱਸਦਿਆਂ ਦੇ ਤੇ ਸਾਕ ਮਿਲਦਿਆਂ ਦੇ। ਓਪਰੀਆਂ ਨੂੰਹਾਂ ਨੂੰ ਤੇਰੀ ਕੀ ਸਾਰ।' ਮੈਂ ਆਪਣੇ ਆਪ ਨੂੰ ਸਮਝਾਇਆ ਤੇ ਸੋਚਿਆ ਤੇ ਭਰਾ ਦੇ ਸੋਗ ਤੇ ਗਈ ਸਾਂ ਤੇ ਕੇਹੜਾ ਆਦਰ ਹੋਇਆ ਸੀ ਮੇਰਾ। ਆਪਣੇ ਈ ਘਰ ਵਿਚ ਬੇਗਾਨਿਆਂ ਤਰ੍ਹਾਂ ਬੈਠੀ ਸਾਂ। ਭਰਾ ਆਪਣੇ ਦੀਆਂ ਨੂੰਹਾਂ ਨੂੰ ਮਾਲਕਾਂ ਵਾਂਗੂੰ ਅੰਦਰ ਬਾਹਰ ਫਿਰਦੀਆਂ ਵੇਖ ਦਿਲ ਵਿਚ ਆਇਆ ਸੀ, 'ਏਸ ਘਰ ਦੇ ਆਪਣੇ ਹੋਣ ਦਾ ਮਾਣ ਕਦੇ ਮੈਨੂੰ ਵੀ ਸੀ।'

ਸੜਕ ਤੇ ਖੜੀ ਦੇ ਜੀ ਵਿਚ ਆਈ ਮਾਂ ਦੀ ਕਬਰ ਤੋਂ ਈ ਹੋ ਜਾਵਾਂ। ਪਿੰਡ ਵੱਲ ਨੂੰ ਉੱਠੇ ਕਦਮ ਮੈਂ ਗੁਸਤਾਨਾ ਵੱਲ ਮੋੜ ਲਏ।

ਵੱਟਾਂ ਬੰਨਿਆਂ ਉੱਤੇ ਟੁਰਦਿਆਂ ਮੈਨੂੰ ਮਾਂ ਦੀਆਂ ਗੱਲਾਂ ਚੇਤੇ ਆਉਣ ਲੱਗ ਪਈਆਂ।

'ਧੀਏ, ਤੇਰਾ ਜਨਮ ਹੋਇਆ ਤੇ ਮੈਂ ਚਿਤ ਏਥੇ ਲਾਇਆ। ਦਾਦੀ ਤੇਰੀ ਪਿਉ ਤੇਰੇ ਨੂੰ ਕਹਿਣਾ, ਨਿੱਤ ਪੇਕੇ ਟੁਰੀ ਰਹਿੰਦੀ ਏ। ਏਹ ਨਹੀਂ ਏਥੇ ਵੱਸਦੀ। ਪਿੱਛੇ ਸਹੇਲੀਆਂ ਦਾ

ਪੂਰ ਛੱਡ ਕੇ ਆਈ ਸਾਂ ਏਥੇ ਪੈਰ ਕਿਵੇਂ ਟਿਕਦੇ।' ਉਹ ਮੈਨੂੰ ਦੱਸਦੀ ਹੁੰਦੀ।

'ਹਾਏ ਨੀ ਮਾਂ।' ਉਹਨੂੰ ਯਾਦ ਕਰਦਿਆਂ ਮੇਰਾ ਗੱਚ ਭਰ ਆਇਆ।

'ਜੋ ਪਾਣੀ ਅੱਜ ਨਦੀਓਂ ਲੰਘਿਆ ਮੁੜ ਨਹੀਂ ਆਉਣਾ ਭਲਕੇ, ਬੇੜੀ ਦੇ ਪੂਰ ਤ੍ਰਿੰਜਣ ਦੀਆਂ ਕੁੜੀਆਂ ਫੇਰ ਨਾ ਬਹਿਣਾ ਰਲ ਕੇ।' ਮਾਂ ਦੇ ਬੋਲ ਮੇਰੇ ਬੁੱਲ੍ਹੀਂ ਆਏ।

ਸਹੇਲੀਆਂ ਵਿਚ ਖੇਡਦਿਆਂ ਮਾਂ ਨੇ ਮੈਨੂੰ ਕਦੇ ਨਹੀਂ ਸੀ ਉੱਠਾਇਆ।

'ਜੀ ਭਰ ਕੇ ਖੇਡ ਲਉ ਕੁੜੀਓ, ਏਹ ਵੇਲਾ ਹੱਥ ਨਹੀਂ ਜੇ ਆਉਣਾ।' ਸਗੋਂ ਉਹ ਕਹਿੰਦੀ। ਉਹ ਕਦੇ-ਕਦਾਈਂ ਇਕ ਲੋਕਗੀਤ ਗਾਉਂਦੀ ਹੁੰਦੀ ਸੀ ਜੇਹਦੇ ਵਿਚ ਕੂੰਜਾਂ ਤੇ ਕੰਜਕਾਂ ਦਾ ਜ਼ਿਕਰ ਆਉਂਦਾ ਸੀ। ਕੰਜਕਾਂ ਤੇ ਅਸੀਂ ਆਪ ਸਾਂ। ਕੂੰਜ ਉਦੋਂ ਨਹੀਂ ਸੀ ਵੇਖੀ ਹੋਈ ਪਰ ਗਾਉਣ ਵਿਚ ਮੌਜੂਦ ਦਰਦ ਵਿਰਾਗ ਤੋਂ ਅਸੀਂ ਗਵੇੜ ਲਾਉਂਦੀਆਂ ਪਈ ਇਹ ਕੂੰਜ ਕੋਈ ਬਹੁਤਾ ਈ ਹਿਜਰ ਨਸੀਬ ਪੰਛੀ ਏ। ਦੁੱਖ ਜੇਹਦੇ ਮਸਤਕ ਪਏ ਨੇ।

ਜ਼ਰਾ ਜਵਾਨ ਹੋਈਆਂ ਤਾਂ ਪੂਰ ਵਿਚੋਂ ਕਿਰਨਮ ਕਿਰਨੀ ਸਹੇਲੀਆਂ ਕਿਰਨ ਲੱਗੀਆਂ। ਪਹਿਲੇ ਰੱਜੀ ਵਿਆਹ ਕੇ ਸਾਥੋਂ ਦੂਰ ਹੋਈ, ਫਿਰ ਸੁਗਰਾਂ, ਸੀਮਾ, ਸਲਮਾ.....ਤੇ ਆਪਣੀ-ਆਪਣੀ ਵਾਰੀ ਅਸੀਂ ਸਾਰੀਆਂ ਈ ਉੱਥੋਂ ਚੱਲੀਆਂ ਗਈਆਂ। ਪਿੱਛੇ ਰਹਿ ਗਈਆਂ ਸਖਣੀਆਂ ਗਲੀਆਂ ਤੇ ਖਾਲੀ ਵਿਹੜੇ। ਬਿਰਹਾ-ਬਿਰਹਾ ਆਖੀਏ ਬਿਰਹਾ ਤੂੰ ਸੁਲਤਾਨ।

ਹੁਣ ਮੈਂ ਕਬਰਸਤਾਨ ਆ ਵੜੀ ਸਾਂ।

ਘਾਹ ਦਾ ਜੰਗਲ ਪਾਰ ਕਰਕੇ ਮੈਂ ਖੋੜ ਵਾਲੀ ਉਸ ਟਾਹਲੀ ਦੇ ਕੋਲ ਪੁੱਜੀ ਜੇਹਦੇ ਥੱਲੇ ਮੈਨੂੰ ਏਸ ਜੱਗ ਵਿਚ ਲਿਆਉਣ ਵਾਲੀ ਘੂਕ ਸੁੱਤੀ ਪਈ ਸੀ।

'ਮੈਂ ਤੇਰੀ ਆਂਦਰ ਅੰਬੜੀਏ ਬੋਲ।' ਮੇਰੀਆਂ ਬੁਲਕਾਂ ਨਿਕਲ ਗਈਆਂ। ਮੈਂ ਭੁੱਬ ਮਾਰ ਕੇ ਰੋ ਪਈ ਤੇ ਕਿੰਨੀ ਦੇਰ ਰੋਂਦੀ ਰਹੀ।

ਕਾਲ ਜ਼ਾਲਮ ਲੁਟੇਰਾ ਏ ਜਿਹੜਾ ਸਾਥੋਂ ਜਾਨ ਦੇ ਟੋਟੇ ਖੋਹ ਖੜਦਾ ਏ ਤੇ ਚੇਤਾ ਹਮਦਰਦ ਮਿੱਤਰ ਏ ਜਿਹੜਾ ਉਨ੍ਹਾਂ ਦੀਆਂ ਯਾਦਾਂ ਸੰਭਾਲ ਰੱਖਦਾ ਏ। ਵੇਲੇ ਦੀ ਧੂੜ ਸਾਰਿਆਂ ਈ ਰੰਗਾਂ ਰੂਪਾਂ ਦੀ ਪਛਾਣ ਗਵਾ ਦੇਂਦੀ ਏ। ਪਰ ਇਕੱਲਾ ਮਾਂ ਦਾ ਚਿਹਰਾ ਈ ਅਜਿਹਾ ਏ ਜੇਹੜਾ ਚੇਤੇ ਵਿਚ ਹਮੇਸ਼ ਨਰੋਇਆ ਰਹਿੰਦਾ ਏ। ਕਬਰਸਤਾਨ ਤੋਂ ਮੁੜਦਿਆਂ ਮੈਂ ਏਹੀ ਸੋਚ ਰਹੀ ਸਾਂ।

ਵਾਪਸ ਬੱਸ-ਸਟਾਪ ਨੂੰ ਜਾਣ ਵਾਲੀ ਪਗਡੰਡੀ ਤੇ ਚੜ੍ਹੀ ਤਾਂ ਯਾਦਾਂ ਦੀ ਲੜੀ ਫਿਰ ਜੁੜ ਗਈ।

ਮੈਂ ਉਹ ਦਿਨ ਯਾਦ ਕੀਤੇ ਜਦੋਂ ਇਨ੍ਹਾਂ ਰਾਹਵਾਂ, ਗਲੀਆਂ, ਘਰਾਂ ਤੇ ਸਗੋਂ ਏਸ ਮਿੱਟੀ ਉੱਤੇ ਸਾਡਾ ਵੀ ਕੋਈ ਹੱਕ ਸੀ। ਉਹ ਰਾਹ, ਗਲੀ, ਘਰ ਤੇ ਧਰਤੀ ਜਿਹਨੂੰ ਅਸੀਂ ਪੂਰੇ ਤੌਰ ਆਪਣਾ ਕਹਿ ਸਕੀਏ ਨਾ ਬੇਗਾਨਾ ਮਿਥ ਸਕੀਏ ਪਈ ਜਿੱਥੇ ਸਾਡਾ ਜਨਮ ਹੋਇਆ ਉੱਥੇ ਅਸਾਂ ਰਹਿਣਾ ਨਹੀਂ ਤੇ ਜਿੱਥੇ ਜਾਣਾ ਹੈ ਉਹਦਾ ਪਤਾ ਕੋਈ ਨਹੀਂ। ਕੇਹਦਾ ਕਿੱਥੇ ਟਿਕਾਣਾ ਏ ਖ਼ਬਰ ਨਹੀਂ। ਕੁੜੀਆਂ ਦਾ ਪੂਰ ਕੂੰਜਾਂ ਦੀ ਕੋਈ ਡਾਰ ਏ ਜਿਵੇਂ। ਕੇਹਦੇ ਲੇਖਾਂ ਵਿਚ ਕੇਹੜੀ ਜੂਹ ਲਿਖੀ ਏ, ਵੇਲਾ ਈ ਦੱਸੇਗਾ।

ਤੇ ਫਿਰ ਇਕ ਦਿਨ ਪਰਾਇਆ ਧਨ ਸਮਝ ਕੇ ਪਾਲੀ ਹੋਈ ਧੀ ਨੂੰ ਸਾਰੇ ਪਰਿਵਾਰ ਸਾਹਮਣੇ ਫੈਸਲਾ ਸੁਣਾ ਦਿੱਤਾ ਜਾਂਦਾ ਏ। ਉਹਦੀ ਘਰ ਬਦਰੀ ਦਾ ਫੈਸਲਾ। ਏਹ ਦੇਸ਼



ਨਿਕਾਲਾ ਉਹ ਕਬੂਲ ਕਰੇ ਜਾਂ ਨਾ ਕਰੇ। ਵਿਛੋੜਾ ਉਹਨੂੰ ਸਹਿਣਾ ਈ ਪੈਂਦਾ ਏ।

'ਤਾੜੀ ਮਾਰ ਉੱਡਾ ਨਾ ਬਾਹੂ ਅਸੀਂ ਆਪੇ ਉੱਡਣਹਾਰੇ'

ਹੁਣ ਦਿਲ ਦਰਿਆ ਵਿਚ ਮਿੱਟੀ ਦਾ ਮੋਹ ਠਾਠਾਂ ਮਾਰਨ ਲੱਗ ਪਿਆ ਸੀ ਪਰ ਮੈਂ ਸ਼ੁਕਰ ਕੀਤਾ ਕਿ ਸੜਕ ਵੱਲ ਜਾ ਰਹੀ ਹੋਣ ਵਜ੍ਹੋਂ ਪਿੰਡ ਵੱਲ ਮੇਰੀ ਕੰਡ ਸੀ। ਅੱਖੀਆਂ ਮੂਹਰੇ ਪਿੰਡ ਵੇਖ ਕੇ ਨਹੀਂ ਤਾਂ ਐਦਕੀਂ ਮੈਥੋਂ ਆਪਣੇ ਆਪ ਨੂੰ ਰੋਕ ਨਹੀਂ ਸੀ ਹੋਣਾ। ਛਲਕ ਆਈਆਂ ਅੱਖੀਆਂ ਮੈਂ ਦੁਪੱਟੇ ਦੇ ਪੱਲੇ ਨਾਲ ਪੂੰਝ ਛੱਡੀਆਂ ਸਨ।

ਸਕੂਲ ਤੋਂ ਪੜ੍ਹ ਕੇ ਆ ਰਹੀਆਂ ਕੁੜੀਆਂ ਦਾ ਇਕ ਝੁੰਡ ਮੇਰੇ ਕੋਲੋਂ ਦੀ ਲੰਘਿਆ। ਚਿੱਟੇ ਰੰਗ ਦੇ ਸਾਫ਼ ਦੁਪੱਟਿਆਂ ਹੇਠ ਹੱਸਦੇ ਹੋਏ ਚਿਹਰੇ ਮੈਨੂੰ ਬਹੁਤ ਭਲੇ ਲੱਗੇ। ਇਕ ਦੂਜੀ ਨੂੰ ਬਖੇੜੇ ਠਠੋਲ ਕਰਦੀਆਂ ਉਹ ਮੇਰੇ ਪਿੰਡ ਵੱਲ ਨੂੰ ਈ ਜਾ ਰਹੀਆਂ ਸਨ।

ਹੌਲੀ-ਹੌਲੀ ਟੁਰਦੀ ਮੈਂ ਸਟਾਪ ਤੇ ਆ ਪਹੁੰਚੀ ਸਾਂ।

ਮੈਂ ਸੁਗਰਾਂ, ਸੀਮਾ, ਸਲਮਾ ਤੇ ਹੋਰ ਸਹੇਲੀਆਂ ਦੇ ਨੈਣ ਨਕਸ਼ ਚੇਤੇ ਕਰਨ ਦਾ ਯਤਨ ਕੀਤਾ। ਉਹ ਸਾਡੇ ਬਚਪਨ ਦੇ ਮੁਹਾਂਦਰੇ। ਆਪਣੇ ਕੋਲੋਂ ਦੀ ਲੰਘਦੀਆਂ ਕੁੜੀਆਂ ਦੀ ਉਮਰ ਦੇ, ਸਗਵੇਂ ਹੱਸਦੇ ਪਏ ਤੇ ਬਖੇੜੇ ਠਠੋਲ ਕਰਦੇ ਹੋਏ ਚਿਹਰੇ।

ਪਿੱਛਲੇ ਸਾਲ ਅਚਾਨਕ ਈ ਸੁਗਰਾਂ ਨਾਲ ਮੁਲਾਕਾਤ ਹੋ ਗਈ ਸੀ। ਉਸ ਬਾਂਹਵਾਂ ਵਿਚ ਘੁੱਟ ਲਿਆ ਸੀ ਮੈਨੂੰ। ਅਸੀਂ ਚਿਰ ਬਾਅਦ ਇਕ ਦੂਜੀ ਦੇ ਮੱਥੇ ਲੱਗੀਆਂ ਵੀ ਤਾਂ ਸ਼ਹਿਰ ਬਾਜ਼ਾਰ ਵਿਚ ਖੜੇ ਖੜੋਤੇ ਈ, ਬਸ ਪਲ ਦੋ ਪਲ। ਇਕ ਉਮਰ ਪਹਿਲਾਂ ਵੇਖੇ ਹੋਏ ਚਿਹਰੇ ਨਾਲੋਂ ਹੁਣ ਸੁਗਰਾਂ ਦਾ ਚਿਹਰਾ ਕਿੰਨਾ ਵੱਖਰਾ ਸੀ।

ਸਟਾਪ ਤੇ ਖੜੀ ਮੈਂ ਚੇਤੇ ਦੀ ਪਟਾਰੀ ਵਿਚ ਪਏ ਸੁਗਰਾਂ ਦੇ ਦੋ ਚਿਹਰਿਆਂ ਵਿਚੋਂ ਅਜੇ ਇਕ ਚਿਹਰਾ ਨਿਖੇੜ ਈ ਰਹੀ ਸਾਂ ਕਿ ਮੇਰੀ ਬੱਸ ਆ ਗਈ।

ਫਿਰ ਮੈਂ ਬੱਸ ਵਿਚੋਂ ਸੀਟ ਤੇ ਬੈਠੇ ਹੋਏ ਬਾਹਰ ਨੂੰ ਝਾਕਿਆ। ਅੱਖਾਂ ਮੇਰੀਆਂ ਵਿਚ ਨੰਮ੍ਹੀ ਸੀ ਤੇ ਨਜ਼ਰ ਧੁੰਦਲਾਈ ਹੋਈ, ਪਿੰਡ ਸਾਫ਼ ਨਾ ਦਿੱਸਿਆ। ਪਰ ਉਹਦੇ ਨੇੜੇ ਕੂੰਜਾਂ ਦੀ ਕੋਈ ਡਾਰ ਵਿਖਾਲੀ ਦੇ ਗਈ।

**ਨਵੇਂ ਛਪੇ ਨਾਵਲ**

**ਹੱਦ ਤੋਂ ਪਰੇ ਪਰ੍ਹੇ/ਮਹਿੰਦਰ ਸਿੰਘ ਤਤਲਾ**

**ਮੋਨਾਲੀਸਾ ਹੱਸ ਰਹੀ ਸੀ/ਅਸ਼ੋਕ ਭੌਮਿਕ**

**ਉਹੀ ਇੱਕੋ ਦਿਨ/ਗੁਰਮੀਤ ਕੜਿਆਲਵੀ**

# ਦਿਲ ਦਰਿਆ ਸਮੁੰਦਰੋਂ ਡੂੰਘੇ/ਜਿੰਦਰ

ਖ਼ਾਲਿਦ ਫ਼ਰਹਾਦ ਧਾਰੀਵਾਲ ਨੂੰ ਮੈਂ ਪਹਿਲੀ ਵਾਰ, ਆਪਣੀ ਦੂਜੀ ਪਾਕਿਸਤਾਨ ਫੇਰੀ (ਅਪ੍ਰੈਲ, 2008) ਵੇਲੇ ਮਕਸੂਦ ਸਾਕਿਬ ਦੇ ਪ੍ਰਕਾਸ਼ਨ ਹਾਊਸ, ਸੁਚੇਤ ਪ੍ਰਕਾਸ਼ਨ, ਲਾਹੌਰ 'ਚ ਦੇਖਿਆ। ਦੇਖਦਿਆਂ ਸਾਰ ਹੀ ਪ੍ਰਭਾਵਤ ਹੋਣੋਂ ਨਾ ਰਹਿ ਸਕਿਆ। ਮੈਨੂੰ ਉਸ ਬਾਰੇ ਇੰਨਾ ਕੁ ਪਤਾ ਸੀ ਕਿ ਉਹ ਕਹਾਣੀਆਂ ਲਿਖਦਾ ਹੈ। ਮੈਂ ਉਸ ਦੀ ਕੋਈ ਕਹਾਣੀ ਨਹੀਂ ਪੜ੍ਹੀ ਸੀ। ਪਰ ਉਸ ਮੇਰਾ ਕਹਾਣੀ ਸੰਗ੍ਰਹਿ 'ਤੁਸੀਂ ਨਹੀਂ ਸਮਝ ਸਕਦੇ', ਜਿਹੜਾ ਕਿ ਮਕਸੂਦ ਸਾਕਿਬ ਨੇ ਸ਼ਾਹਮੁਖੀ ਲਿਖੀ 'ਚ ਛਾਪਿਆ ਸੀ, ਪੜ੍ਹਿਆ ਸੀ। ਮੇਰੀਆਂ ਕਹਾਣੀਆਂ ਤੋਂ ਪ੍ਰਭਾਵਤ ਹੋ ਕੇ ਉਸ 'ਘਰ' ਕਹਾਣੀ ਲਿਖੀ ਸੀ। ਇਹ ਸਭ ਗੱਲਾਂ ਉਸ ਖੜ੍ਹਿਆਂ-ਖੜ੍ਹਿਆਂ ਹੀ ਮੈਨੂੰ ਦੱਸ ਦਿੱਤੀਆਂ ਤੇ ਪੁੱਛਿਆ, "ਉਦੈ ਪ੍ਰਕਾਸ਼ ਹੋਰਾਂ ਦਾ ਕੀ ਹਾਲ ਏ? " ਮੈਂ ਉਸ ਨੂੰ ਹੈਰਾਨੀ ਜਿਹੀ ਨਾਲ ਦੇਖਿਆ ਕਿ ਉਸ ਨੂੰ ਉਦੈ ਪ੍ਰਕਾਸ਼ ਬਾਰੇ ਪਤਾ। ਮੈਂ ਉਹਨੂੰ ਦੱਸਿਆ ਕਿ ਮੈਂ ਉਦੈ ਪ੍ਰਕਾਸ਼ ਦੀ ਹਰੇਕ ਕਹਾਣੀ ਪੜ੍ਹਦਾ ਹਾਂ। ਉਹ ਮੇਰੇ ਕੋਲੋਂ ਉਦੈ ਪ੍ਰਕਾਸ਼ ਬਾਰੇ ਬਹੁਤ ਕੁਝ ਜਾਣਨਾ ਚਾਹੁੰਦਾ ਸੀ। ਜਿੰਨਾ ਕੁ ਮੈਨੂੰ ਪਤਾ ਸੀ, ਮੈਂ ਉਹਨੂੰ ਦੱਸ ਦਿੱਤਾ। ਜਦੋਂ ਮੈਂ 'ਸ਼ਬਦ' ਦਾ ਹਿੰਦੀ ਕਹਾਣੀ ਵਿਸ਼ੇਸ਼ ਅੰਕ ਕੱਢਣਾ ਸੀ, ਉਦੋਂ ਮੈਂ ਉਦੈ ਪ੍ਰਕਾਸ਼ ਨੂੰ ਕਈ ਵਾਰ ਟੈਲੀਫੋਨ ਕੀਤਾ ਸੀ। ਇਨ੍ਹਾਂ ਟੈਲੀਫੋਨਾਂ ਦੌਰਾਨ ਹੀ ਉਦੈ ਪ੍ਰਕਾਸ਼ ਨੇ ਕਿਹਾ ਸੀ, "ਮੈਂ ਹਿੰਦੀ ਕਹਾਨੀ ਕਾ ਭਿੰਡਰਾਂਵਾਲਾ ਹੂੰ। ਮੁਝੇ ਕੋਈ ਨੌਕਰੀ ਨਹੀਂ ਦੇਤਾ। ਮੇਰੇ ਸੇ ਡਰਤੇ ਹੈਂ।" ਮੈਂ ਇਹੀ ਗੱਲ ਖ਼ਾਲਿਦ ਨੂੰ ਦੱਸੀ ਤਾਂ ਉਹ ਖਿੜਖਿੜਾ ਕੇ ਹੱਸਿਆ, "ਠੀਕ ਫਰਮਾਇਆ ਉਸ।" ਫੇਰ ਉਸ ਤਲਵਿੰਦਰ, ਬਲਵਿੰਦਰ ਗਰੇਵਾਲ, ਸੁਖਜੀਤ, ਮੋਹਨ ਭੰਡਾਰੀ ਬਾਰੇ ਪੁੱਛਿਆ ਤਾਂ ਮੈਨੂੰ ਦੋਬਾਰਾ ਹੋਰ ਵੀ ਹੈਰਾਨੀ ਹੋਈ ਕਿ ਉਹ ਚੜ੍ਹਦੇ ਪੰਜਾਬ ਦੇ ਕਹਾਣੀਕਾਰਾਂ ਬਾਰੇ ਬਹੁਤ ਕੁਝ ਜਾਣਦਾ ਹੈ। ਉਸ ਨੇ ਤਕਰੀਬਨ ਸਾਰੇ ਹੀ ਕਹਾਣੀਕਾਰ ਪੜ੍ਹੇ ਹਨ। ਮੈਨੂੰ ਕਿਸੇ ਹੋਰ ਨੇ ਆਵਾਜ਼ ਮਾਰ ਲਈ ਤਾਂ ਉਹ ਪ੍ਰੇਮ ਪ੍ਰਕਾਸ਼ ਨਾਲ ਗੱਲਾਂ ਕਰਨ ਜਾ ਲੱਗਾ।

ਮੈਂ ਨੁੱਕਰ 'ਚ ਖੜ੍ਹੇ ਨੇ ਖ਼ਾਲਿਦ ਨੂੰ ਭਰਵੀਂ ਨਜ਼ਰ ਨਾਲ ਦੇਖਿਆ। ਉਸ ਦੀ ਉਮਰ 30-32 ਸਾਲਾਂ ਦੀ ਲੱਗੀ। ਉਸ ਨੇ ਚੂਹੇ ਰੰਗੀ ਕਮੀਜ਼ ਤੇ ਸਲਵਾਰ ਪਾਈ ਹੋਈ ਸੀ। ਲੰਮੀ ਦਾਹੜੀ ਤੇ ਛੋਟੀਆਂ-ਛੋਟੀਆਂ ਮੁੱਛਾਂ। ਪਿਛਾਂਹ ਨੂੰ ਕਰਕੇ ਕਾਲੇ ਸ਼ਾਹ ਵਾਲ ਸੰਵਾਰੇ ਹੋਏ ਸਨ। ਉਹ ਇਕ ਤੋਂ ਬਾਅਦ ਇਕ ਮਿੱਤਰਾਂ ਨੂੰ ਮਿਲ ਰਿਹਾ ਸੀ। ਮੈਨੂੰ ਇਕ ਗੀਤ ਦੇ ਬੋਲ ਯਾਦ ਆ ਗਏ, "ਇਕ ਮੇਰੀ ਅੱਖ ਕਾਸ਼ਨੀ....।" ਮੈਨੂੰ ਉਸ ਦੀਆਂ ਅੱਖਾਂ 'ਚ ਕਾਸ਼ਨੀ ਰੰਗ ਦਿੱਸਿਆ। ਪੰਜ ਕੁ ਮਿੰਟਾਂ ਮਗਰੋਂ ਮੈਂ ਮਹਿਸੂਸ ਕੀਤਾ ਕਿ ਉਸ ਦੀਆਂ ਅੱਖਾਂ 'ਚ ਅਜੀਬ ਕਿਸਮ ਦਾ ਗ਼ਮ ਹੈ। ਲੰਬੀ ਦਾੜ੍ਹੀ ਰੱਖਣ ਪਿੱਛੇ ਕੋਈ ਰਾਜ਼ ਹੈ। ਸ਼ਾਇਦ ਉਹ ਵੀ ਧਾਰਮਿਕ ਜਨੂੰਨੀ ਹੋਵੇ। ਹੱਸਦੇ ਚਿਹਰੇ 'ਤੇ ਇਕ ਖਿਚਾਓ ਵੀ ਹੈ। ਫੇਰ ਮੈਂ ਸੋਚਿਆ ਕਿ ਸ਼ਾਇਦ ਇਹ ਮੇਰਾ ਭ੍ਰਮ ਹੋਵੇ। ਮੈਂ ਕਿਹੜਾ ਸਾਈਕੋਲੋਜਿਸਟ ਹਾਂ ਕਿ ਉਸ ਦੇ ਚਿਹਰੇ 'ਤੇ ਲਿਖੀ ਇਬਾਦਤ ਪੜ੍ਹ ਸਕਾਂ। ਫੇਰ ਪਹਿਲੀ ਵਾਰ ਮਿਲ ਕੇ ਕਿਸੇ ਨੂੰ ਕਿੰਨਾ ਕੁ ਜਾਣਿਆ ਜਾ ਸਕਦਾ। ਉਂਝ ਉਹ ਸ਼ੌਕੀਨ ਕਿਸਮ ਦਾ ਮੁੰਡਾ ਲੱਗਿਆ। ਤੀਜੀ ਫੇਰੀ ਵੇਲੇ, 12 ਜਨਵਰੀ, 2013 'ਚ, ਲਾਹੌਰ ਦੇ ਹੋਟਲ 'ਚ, ਵਾਪਸੀ ਵੇਲੇ, ਮੈਂ ਉਹਨੂੰ ਤਿਆਰ ਹੁੰਦਿਆਂ ਦੇਖਿਆ। ਉਸ ਦੇ ਬੈਗ 'ਚ ਤਰ੍ਹਾਂ ਤਰ੍ਹਾਂ ਦੇ ਸਪ੍ਰੇਅ ਤੇ ਕਰੀਮਾਂ ਸਨ। ਉਹ ਕਿਸੇ ਅਲੜ੍ਹ ਮੁਟਿਆਰ ਵਾਂਗ ਤਿਆਰ ਹੋਇਆ। ਮੈਨੂੰ



ਹੱਸਦਿਆਂ ਦੇਖ ਕੇ ਬੋਲਿਆ, "ਤੁਸਾਂ ਤਾਂ ਆਪਣੇ ਆਪ ਨੂੰ ਹੁਣੇ ਤੋਂ ਬੁੱਢੇ ਸਮਝਣ ਲੱਗ ਪਏ ਹੋ।" ਮੈਂ ਕਿਹਾ, "ਤੈਨੂੰ ਸੱਜਦਿਆਂ ਦੇਖ ਕੇ ਮੇਰੀ ਰੂਹ ਨਸ਼ਿਆ ਗਈ।" ਉਹ ਮੇਰੀਆਂ ਗੱਲਾਂ ਦਾ ਜੁਆਬ ਦਈ ਗਿਆ ਤੇ ਆਪਣੇ ਆਪ ਨੂੰ ਸਜਾਉਂਦਾ ਰਿਹਾ। ਮੈਨੂੰ ਉਸ ਦੀਆਂ ਕਈ ਕਹਾਣੀਆਂ ਯਾਦ ਆਈਆਂ ਜਿਨ੍ਹਾਂ ਦੀ ਵਾਕ-ਬਣਤਰ, ਉਸ ਦੇ ਸੱਜਣ ਫਬਣ ਵਾਂਗ ਹੀ ਹੈ। ਉਹ ਪੰਜ ਦਿਨ ਮੇਰੇ ਨਾਲ ਕਿਹਾ। ਅਸੀਂ ਲਾਹੌਰ ਤੋਂ ਇਸਲਾਮਾਬਾਦ ਜਾਂਦਿਆਂ ਹੋਇਆਂ, ਬੱਸ 'ਚ ਨਾਲ-ਨਾਲ ਬੈਠੇ।

ਨਵੀਆਂ ਛਪੀਆਂ ਕਿਤਾਬਾਂ ਤੇ ਲੇਖਕਾਂ ਬਾਰੇ ਜਾਣਕਾਰੀ ਰੱਖਣ ਦਾ ਉਸ 'ਚ ਅਥਾਹ ਜਜ਼ਬਾ ਹੈ। ਮੈਂ ਜਦੋਂ ਵੀ ਪਾਕਿਸਤਾਨ ਜਾਣਾ ਹੋਵੇ ਤਾਂ ਉਸ ਨੂੰ ਫੋਨ 'ਤੇ ਪੁੱਛਦਾ ਹਾਂ, "ਦੱਸ ਤੇਰੇ ਲਈ ਕੀ ਲੈ ਕੇ ਆਵਾਂ?" ਉਹ ਅੱਗੋਂ ਕਹਿੰਦਾ ਹੈ, "ਤੁਸਾਂ ਫੋਨ ਬੰਦ ਕਰੋ, ਮੈਂ ਕਰਦਾਂ।" ਮੈਂ ਅਗਲੀ ਗੱਲ ਕਰਨ ਹੀ ਲੱਗਦਾ, ਉਹ ਫੋਨ ਕੱਟ ਦਿੰਦਾ। ਆਪਣੇ ਮੋਬਾਇਲ ਤੋਂ ਫੋਨ ਕਰਕੇ ਕਹਿੰਦਾ, "ਤੁਸਾਂ ਮੇਰੇ ਲਈ ਜਿੰਨੇ ਵੀ ਹਿੰਦੀ ਮੈਗਜ਼ੀਨਾਂ ਦੇ ਵਿਸ਼ੇਸ਼ ਅੰਕ ਨਿਕਲੇ ਨੇ, ਇਹ ਲੈ ਆਇਓ। ਜੇ ਇਜਲੀ ਮਿਲ ਜਾਵੇ ਤਾਂ ਯੂ. ਆਰ. ਅਨੰਤਮੂਰਤੀ ਦਾ ਨਾਵਲ ਸੰਸਕਾਰ, ਉਦੈ ਪ੍ਰਕਾਸ਼, ਸੰਜੈ ਖਾਤੀ, ਮਨੋਜ ਕੁਮਾਰ ਪਾਂਡੇਯ ਦੇ ਨਵੇਂ ਕਹਾਣੀ ਸੰਗ੍ਰਹਿ, ਪੰਜਾਬੀ ਕਹਾਣੀ ਦੀ ਆਲੋਚਨਾ ਨਾਲ ਰੀਲੇਟਡ ਕਿਤਾਬਾਂ... ਤੇ ਹੋਰ ਕੀ... ਮੈਨੂੰ ਯਾਦ ਨ੍ਹੀਂ ਆ ਰਿਹਾ.....।" ਮੈਂ ਪੁੱਛਦਾ, "ਤੇਰੀ ਮਹਿਬੂਬਾ ਲਈ ਕੀ ਲੈ ਕੇ ਆਵਾਂ?" ਮੇਰੀ ਗੱਲ 'ਤੇ ਉਹ ਸ਼ਰਮਾ ਜਾਂਦਾ ਤੇ ਫੇਰ ਕੁਝ ਸੈਕਿੰਡਾਂ ਬਾਅਦ ਕਹਿੰਦਾ, "ਤੁਹਾਂ ਨੂੰ ਪੁੱਛ ਕੇ ਦੱਸਾਂਗਾ..... ਐਵੇਂ ਨਾ ਭਾਰ ਚੁੱਕੀ ਆਈਓ। ਛੋਟਾ ਭਰਾ ਸਾਊਦੀਆ ਗਿਆ ਹੋਇਆ। ਬਾਲ ਬੱਚਿਆਂ ਲਈ ਬਹੁਤ ਕੁਸ਼ ਭੇਜਦਾ ਰਹਿੰਦਾ।" ਉਹ ਘਰ 'ਚ ਸਾਰਿਆਂ ਨਾਲੋਂ ਵੱਡਾ ਹੈ। ਪਿਉ ਦੇ ਫੌਤ ਹੋ ਜਾਣ ਮਗਰੋਂ ਘਰ ਦਾ ਜੂਲਾ ਉਸ ਦੇ ਮੋਢਿਆਂ 'ਤੇ ਆ ਟਿਕਿਆ। ਘਰ ਬਾਹਰ, ਰਿਸ਼ਤੇਦਾਰਾਂ, ਅੰਗਲੀਆਂ- ਸੰਗਲੀਆਂ 'ਚ ਉਸ ਨੂੰ ਜਾਣਾ ਪੈਂਦਾ। ਖੇਤੀ ਨਾਲ ਉਹ ਆਪਣੇ ਆਪ ਨੂੰ ਬੰਨ ਨਾ ਸਕਿਆ। ਤੀਜਾ ਛੋਟਾ ਭਰਾ ਵੀ ਸਾਊਦੀ ਅਰਬ ਚਲਾ ਗਿਆ ਤਾਂ ਉਸ ਖੇਤ ਠੇਕੇ 'ਤੇ ਦੇ ਦਿੱਤੇ। ਇਸ ਪਾਸਿਓਂ ਵਿਹਲਾ ਹੋਇਆ ਤਾਂ ਮਕਾਨ ਬਣਾਉਣ 'ਚ ਫਸ ਗਿਆ। ਮੈਂ ਜਿੰਨੀ ਵਾਰੀ ਵੀ ਉਸਨੂੰ ਫੋਨ ਕੀਤਾ, ਉਸ ਨੂੰ ਇਨ੍ਹਾਂ ਚੱਕਰਾਂ 'ਚ ਫਸਿਆ ਦੇਖਿਆ। ਉਹ ਕਲਪਦਾ, "ਭਾਜੀ ਲੇਬਰ ਕੋਲੋਂ ਕੰਮ ਕਰਾਉਣਾ ਔਖੈ। ਇਹ ਬਹੁਤ ਖਰਾਬ ਕਰਦੇ। ਮਿਸਤਰੀ ਇਨ੍ਹਾਂ ਦੇ ਵੀ ਪਿਉ ਨੇ।" ਕਿੱਥੇ ਉਸ ਦਾ ਤੋਰਾ ਫੇਰਾ ਤੇ ਕਿੱਥੇ ਕਬੀਲਦਾਰੀ ਦੀ ਪੰਜਾਲੀ। ਉਸ ਨੇ ਮਹੀਨੇ 'ਚ ਇੱਕ ਅੱਧ ਵਾਰ ਇਸਲਾਮਾਬਾਦ ਜਾ ਕੇ ਮਾਲਿਕ ਮੇਹਰ ਅਲੀ ਨੂੰ ਮਿਲਣਾ ਹੁੰਦਾ ਜਾਂ ਲਾਹੌਰ ਗੇੜਾ ਮਾਰਨਾ ਹੁੰਦਾ। ਉਸਨੂੰ ਤੁਰ ਫਿਰ ਕੇ ਮਜ਼ਾ ਆਉਂਦਾ। ਉਹ ਆਪਣੀ ਇਸ ਆਦਤ ਬਾਰੇ ਦੱਸਦਾ, "ਮੈਂ ਸੈਲ ਸਪਾਟੇ ਦਾ ਆਦੀ ਹਾਂ। ਸੈਲਾਨੀ ਰੂਹ ਪਾਰੋਂ ਮੁਲਖ ਅੰਦਰ ਬੜਾ ਘੁੰਮ ਕੇ ਫਿਰ ਕੇ ਵੇਖਿਆ ਏ। ਸੈਫਅਲ ਮਲੂਕ ਤੇ ਕਨੀਝਰ ਝੀਲ ਦਾ ਨਿਤਰਿਆ ਨੀਲਾ ਪਾਣੀ, ਥਲ 'ਚ ਦੂਰ ਦਿਸਹਦੇ ਤੀਕ ਪਸਰੀ ਰੇਤ, ਸਮੁੰਦਰ ਕੰਢੇ ਢਲਦੀ ਤ੍ਰਿਕਾਲ, ਪਰਬਤ ਉਲਿਉਂ ਉਗਦਾ ਸੂਰਜ। ਜ਼ਿੰਦਗੀ 'ਚ ਅਜਿਹੀਆਂ ਕਈ ਹੁਸੀਨ ਘੜੀਆਂ ਆਈਆਂ ਨੇ।" ਉਹ ਦੋ ਧੀਆਂ ਤੇ ਦੋ ਮੁੰਡਿਆਂ ਦਾ ਬਾਪ ਹੈ। ਜਦੋਂ ਉਸ ਦੀ ਧੀ ਚੰਗੇ ਨੰਬਰ ਲੈ ਕੇ ਪਾਸ ਹੁੰਦੀ ਹੈ ਤਾਂ ਉਸ ਦਾ ਉਤਸ਼ਾਹ ਦੇਖਣ ਵਾਲਾ ਹੁੰਦਾ।

ਉਹ ਆਪਣੇ ਨਾਨਕਿਆਂ ਦੇ ਪਿੰਡ ਧੱਦੋ ਲੰਬੜਾਂ 'ਚ ਜੰਮਿਆ। ਨਾਨਕਿਆਂ ਤੇ

ਦਾਦਕਿਆਂ 'ਚ ਪਹਿਲੀ ਔਲਾਦ ਹੋਣ ਕਰਕੇ ਉਹਨੂੰ ਬਹੁਤ ਹੀ ਜ਼ਿਆਦਾ ਲਾਡ-ਪਿਆਰ ਮਿਲਿਆ। ਢਾਈ ਸਾਲਾਂ ਤਕ ਉਸ ਤੁਰਨਾ ਨਹੀਂ ਸਿੱਖਿਆ ਸੀ। ਤੁਰਨਾ ਤਾਂ ਸਿੱਖਦਾ ਜੇ ਘਰ ਦੇ ਉਹਦੇ ਪੈਰ ਧਰਤੀ 'ਤੇ ਲੱਗਣ ਦਿੰਦੇ। ਘਰ 'ਚ ਮਾਂ ਤੇ ਦਾਦੀ ਦੀ ਗੋਦੀ 'ਚੋਂ ਨਿਕਲਦਾ ਤਾਂ ਉਸ ਦਾ ਤਾਇਆ ਮੋਢਿਆਂ 'ਤੇ ਚੁੱਕ ਲੈਂਦਾ। ਉਸ ਦੇ ਪੜਦਾਦੇ ਤੋਂ ਲੈ ਕੇ ਉਸਦੇ ਫੌਜੀ ਪਿਓ ਤੱਕ ਸਿਰਫ ਛੇ ਬੰਦੇ ਹੋਏ ਹਨ। ਪੜਦਾਦੇ ਦੇ ਦੋ ਭਰਾਵਾਂ 'ਚੋਂ ਇਕ ਬਿਨਾਂ ਔਲਾਦ ਗਿਆ। ਦਾਦੇ ਹੋਰੀਂ ਵੀ ਦੋ ਭਰਾ ਸਨ। ਸਿਰਫ ਇਕੋ ਮੁਹੰਮਦ ਬਖ਼ਸ਼ ਹੀ ਵਿਆਹਿਆ ਗਿਆ। ਦੂਜਾ ਛੜਾ ਰਹਿ ਗਿਆ। ਅੱਗੋਂ ਉਸ ਦੇ ਪਿਓ ਹੋਰੀਂ ਵੀ ਸਿਰਫ ਦੋ ਹੀ ਭਰਾ ਸਨ। ਫੇਰ ਤਾਏ ਦੀ ਵੀ ਸਿਰਫ ਇਕ ਹੀ ਧੀ ਹੈ। ਉਨ੍ਹਾਂ ਦੇ ਪਰਿਵਾਰ ਦੀ ਚੌਥੀ ਪੀੜ੍ਹੀ ਉਸੇ ਤੋਂ ਸ਼ੁਰੂ ਹੋਈ। ਇੰਨੇ ਸਾਲਾਂ ਬਾਅਦ ਇਸ ਘਰ ਨੂੰ ਵਾਰਿਸ ਮਿਲਣਾ-ਖੁਸ਼ੀ ਤਾਂ ਹੋਣੀ ਹੀ ਸੀ। ਜ਼ਿਲ੍ਹਾ ਸਿਆਲਕੋਟ 'ਚ ਪਸ਼ਰੂਰ ਡਸਕਾ ਰੋਡ ਦੇ ਕੰਢੇ ਇਕ ਥੇਹ 'ਤੇ ਵਸੇ ਆਪਣੇ ਪਿੰਡ ਤਾਉੜੀਆਂ ਵਾਲਾ ਦੇ ਸਕੂਲ 'ਚੋਂ ਉਸ ਪੰਜ ਜਮਾਤਾਂ ਪਾਸ ਕੀਤੀਆਂ। ਫੇਰ ਉਹ ਗੌਰਮੈਂਟ ਹਾਈ ਸਕੂਲ ਬਨ ਬਾਜਵਾ 'ਚ ਪੜ੍ਹਿਆ। ਬਾਅਦ 'ਚ ਗੌਰਮੈਂਟ ਸਰੇ ਕਾਲਜ, ਸਿਆਲਕੋਟ 'ਚ ਦਾਖਲ ਹੋਇਆ। ਉਹ ਘਰ ਦੇ ਕਿਸੇ ਜੀਅ ਕੋਲੋਂ ਜਿਹੜੀ ਵੀ ਚੀਜ਼ ਮੰਗ ਲੈਂਦਾ, ਉਸੇ ਵੇਲੇ ਲੈ ਦਿੱਤੀ ਜਾਂਦੀ। ਉਸ ਪਿਓ ਕੋਲੋਂ ਸਾਈਕਲ ਮੰਗਿਆ, ਤਾਂ ਉਸ ਨੇ ਆਪਣੇ ਲਾਡਲੇ ਦੀ ਇੱਛਾ ਪੂਰੀ ਕਰਨ ਲਈ, ਪੂਰੇ ਇਕ ਮਹੀਨੇ ਦੀ ਤਨਖਾਹ ਖਰਚ ਦਿੱਤੀ। ਪਿੰਡ ਦੇ ਚੜ੍ਹਦੇ ਪਾਸੇ ਨੌਂ ਗਜ਼ੇ ਪੀਰ ਦੀ ਖ਼ਾਨਕਾਹ ਕੋਲ ਇਕ ਬੋਹੜ ਸੀ। ਉਹ ਘਰੋਂ ਛੜਪੇ ਮਾਰ ਉਸ ਹੇਠਾਂ ਆ ਖੜ੍ਹਦਾ। ਤਾਸ਼ ਖੇਡਦਿਆਂ ਨੂੰ ਨੀਝ ਲਾ ਕੇ ਦੇਖਦਾ। ਯਾਰਾਂ ਨੂੰ ਟਹਿਣੀਆਂ ਨਾਲ ਖੇਡਦਿਆਂ ਹੋਇਆਂ ਦੇਖ ਕੇ, ਉਸ ਦਾ ਮਨ ਵੀ ਅਜਿਹੀ ਖੇਡ ਖੇਡਣ ਨੂੰ ਲੋਚਦਾ। ਛਿੱਕੂ ਬਣਾਉਂਦੀਆਂ ਤੀਵੀਆਂ ਕੋਲ ਆ ਬੈਠਦਾ ਜਾਂ ਸੇਵੀਆਂ ਵਟਦੀਆਂ ਤੀਵੀਆਂ ਕੋਲ ਗੋਡਿਆਂ ਭਾਰ ਬੈਠ ਕੇ, ਆਪਣੇ ਹੱਥ ਵਾਰ-ਵਾਰ ਅਗਾਂਹ ਨੂੰ ਕਰਦਾ। ਥੋੜ੍ਹਾ ਕੁ ਵੱਡਾ ਹੋਇਆ ਤਾਂ ਖਿਦੋ ਟਿਲਾ ਤੇ ਗੁਲੀ ਡੰਡਾ ਖੇਡਣ ਲੱਗਾ। ਇਕ ਦਿਨ ਗੁਲੀ ਡੰਡਾ ਖੇਡਦਿਆਂ ਹੋਇਆਂ ਗੁਲੀ ਨੱਕ 'ਤੇ ਲੱਗੀ ਤਾਂ ਪੱਕਾ ਨਿਸ਼ਾਨ ਪਾ ਗਈ।

ਇਕ ਵਾਰੀ ਮੈਂ ਉਸ ਦੀ ਪੜ੍ਹਾਈ-ਲਿਖਾਈ ਬਾਰੇ ਪੁੱਛਿਆ ਤਾਂ ਉਸ ਦੱਸਿਆ, "ਪੜ੍ਹਾਈ 'ਚ ਸ਼ੁਰੂ ਤੋਂ ਹੀ ਮੇਰਾ ਦਿਲ ਲੱਗਦਾ ਸੀ। ਬਚਪਨ 'ਚ ਮੇਰੇ ਹਮਉਮਰ ਸਕੂਲ ਜਾਂਦੇ ਹੋਏ ਰੋਂਦੇ ਸੀ ਪਰ ਮੈਂ ਕਦੇ ਜ਼ਿੱਦ ਨ੍ਹੀਂ ਕੀਤੀ। ਹਾਈ ਸਕੂਲ 'ਚ ਵੀ ਮੈਂ ਕਦੇ ਸਕੂਲੋਂ ਨ੍ਹੀਂ ਭੱਜਿਆ। ਮੇਰੀ ਲਿਖਾਈ ਬਹੁਤ ਚੰਗੀ ਸੀ ਤੇ ਮੈਂ ਹਾਈ ਸਕੂਲ 'ਚ ਆਪਣੀ ਜਮਾਤ ਦਾ ਮਨੀਟਰ ਰਿਹੈਂ। ਰਿਆਜ਼ੀ ਦੇ ਮਜ਼ਮੂਨ ਤੋਂ ਬਿਟਕਦਾ ਸੀ ਪਰ ਉਰਦੂ ਨਾਲ ਸ਼ਗ਼ਫ ਸੀ ਮੈਨੂੰ। ਸ਼ਾਇਦ ਬਹੁਤ ਇਲਤਿਦਾ ਹੀ ਜਾਣ ਗਿਆ ਸੀ ਕਿ ਹਿੰਦਸਾ ਬੇਹਿਸ ਹੁੰਦਾ ਏ ਤੇ ਲਫ਼ਜ਼ 'ਚ ਤਾਸੀਰ ਹੁੰਦੀ ਏ। ਗਰੈਜੂਏਸ਼ਨ ਤੋਂ ਬਾਅਦ ਤਾਲੀਮ ਦਾ ਸਿਲਸਿਲਾ ਰੁਕ ਗਿਆ। ਇਕ ਅਰਸਾ ਐਨ. ਜੀ. ਓ. 'ਚ ਫੀਲਡ ਸੁਪਰਵਾਈਜ਼ਰ ਰਿਹੈਂ। 2005 ਦੇ ਜ਼ਲਜ਼ਲੇ ਮਗਰੋਂ ਮੁਤਾਸਿਸਰੀਨ ਦੇ ਬਹਾਲੀ ਦੇ ਸਿਲਸਿਲੇ 'ਚ ਆਜ਼ਾਦ ਕਸ਼ਮੀਰ ਦੇ ਪ੍ਰਭਾਵਤ ਇਲਾਕਿਆਂ 'ਚ ਸਮਾਂ ਗੁਜ਼ਾਰਿਐ। ਫੇਰ ਕੁਝ ਸਾਲ ਸਿੰਧ ਦੇ ਦੇਹੀ ਇਲਾਕਿਆਂ 'ਚ ਗੁਜ਼ਾਰੇ। ਖਾਸ ਕਰਕੇ ਥਰਪਾਰਕਰ ਦੇ ਰੇਗਿਸਤਾਨੀ ਇਲਾਕੇ 'ਚ। ਇਸ ਨੌਕਰੀ ਦਾ ਫਾਇਦਾ ਇਹ ਹੋਇਆ ਕਿ ਮੈਨੂੰ ਸਾਰੇ ਮੁਲਕ 'ਚ ਘੁੰਮਣ ਫਿਰਨ ਤੇ ਆਮ ਆਦਮੀ ਦੀ ਜ਼ਿੰਦਗੀ ਨੂੰ ਕਰੀਬ ਤੋਂ ਦੇਖਣ ਦਾ



ਮੌਕਾ ਮਿਲਿਐ। ਇਸੇ ਦੌਰਾਨ ਸਿੰਧੀ ਜ਼ਬਾਨ ਨਾਲ ਸਾਂਝ ਪਈ। ਮੈਂ ਸਿੰਧੀ ਜ਼ਬਾਨ ਬਹੁਤ ਸਹੂਲਤ ਨਾਲ ਪੜ੍ਹ ਕੇ ਸਮਝ ਲੈਂਦਾ ਹਾਂ।"

10 ਜੂਨ, 2014 ਦਾ ਦਿਨ।

ਇਸਲਾਮਾਬਾਦ ਨੂੰ ਜਾ ਰਹੇ ਸੀ। ਮੈਂ ਅੱਧ-ਸੁੱਤਾ ਸੀ। ਮੇਰੇ ਨਾਲ ਦੀ ਸੀਟ 'ਤੇ ਬੈਠਾ ਖ਼ਾਲਿਦ ਬੋਲਿਆ, "ਭਾਜੀ ਬਾਹਰ ਦੇਖੋ। ਜੇਹਲਮ ਦਾ ਏਰੀਆ। ਜੋਗੀਆਂ ਦੀ ਭੌਂਇ ਆ ਗਈ।"

ਮੇਰੇ ਖੱਬੇ ਪਾਸੇ ਖੁਸ਼ਕ ਜਿਹਾ ਇਲਾਕਾ ਆਇਆ। ਸਿਆਲਾਂ 'ਚ ਦੇਖਿਆ ਸੀ ਤਾਂ ਇਹ ਬਹੁਤ ਹੀ ਹਰਿਆ-ਭਰਿਆ ਸੀ। ਮੈਨੂੰ ਲੱਗਾ ਕਿ ਹੁਣ ਖ਼ਾਲਿਦ ਨੂੰ ਛੇੜਿਆ ਜਾ ਸਕਦਾ। ਮੈਂ ਪੁੱਛ ਲਿਆ, "ਇਹ ਫਟ ਨੇ ਇਸ਼ਕ ਦੇ ਯਾਰੋ, ਇਨ੍ਹਾਂ ਦੀ ਕੀ ਦਵਾ ਕਰੀਏ। ਇਹ ਹੱਥ ਲਾਇਆਂ ਵੀ ਦੁੱਖਦੇ ਨੇ, ਮਲ੍ਹਮ ਲਾਇਆਂ ਵੀ ਦੁੱਖਦੇ ਨੇ। ਲੱਗਦਾ ਤੂੰ ਵੀ ਇਸ਼ਕ ਦੀ ਮਾਰ ਖਾਧੀ ਆ। ਇਸੇ ਨੇ ਤੈਨੂੰ ਪਾਗਲ ਕੀਤਾ ਸੀ ਨਾ? "

"ਨ੍ਹੀਂ ਭਾਜੀ ਐਦਾਂ ਦੀ ਕੋਈ ਗੱਲ ਨ੍ਹੀਂ ਜੇ," ਉਹ ਬੋਲਿਆ।

"ਮੈਨੂੰ ਲਾਹੌਰੋਂ ਕਿਸੇ ਦੋਸਤ ਨੇ ਦੱਸਿਆ ਸੀ। ਤੂੰ ਕਈ ਸਾਲ ਪਾਗਲ ਰਿਹਾਂ।"

ਉਹ ਇਕ ਵਾਰ ਖੁੱਲ੍ਹਿਆ ਤਾਂ ਪਰਤ ਦਰ ਪਰਤ ਖੁੱਲ੍ਹਦਾ ਹੀ ਗਿਆ।

ਉਸ ਦੱਸਣਾ ਸ਼ੁਰੂ ਕੀਤਾ,

"ਘਰਵਾਲੇ ਕਹਿੰਦੇ ਕਿਸੇ ਨੇ ਜਾਦੂ ਕਰ ਦਿੱਤਾ। ਮੈਂ ਨਾ ਮੰਨਦਾ। ਅਸਲ 'ਚ ਮੈਂ ਵਿਆਹ ਪਿੱਛੋਂ ਹਿੱਲ ਗਿਆ ਸੀ। ਇਕ ਭੂਆ ਰਿਸ਼ਤਾ ਦੇਣਾ ਚਾਹੁੰਦੀ ਸੀ। ਮੇਰਾ ਮਨ ਵੀ ਉੱਥੇ ਸੀ। ਪਰ ਰਹਿ ਗਿਆ। ਦੂਜੀ ਭੂਆ ਵੱਲ ਹੋ ਗਿਆ। ਮੈਂ ਥੋੜ੍ਹਾ ਰੋਸਾ ਵਿਖਾਇਆ ਪਰ ਗੱਲ ਬਣੀ ਨਾ। ਤਾਇਆ ਜੀ (ਮੇਰੇ ਬਾਪੂ ਤੋਂ ਵੱਡਾ) ਦਾ ਕੋਈ ਪੁੱਤ ਨ੍ਹੀਂ ਸੀ। ਮੇਰੀ ਭੂਆ ਆਪਣੇ ਮੁੰਡੇ ਨਾਲ ਘਰ ਆਈ ਬੈਠੀ ਸੀ ਰਿਸ਼ਤਾ ਲੈ ਕੇ, ਰਾਤੀਂ ਗੱਲ ਸ਼ੁਰੂ ਹੋਈ। ਮੈਂ ਲੱਤ ਨਾ ਲਾਵਾਂ। ਆਖਿਰ ਭੂਆ ਰੋਂਦੀ ਹੋਈ ਆਪਣੇ ਪੁੱਤ ਨਾਲ ਉੱਠ ਗਈ। ਸਰਦਲ ਪਾਰ ਕਰਦੀ ਦੀਆਂ ਧਾਹਾਂ ਨਿਕਲ ਗਈਆਂ। ਉਹ ਰੋਂਦੀ ਤੁਰ ਗਈ ਸੜਕ 'ਤੇ। ਮਗਰੋਂ ਮੇਰਾ ਤਾਇਆ ਵੀ ਜ਼ੋਰੀਂ ਰੋਣ ਲੱਗ ਪਿਆ। ਉਸ ਦਾ ਆਪਣਾ ਕੋਈ ਪੁੱਤ ਨ੍ਹੀਂ ਸੀ। ਉਸ ਰੋਂਦਿਆਂ ਰੱਬ ਨਾਲ ਸ਼ਿਕਵਾ ਕੀਤਾ, 'ਇਸੇ ਲਈ ਮੰਗਦਾ ਸੀ ਮੈਂ ਵੀ ਇਕ ਪੁੱਤ। ਅੱਜ ਮੇਰਾ ਜੰਮਿਆ ਕੋਈ ਮੁੰਡਾ ਹੁੰਦਾ ਤਾਂ ਮੈਂ ਭੈਣ ਨੂੰ ਰੋਂਦੀ ਨਾ ਘਲਦਾ।' ਮੈਂ ਆਪਣੀ ਜ਼ਿੰਦਗੀ 'ਚ ਕਦੇ ਆਪਣੇ ਤਾਇਆ ਜੀ ਦੀ ਗੱਲ ਨ੍ਹੀਂ ਸੀ ਮੋੜੀ। ਕਈ ਵਾਰ ਆਪਣੇ ਪਿਤਾ ਜੀ ਦੀ ਗੱਲ ਨਾ ਵੀ ਮੰਨਦਾ ਪਰ ਤਾਇਆ ਜੀ ਦਾ ਬਹੁਤ ਆਦਰ ਕਰਦਾ ਸੀ। ਉਹ ਵੀ ਮੈਨੂੰ ਬਹੁਤ ਪਿਆਰ ਕਰਦੇ ਸਨ। ਉਨ੍ਹਾਂ ਮੈਨੂੰ ਆਪਣਾ ਪੁੱਤ ਬਣਾਇਆ ਹੋਇਐ। ਹੁਣ ਰੋਣ ਦੀ ਮੇਰੀ ਵਾਰੀ ਸੀ। ਮੈਂ ਆਪਣੇ ਤਾਇਆ ਜੀ ਨੂੰ ਜਫ਼ਾ ਮਾਰ ਲਿਆ। ਮੈਂ ਬੋਲਿਆ, 'ਮੈਂ ਵੀ ਤੁਹਾਡਾ ਹੀ ਪੁੱਤ ਹਾਂ। ਜਾਓ ਭੂਆ ਨੂੰ ਮੋੜ ਲਿਆਓ।' ਇੰਝ ਭੂਆ ਪਰਤ ਆਈ ਤੇ ਮੈਂ ਆਪਣੀ ਮੁਹੱਬਤ ਨੂੰ ਕੁਰਬਾਨ ਕਰ ਦਿੱਤਾ। .... ਮਗਰੋਂ ਦਿਲ ਨਾ ਲੱਗੇ। ਹਰ ਪਲ ਸੋਚਦਾ ਰਹਿੰਦਾ ਤੇ ਇਕ ਦਿਨ ਹਿੱਲ ਗਿਆ ਸੀ ਬਸ ... ਇਕ ਹੋਰ ਮਜ਼ੇ ਵਾਲੀ ਗੱਲ। ਉਸ ਭੂਆ ਦੀ ਕੁੜੀ ਜਿੱਥੇ ਮੈਂ ਰਿਸ਼ਤਾ ਕਰਵਾਉਣਾ ਚਾਹੁੰਦਾ ਸੀ। ਮਗਰੋਂ ਜਿੱਥੇ ਵਿਆਹੀ ਗਈ, ਉਨ੍ਹਾਂ ਦੀ ਅਲ ਪਈ ਹੋਈ ਆ ਖੇੜੇ। ਮੇਰੀ ਕਜ਼ਨ ਮਗਰੋਂ ਮੈਨੂੰ ਆਹਾਂ ਲਾਉਣ ਲੱਗ ਪਈ। ਖੇੜੇ ਲੈ ਫਿਰੇ। .... ਮੈਂ ਜਦੋਂ ਹਿਲ ਗਿਆ ਤਾਂ ਮੈਨੂੰ ਮੇਰੇ

ਸਾਇਕੋਲੋਜਿਸਟ ਨੇ ਕਿਹਾ ਕਿ ਖ਼ੁਦ ਨੂੰ ਬਦਲ। ਥੋੜ੍ਹਾ ਕੁ ਮਜ਼ਹਬ ਵੱਲ ਧਿਆਨ ਦੇ। ਮੇਕ ਓਵਰ ਦਾ ਉਸ ਮਸ਼ਵਰਾ ਦਿੱਤਾ। ਤੇ ਮੈਂ ਅੰਦਰੋਂ ਭਾਵੇਂ ਨਾ ਬਦਲਿਆ, ਪਰ ਬਾਹਰੋਂ ਬਦਲ ਗਿਐ। ਦਾੜ੍ਹੀ ਰੱਖ ਲਈ ਚਿਹਰੇ 'ਤੇ.... ਵਿਆਹ ਮਗਰੋਂ ਮੇਰੀ ਉਸ ਭੂਆ ਦੀ ਕੁੜੀ ਸਾਡੇ ਘਰ ਆਈ ਬੈਠੀ ਸੀ। ਅਸੀਂ ਸਾਰੇ ਵਿਹੜੇ 'ਚ ਬੈਠੇ ਰਾਤੀਂ ਅੱਗ ਤਾਪ ਰਹੇ ਸਾਂ, ਉਹ ਅਚਾਨਕ ਬੋਲੀ, 'ਜੇ ਮੇਰੇ ਨਾਲ ਤੇਰਾ ਵਿਆਹ ਹੋ ਜਾਂਦਾ, ਮੈਂ ਦਾੜ੍ਹੀ ਨ੍ਹੀਂ ਸੀ ਰੱਖਣ ਦੇਣੀ।' ਮੈਂ ਝਟ ਦੇਣੀ ਕਿਹਾ, 'ਔਹ ! ਫਿਰ ਕਿਸ ਕਾਫਿਰ ਨੇ ਰੱਖਣੀ ਸੀ ਇਹ ਦਾੜ੍ਹੀ'।"

"ਗੱਲ ਇਸ ਤੋਂ ਪਿੱਛੇ ਜਾਂਦੀ ਏ। ਮੇਰਾ ਪੜਦਾਦਾ ਸ਼ਹਿਰ 'ਚ ਆਪਣੀ ਫਸਲ ਵੇਚਣ ਗਿਆ। ਲਾਗੇ ਹੀ ਇਕ ਸਕੂਲ ਸੀ। ਬੱਚੇ ਛੁੱਟੀ ਵੇਲੇ ਬਾਹਰ ਨਿਕਲੇ। ਮੇਰੇ ਪੜਦਾਦੇ ਨੂੰ ਇੱਕ ਬੱਚਾ ਬਹੁਤ ਹੀ ਪਿਆਰਾ ਲੱਗਾ। ਉਸ ਨੂੰ ਕੋਲ ਸੱਦ ਕੇ ਨਾਂ ਪੁੱਛਿਆ ਤੇ ਇਕ ਰੁਪਿਆ ਉਸ ਨੂੰ ਦੇ ਦਿੱਤੈ। ਨਾਲ ਹੀ ਕਿਹਾ ਕਿ ਘਰਦਿਆਂ ਨੂੰ ਆਖੇ ਜਾ ਕੇ ਤੋੜਿਆਂ ਵਾਲਾ ਅੱਬਾ ਰੂੜਾ ਸਲਾਮ ਕਹਿੰਦਾ ਸੀ।... ਉਹ ਰੁਪਿਆ ਲੈ ਕੇ ਚਲਾ ਗਿਆ। ਘਰ ਰਾਤ ਨੂੰ ਗੱਲ ਕੀਤੀ। ਉਹ ਪਹਿਲਾਂ ਇਥੇ ਕਿਸੇ ਨੂੰ ਜਾਣਦੇ ਨ੍ਹੀਂ ਸੀ। ਸਮਝ ਗਏ ਕਿ ਬੁਢੜਾ ਸਾਡੇ ਮੁੰਡੇ ਦੀ ਤਲੀ 'ਤੇ ਰੁਪਿਆ ਧਰ ਗਿਆ ਹੈ। ਇਕ ਦਿਨ ਪੁੱਛਦੇ-ਪੁਛਾਉਂਦੇ ਘਰੇ ਆ ਗਏ। ਤੇ ਪੜਦਾਦੀ ਦੀ ਇਕੱਲੀ ਧੀ ਨੂੰ ਉਹ ਵੀ ਰੁਪਿਆ ਦੇ ਗਏ। ਪਿਆਰ ਦੇ ਗਏ। ਇੰਜ ਦੋਹਾਂ ਘਰਾਂ 'ਚ ਰਿਸ਼ਤਾ ਜੁੜ ਗਿਆ। ਮਗਰੋਂ ਉਹ ਮੁੰਡਾ ਅੰਗਰੇਜ਼ੀ ਰਾਜ 'ਚ ਤਹਿਸੀਲਦਾਰ ਲੱਗ ਗਿਆ। ਵਿਆਹੁਣ ਆਏ ਤਾਂ ਮੇਰੇ ਪੜਦਾਦੇ ਨੇ ਉਸ ਮੁੰਡੇ ਨੂੰ ਆਖਿਆ ਤੇ ਬੇਨਤੀ ਵੀ ਕੀਤੀ- 'ਮੇਰੀ ਧੀ ਅਨਪੜ੍ਹ, ਤੂੰ ਅਫਸਰ ਹੈਂ। ਹੁਣ ਨਿਭਾ ਕੇ ਛੱਡੀਂ।' ਉਸ ਮੁੰਡੇ ਨੇ ਵੀ ਨਿਭਾ ਕੇ ਵਿਖਾ ਦਿੱਤਾ। ਉਸ ਦੇ ਘਰ ਕੋਈ ਔਲਾਦ ਨਾ ਹੋਈ। ਉਹ ਬਹੁਤ ਚੰਗੇ ਸੀ। ਇਸ ਲਈ ਅੱਗੋਂ ਉਸ ਨੇ ਆਪਣੇ ਭਰਾ ਦੇ ਦੋ ਮੁੰਡਿਆਂ ਲਈ ਮੇਰੀਆਂ ਭੂਆ ਦਾ ਰਿਸ਼ਤਾ ਮੰਗਿਆ ਤੇ ਇੰਜ ਇਹ ਰਿਸ਼ਤੇਦਾਰੀ ਸਾਡੀ ਠੀਕ ਆਉਂਦੀ ਏ।"

"ਉਹ ਆਈ ਸੀ ਮੇਰੇ ਵਿਆਹ 'ਤੇ, ਮੇਰੀ ਜੰਞ ਨਾਲ ਵੀ ਗਈ ਸੀ। ਅਗਲੇ ਦਿਨ ਸਵੇਰੇ ਵਲੇਮੇ ਵਾਲੇ ਦਿਨ ਕੁਝ ਮਹਿਮਾਨ ਬਾਹਰ ਬੈਠੇ ਸਨ ਵਿਹੜੇ 'ਚ ਤੇ ਕੁਝ ਵਹੁਟੀ ਕੋਲ ਕਮਰੇ 'ਚ। ਮੈਂ ਇਕ ਖਾਲੀ ਕਮਰੇ 'ਚ ਵਰਦੀਆਂ ਦੇਖ ਰਿਹਾ ਸੀ ਕਿ ਉਹ ਵੀ ਮੇਰੇ ਪਿੱਛੇ ਆ ਵੜ੍ਹੀ। ਮੈਨੂੰ ਉਸ ਏਨਾ ਹੀ ਕਿਹਾ, 'ਤੂੰ ਖ਼ੁਸ਼ ਏਂ? ' ਪਤਾ ਨ੍ਹੀਂ ਵਿਅੰਗ 'ਚ ਕਿਹਾ ਸੀ ਜਾਂ ਦੁੱਖ ਨਾਲ। ਮੈਂ ਉਸਦੇ ਚਿਹਰੇ ਵੱਲ ਦੇਖਿਆ। ਉਸ ਦੀਆਂ ਅੱਖਾਂ ਸੁਜੀਆਂ ਦੇਖ ਕੇ ਮੈਂ ਰੋਣ ਲੱਗ ਪਿਆ। ਮੈਨੂੰ ਉਸ ਨੇ ਬਥੇਰਾ ਚੁੱਪ ਕਰਾਇਆ ਪਰ ਮੈਂ ਸੰਭਲ ਨ੍ਹੀਂ ਸੀ ਰਿਹਾ। ਉਹ ਡਰ ਗਈ। ਆਪਣੀ ਭਰਜਾਈ ਨੂੰ ਸੱਦ ਲਿਆਈ। ਉਸ ਵੀ ਮੈਨੂੰ ਬਥੇਰਾ ਸਮਝਾਇਆ। 'ਇਹ ਕਰਮਾਂ ਦੀਆਂ ਗੱਲਾਂ। ਅਸੀਂ ਕੋਈ ਇਨਕਾਰ ਤਾਂ ਨ੍ਹੀਂ ਸੀ ਕੀਤਾ। ਬਸ ਹੁਣ ਚੁੱਪ ਕਰ ਜਾ।' ਮੈਨੂੰ ਅੱਗੋਂ ਹੋਰ ਰੋਣਾ ਆ ਗਿਆ। ਮੇਰੀ ਪ੍ਰੇਮਿਕਾ ਜਾ ਕੇ ਆਪਣੇ ਮਾਮੇ (ਮੇਰੇ ਪਿਓ) ਨੂੰ ਸੱਦ ਲਿਆਈ। ਉੱਧਰੋਂ ਮੇਰੀ ਵਹੁਟੀ ਦੇ ਪੇਕੇ ਵੀ ਘਰ ਆਉਣ ਵਾਲੇ ਸਨ। ਮੇਰੇ ਪਿਤਾ ਜੀ ਨੇ ਮੈਨੂੰ ਚੁੱਪ ਕਰਾਇਆ ਤੇ ਉਸ ਕੁੜੀ ਨੂੰ ਪਿਆਰ ਦੇ ਕੇ ਕਿਹਾ, 'ਜਾਓ ਪੁੱਤ ਸ਼ਹਿਰ ਘੁੰਮ ਫਿਰ ਆਓ। ਪ੍ਰਾਹੁਣਿਆਂ ਦੇ ਆਉਣ ਤੋਂ ਪਹਿਲਾਂ ਪਹਿਲਾਂ ਮੁੜ ਆਇਓ।' ਉਹ ਵੀ ਝਟ ਦੇਣੀ ਬੋਲ ਪਈ, 'ਹਾਂ, ਮੈਂ ਕੋਈ ਚੀਜ਼ ਲੈਣੀ ਆਂ ਬਾਜ਼ਾਰੋਂ। ਚਲ ਮੇਰੇ ਨਾਲ। ' ਅਸੀਂ ਸ਼ਹਿਰ ਚਲੇ ਗਏ। ਰਸਤੇ ਵਿਚ ਜਾਂ ਸ਼ਹਿਰ ਅਸੀਂ ਬਿਲਕੁਲ ਨ੍ਹੀਂ ਬੋਲੇ ਇਕ ਦੂਜੇ ਨਾਲ। ਉਹ ਵੀ ਚੁੱਪ ਤੇ ਮੈਂ ਵੀ।



ਵਾਪਸ ਘਰ ਆਉਂਦਿਆਂ ਗਲੀ 'ਚ ਇਕ ਬੁਢੜੀ ਟੱਕਰ ਗਈ। ਮੈਨੂੰ ਜਵਾਨ ਕੁੜੀ ਨਾਲ ਵੇਖ ਕੇ ਅਸੀਸਾਂ ਦੇਣ ਲੱਗ ਪਈ ਸਾਨੂੰ ਦੋਹਾਂ ਨੂੰ। ਅੱਗੇ ਵੱਧ ਕੇ ਉਸ ਨੂੰ ਪਿਆਰ ਦਿੱਤਾ ਤੇ ਇਕ ਮੁੜਿਆ ਤੁੜਿਆ 50 ਦਾ ਨੋਟ ਕੱਢ ਕੇ ਉਸ ਨੂੰ ਫੜਾਉਣ ਲੱਗੀ। ਉਹ ਪਹਿਲਾਂ ਤਾਂ ਚੁੱਪ ਰਹੀ, ਫੇਰ ਬੋਲ ਪਈ, 'ਮਾਤਾ ਜੀ, ਤੁਹਾਡੀ ਬਹੂ ਘਰੇ ਬੈਠੀ ਐ। ਉਸ ਨੂੰ ਦਿਓ ਜਾ ਕੇ ਸਲਾਮੀ। ਮੈਂ ਨ੍ਹੀਂ ਲੈਣੇ ਇਹ ਪੈਸੇ'... ਘਰ ਲਾਗੇ ਆ ਗਿਆ। ਮੇਰੇ ਬਰੋਬਰ ਤੁਰੀ ਆਉਂਦੀ ਉਹ ਕਾਹਲੀ ਕਦਮੀ ਮੈਥੋਂ ਨਿਖੜ ਕੇ, ਮੈਥੋਂ ਪਹਿਲਾਂ ਘਰ ਜਾ ਵੜ੍ਹੀ। ਮੈਂ ਘਰ ਵੜਿਆ ਤਾਂ ਹੁਣ ਉਹ ਖਾਲੀ ਕਮਰੇ 'ਚ ਵੜ ਕੇ ਰੋ ਰਹੀ ਸੀ।"

"ਤੇਰੀ ਮਿਸਿਜ਼ ਨੂੰ ਇਸ ਰਾਮ-ਕਹਾਣੀ ਦਾ ਪਤਾ? " ਮੈਂ ਪੁੱਛਿਆ।

"ਮੇਰੀ ਤੀਵੀਂ ਨੂੰ ਪਤਾ ਸੀ ਸਾਡੀ ਗੱਲ ਦਾ। ਮੈਨੂੰ ਬਹੁਤ ਮੁਹੱਬਤ ਕਰਦੀ ਐ ਉਹ। ਮੇਰਾ ਬਹੁਤ ਧਿਆਨ ਰੱਖਦੀ ਐ ਉਹ। ਮੈਂ ਜਦੋਂ ਹਿੱਲ ਪਿਆ ਸੀ ਆਪਣੀ ਸ਼ਾਦੀ ਮਗਰੋਂ ਤੇ ਇਲਾਜ ਚੱਲ ਰਿਹਾ ਸੀ – ਮੇਰੇ ਡਾਕਟਰ ਨੇ ਮੇਰੀ ਤੀਵੀਂ ਨੂੰ ਦੱਸ ਦਿੱਤਾ ਹੋਇਆ ਸੀ ਕਿ ਇਸ ਨੂੰ ਉਦਾਸ ਨ੍ਹੀਂ ਹੋਣ ਦੇਣਾ। ਉਹ ਮੈਨੂੰ ਜਦੋਂ ਵੀ ਕਦੇ ਬਹੁਤਾ ਚੁੱਪ ਦੇਖਦੀ ਤਾਂ ਆਪੇ ਕਹਿੰਦੀ, 'ਲਾਇਲਪੁਰ ਵਾਲੀ ਭੂਆ ਦੇ ਹੋ ਆਓ ਕੁਝ ਦਿਨ।' ਕਈ ਵਾਰ ਉਹ ਜ਼ਿੱਦ ਕਰਕੇ ਵੀ ਭੇਜ ਦਿੰਦੀ।"

"ਫੇਰ ਮੇਰੀ ਬੇਟੀ ਦਾ ਜਨਮ ਹੋਇਆ। ਮੇਰਾ ਧਿਆਨ ਉਸ 'ਚ ਲੱਗ ਗਿਆ ਤੇ ਮੈਂ ਪੜ੍ਹਨ ਲੱਗਾ। ਫਿਰ ਹੌਲੀ-ਹੌਲੀ ਇਲਾਜ ਵੀ ਅਸਰ ਵਿਖਾ ਰਿਹਾ ਸੀ ਆਪਣਾ। ਫੇਰ ਮੈਂ ਨੌਰਮਲ ਹੋ ਗਿਆ। ਮੇਰੀ ਉੱਥੋਂ ਵਾਲੀ ਭੂਆ ਮੇਰੀ ਤੀਵੀਂ ਨੂੰ ਇਕ ਵਾਰ ਲੈ ਗਈ। ਉਹ ਕੁੜੀ ਅਜੇ ਵੀ ਬਿਨ ਵਿਆਹੀ ਘਰੇ ਬੈਠੀ ਸੀ। ਉਹ ਸ਼ਾਦੀ ਲਈ ਕਹਿੰਦੇ ਪਰ ਉਹ ਮੰਨ ਨ੍ਹੀਂ ਰਹੀ ਸੀ। ਮੇਰੀ ਤੀਵੀਂ ਦੀ ਉਹ ਕਜ਼ਨ ਲੱਗਦੀ। ਫਿਰ ਉਸ ਦੇ ਦੋ ਭਰਾਵਾਂ ਵੱਲ ਮੇਰੀ ਤੀਵੀਂ ਦੀਆਂ ਦੋ ਭੂਆ ਦਾ ਵਿਆਹ ਹੋਇਆ ਸੀ। ਉਹ ਉਸ ਨੂੰ ਕਹਿਣ ਲੱਗੇ ਕਿ ਉਸ ਨੂੰ ਸਮਝਾਉਣ। ਸ਼ਾਦੀ ਲਈ ਮੰਨੇ। ਉਹ ਬਸ ਇਕੋ ਗੱਲ ਆਖੇ, 'ਇਹਦੇ ਨਾਲ ਹੀ ਤੋਰ ਦਿਓ ਮੈਨੂੰ ਵੀ। ਜਿੱਥੇ ਇਹ ਵਸਦੀ ਏ, ਮੈਂ ਵੀ ਆਪਣੇ ਦਿਨ ਪੂਰੇ ਕਰ ਲਾਂਗੀ।' ਮੇਰੀ ਤੀਵੀਂ ਮੰਨੀ ਨਾ। ਮੇਰੀ ਭੂਆ ਤੇ ਮੇਰੀ ਪ੍ਰੇਮਿਕਾ ਦੇ ਭਰਾਵਾਂ ਫੇਰ ਉਹਨੂੰ ਕਿਹਾ ਤੇ ਉਸ ਇਕੱਠਿਆਂ ਬੈਠਾ ਕੇ ਸਮਝਾਇਆ, 'ਏਹ ਵੀ ਆਪਣੀ ਐ। ਕੋਈ ਬੇਗਾਨੀ ਹੁੰਦੀ ਤਾਂ ਹੁਣ ਤੱਕ ਤਲਾਕ ਦਿਵਾ ਕੇ ਤੇਰਾ ਵਿਆਹ ਉੱਥੇ ਕਰ ਦਿੰਦੇ। ਸ਼ੌਕਣ ਬਣਨ ਨੂੰ ਉਹ ਮੰਨਦੀ ਨ੍ਹੀਂ। ਚੱਲ ਤੂੰ ਹੀ ਖਹਿੜਾ ਛੱਡ ਦੇ।' ਮੇਰੀ ਭੂਆ ਨੇ ਫਿਰ ਆਪਣੀ ਧੀ ਨੂੰ ਸਮਝਾ ਲਿਆ ਤੇ ਉਹ ਆਪਣੇ ਵਿਆਹ ਲਈ ਰਾਜ਼ੀ ਹੋ ਗਈ....।"

"ਤੂੰ ਉਸ ਦੇ ਵਿਆਹ 'ਤੇ ਗਿਆ ਸੀ? " ਮੈਂ ਪੁੱਛਿਆ

"ਘਰ ਵਾਲੇ ਸਾਰੇ ਗਏ। ਮੈਨੂੰ ਵੀ ਬੁਲਾਉਣ ਉਹ। ਪਰ ਮੇਰੀ ਭੂਆ ਨੂੰ ਪਤਾ ਸੀ, ਉਹ ਕਹੇ ਨ੍ਹੀਂ ਰਹਿਣ ਦਿਓ। ਪਰ ਉਸ ਜ਼ਿੱਦ ਕੀਤੀ ਉਹ ਵੀ ਆਏ। ਮੈਂ ਫਿਰ ਗਿਆ। ਮੇਲ ਵਾਲੇ ਦਿਨ ਸ਼ਾਮ ਨੂੰ ਤੇ ਸਵੇਰੇ ਟਿਕੀ ਉੱਗਣ ਤੋਂ ਪਹਿਲਾਂ ਮੁੜ ਆਇਆ। ਭੂਆ ਵੀ ਇਹੀ ਚਾਹੁੰਦੀ ਸੀ। ਗਿੱਲੀਆਂ ਅੱਖਾਂ ਨਾਲ ਉਹ ਮੈਨੂੰ ਬਾਹਰਲੇ ਬੂਹੇ ਤੀਕ ਵਿਦਾ ਕਰਨ ਆਈ ਤੇ ਮੈਨੂੰ ਪਿਆਰ ਦੇ ਕੇ ਸਰਦਲ ਵੱਲ ਤਕਦੀ ਹੋਈ ਰੋ ਪਈ। ਹਾਂ ! ਉਸ ਆਪਣੀ ਸਰਦਲ ਉਪਰ ਕਿੰਜ ਕੰਬਦੇ ਹੱਥਾਂ ਨਾਲ ਤੇਲ ਚੋਇਆ ਹੋਣਾ, ਮੈਂ ਅੰਦਾਜ਼ਾ ਕਰ ਸਕਦਾ ਸੀ।"

"ਵਿਆਹ ਤੋਂ ਬਾਅਦ ਵੀ ਮਿਲਦਾ ਰਿਹਾਂ?"

"ਰਿਸ਼ਤੇਦਾਰੀ 'ਚ ਜਾਣਾ ਪੈਂਦਾ, ਸੁਣੋ। ਇਕ ਵਾਰ ਮੈਂ ਉਹਨੂੰ ਮਿਲਣ ਗਿਆ। ਮੇਰੀ ਆਦਤ ਕਿ ਮੈਂ ਸਫ਼ਰ ਵਿੱਚ ਕੋਈ ਕਿਤਾਬ ਨਾਲ ਰੱਖਦਾ ਹਾਂ। ਮੈਂ ਤੁਹਾਡਾ ਕਹਾਣੀ ਸੰਗ੍ਰਹਿ 'ਤੁਸੀਂ ਨਹੀਂ ਸਮਝ ਸਕਦੇ' ਨਾਲ ਲੈ ਗਿਆ। ਸ਼ਾਮੀਂ ਅਸੀਂ ਉਨ੍ਹਾਂ ਦੇ ਘਰੇ ਬੈਠੇ ਸੀ ਸਾਰੇ। ਉਹ ਮੇਰੇ ਹੱਥ 'ਚੋਂ ਕਿਤਾਬ ਲੈ ਕੇ ਦੇਖਣ ਲੱਗ ਪਈ। ਵਿਚੋਂ ਕਿਸੇ ਨੇ ਪੁੱਛਿਆ ਕਿ ਇਹ ਕੀ ਏ। ਉਹ ਕਿਤਾਬ ਲਹਿਰਾਉਂਦੀ ਹੋਈ ਹੱਸਦਿਆਂ ਬੋਲੀ, 'ਤੁਸੀਂ ਨਹੀਂ ਸਮਝ ਸਕਦੇ'। ਮੇਰੇ ਤੇ ਉਸਦੇ ਵਿਚਕਾਰ ਕੀ ਸੀ, ਇਹ ਸ਼ਾਇਦ ਉਹ ਨ੍ਹੀਂ ਸਮਝ ਸਕਦੇ ਸੀ।"

ਮੁੱਢ ਤੋਂ ਹੀ ਉਸ ਦੀ ਰੁਚੀ ਕਿਤਾਬਾਂ ਵੱਲ ਸੀ। "ਕਾਲਜ ਦੀ ਇਨਾਮ ਵੰਡਣ ਦੀ ਸਾਲਾਨਾ ਤਕਰੀਬ 'ਚ ਜਦੋਂ ਆਪਣੀ ਜਮਾਤ 'ਚ ਸਭ ਤੋਂ ਵੱਧ ਲਾਇਬ੍ਰੇਰੀ ਕਿਤਾਬਾਂ ਪੜ੍ਹਣ 'ਤੇ ਬਾਰ੍ਹਵੀਂ ਦੇ ਚਾਰ ਸੈਕਸ਼ਨਾਂ 'ਚੋਂ ਉਰਦੂ 'ਚ ਸਭ ਤੋਂ ਵੱਧ ਨੰਬਰ ਲੈਣ ਵਜੋਂ ਮੈਨੂੰ ਸਰਟੀਫਿਕੇਟ ਤੇ ਇਨਾਮ ਦਿੱਤਾ ਗਿਆ ਤਾਂ ਉਹ ਮੇਰੇ ਵਿਦਿਆਰਥੀ ਜੀਵਨ ਦਾ ਇਕ ਯਾਦਗਾਰ ਪਲ ਸੀ।"

ਅਦਬ ਨਾਲ ਜੁੜਣ ਬਾਰੇ ਉਸ ਦੱਸਿਆ, "ਅਦਬ ਦੀ ਜ਼ਬਾਨੀ ਰਵਾਇਤ ਘਰ 'ਚ ਮੌਜੂਦ ਸੀ। ਦਾਦੀ ਮੇਰੀ ਨੂੰ ਮਿਲਖੀ ਰਾਮ ਦਾ ਵਾਹਵਾ ਬੜਾ ਕਲਾਮ ਯਾਦ ਸੀ। ਸ਼ਾਮ ਸਵੇਰੇ ਜਦ ਮਾਂ ਹਾਂਡੀ ਰੋਟੀ ਕਰਦੀ ਮੈਨੂੰ ਦਾਦੀ ਜੀ ਆਪਣੀ ਝੋਲੀ 'ਚ ਬਿਠਾਈ ਰੱਖਦੇ। ਮੈਂ ਤਸਬੀ ਦੇ ਮਣਕਿਆਂ ਨਾਲ ਖੇਡੇ ਲੱਗ ਜਾਂਦਾ ਤੇ ਉਹ ਮਿਲਖੀ ਰਾਮ ਦਾ ਕਲਾਮ ਪੜ੍ਹਦੇ ਰਹਿੰਦੇ। ਇਹ ਮਜ੍ਹਬੀ ਰੰਗ ਦੀਆਂ ਤੁਕਾਂ ਹੁੰਦੀਆਂ ਨੇ। ਮੇਰੇ ਤਾਇਆ ਜੀ ਨੂੰ ਜਦੋਂ ਕਦੀ ਤਾਪ ਚੜ੍ਹਦਾ ਤਾਂ ਉਹ ਬੇਸੁਧੇ ਹੋਏ ਧੁੱਪ 'ਚ ਮੰਜੇ 'ਤੇ ਪਏ ਬਾਬੇ ਬਿਰੀ ਚੰਦ ਦੇ ਬੈਂਤ ਪੜ੍ਹਦੇ ਜਾਂ ਬੁੱਢੇ ਮੁਸਾਫਿਰ ਦੇ ਬਾਰਾਂ ਮਾਹ ਗਾਉਂਦੇ। ਜਦ ਉਹ ਲੰਮੀ ਹੇਕ ਲਾ ਕੇ 'ਘਰ ਆ ਮੁਸਾਫਿਰਾ ਤੁਧ ਬਾਝੋਂ....' ਕਹਿੰਦੇ ਤਾਂ ਉਨ੍ਹਾਂ ਦੀ ਸਾਰ ਲੈਣ ਆਏ ਕੋਲ ਬੈਠੇ ਜੀਆਂ ਦੀਆਂ ਅੱਖਾਂ ਸਿਲ੍ਹੀਆਂ ਹੋ ਜਾਂਦੀਆਂ। ਦਾਦੀ ਹੋਵੇ, ਤਾਇਆ ਜੀ ਜਾਂ ਫਿਰ ਮੇਰੀ ਭੂਆ ਜਦ ਵੀ ਇਨ੍ਹਾਂ ਕੋਲ ਅਜਿਹਾ ਕੁਝ ਸੁਣਦਾ ਤਾਂ ਮਨ 'ਤੇ ਇਕ ਅਜੀਬ ਜਿਹਾ ਅਸਰ ਹੁੰਦਾ। ਇੰਜ ਸ਼ਬਦ ਦੇ ਪ੍ਰਭਾਵਸ਼ਾਲੀ ਹੋਣ ਦਾ ਅਹਿਸਾਸ ਬਹੁਤ ਪਹਿਲੇ ਨਿੱਕੀ ਉਮਰੇ ਈ ਹੋ ਗਿਆ ਸੀ। ਅਚੇਤ ਤੌਰ 'ਤੇ ਇਕ ਤਾਂ ਇਹ ਸਬੱਬ ਵੀ ਰਿਹਾ ਹੋਵੇਗਾ। ਦੂਜਾ ਅੱਗੇ ਜਾ ਕੇ ਮੁਸ਼ਤਾਕ ਅਹਮਦ ਕੁਰੇਸ਼ੀ, ਸਈਅਦ ਸ਼ਹਿਜ਼ਾਦ, ਹਫ਼ੀਜ਼ ਆਮਰ ਤੇ ਅਹਿਸਾਨ ਬਾਜਵਾ ਵਰਗੇ ਸਾਹਿਤਕਾਰ ਮਿੱਤਰ ਮਿਲ ਗਏ ਜਿਨ੍ਹਾਂ ਮੇਰਾ ਨਾਤਾ ਸੁਚੇਤ ਤੌਰ 'ਤੇ ਕਾਗਜ਼ ਕਲਮ ਨਾਲ ਜੋੜ ਦਿੱਤਾ।"

ਜਦੋਂ ਮੈਂ ਉਸ ਦੀ ਕਹਾਣੀ 'ਘਰ' 'ਸ਼ਬਦ' ਦੇ ਜੁਲਾਈ-ਸਤੰਬਰ 2008 'ਚ ਛਾਪੀ ਤਾਂ ਮੈਂ ਇਸ ਨੂੰ ਤਿੰਨ-ਚਾਰ ਵਾਰ ਪੜ੍ਹਿਆ। ਜਿੰਨੀ ਵਾਰੀ ਵੀ ਪੜ੍ਹਿਆ, ਭਾਵੁਕ ਹੋਣੋ ਨਾ ਰਹਿ ਸਕਿਆ। ਤਿੰਨ ਪੰਨਿਆਂ 'ਚ ਉਸ ਕਿੱਡੀ ਵੱਡੀ ਯੂਨੀਵਰਸਲ ਗੱਲ ਕੀਤੀ ਹੈ। ਮਾਂ ਘਰ ਦੇ ਇਕ ਖੂੰਜ 'ਚ ਬੈਠੀ ਆਪਣੀ ਧੀ ਨੂੰ ਯਾਦ ਕਰਦੀ ਹੈ।

ਖ਼ੁਦਾ ਬਖ਼ਸ਼ੇ ਮੁੰਨੀ ਦਾ ਪਿਓ ਜਦੋਂ ਜੀਂਵਦਾ ਸੀ ਉਦੋਂ ਅਜੇ ਕੁਝ ਭਾਰ ਹੈ ਸੀ ਮੇਰਾ। ਹੁਣ ਤੇ ਕੱਖੋਂ ਹੌਲੀ ਹੋਈ ਪਈ ਆਂ। ਨੂੰਹ ਸਮਝਦੀ ਹੀ ਕੁਝ ਨਹੀਂ, ਮੁੰਡਾ ਏ ਤੇ ਉਹ ਆਪਣੇ ਮੂੰਹ। ਜੋ ਜੀਅ ਚਾਹੇ ਕਰਨ। ਮੈਂ ਨਾ ਕਿਸੇ ਦੀ ਦੇਣ ਵਿੱਚ, ਨਾ ਲੈਣ ਵਿਚ। ਨਾਲੇ ਹੁਣ ਮੈਨੂੰ ਕੌਣ ਪੁੱਛਦਾ? ਮੰਜੀ ਤੇ ਬੈਠੀ ਸਾਰਾ ਦਿਨ ਇਆਣੇ ਖਿਡਾਂਵਦੀ ਰਹਿੰਨੀ ਆਂ।



ਮੁੰਨੀ ਤੋਂ ਮੈਂ ਕੁਝ ਓਦਰ ਵੀ ਛੇਤੀ ਜਾਂਦੀ ਆਂ। ਚੰਦਰੀ ਵਿਚ ਮੇਰਾ ਮੋਹ ਈ ਬੜਾ ਏ। ਕੀ ਕਰਾਂ, ਮਾਂ ਜੁ ਹੋਈ। ਮੈਨੂੰ ਈ ਨਹੀਂ, ਹਰ ਇਕ ਮਾਂ ਨੂੰ ਧੀ ਨਾਲ ਅਜਿਹੀ ਈ ਪ੍ਰੀਤ ਹੁੰਦੀ ਏ।

ਇਸ ਮੋਹ ਦਾ ਕਾਰਨ ਮਾਂ ਦਾ ਰਿਸ਼ਤਾ ਤਾਂ ਹੈ ਈ, ਇਸ ਤੋਂ ਛੁੱਟ ਦੋਹਾਂ ਵਿਚ ਔਰਤ ਹੋਣ ਦੀ ਸਾਂਝ ਵੀ ਏ ਇਕ ਕਾਰਨ।

ਮੈਂ ਜਦੋਂ ਕਦੀ ਪਿੰਡ ਜਾਣਾ ਤਾਂ ਮਾਂ ਬਹਿਸ਼ਤਣ ਨੇ ਕਹਿਣਾ, 'ਚੰਦਰੀਏ, ਏਨੀ ਦੇਰ ਲਾ ਦਿੱਤੀ ਤੂੰ?'

ਮੈਂ ਕਹਿੰਦੀ, 'ਤੂੰ ਤੇ ਇੰਜ ਜਿਵੇਂ ਮਾਂ ਮੈਨੂੰ ਈ ਉਡੀਕਦੀ ਰਹਿੰਨੀ ਏਂ।'

ਅੱਗੋਂ ਮਾਂ ਨੇ ਮੱਥਾ ਚੁੰਮ ਕੇ ਕਹਿਣਾ, 'ਤੇ ਹੋਰ ਕੀ ?'

ਹੁਣ ਮੈਨੂੰ ਜਦ ਆਪ ਮੁੰਨੀ ਦਾ ਉਦਰੇਵਾਂ ਰਹਿੰਦਾ ਤਾਂ ਮਾਂ ਦੇ ਹੇਜ ਦਾ ਅਹਿਸਾਸ ਹੁੰਦਾ।

ਜਦੋਂ ਅਜੇ ਮੁੰਨੀ ਦਾ ਵਿਆਹ ਨਹੀਂ ਸੀ ਹੋਇਆ, ਉਹ ਬੜਾ ਖਿਆਲ ਰੱਖਦੀ ਸੀ ਏਸ ਘਰ ਦਾ। ਕੀ ਮਜਾਲ, ਕੋਈ ਸ਼ੈਅ ਉੱਧਰ ਹੋ ਜਾਵੇ। ਜੇ ਕੋਈ ਹੋ ਜਾਂਦੀ ਤਾਂ ਉਹ ਝੱਟ ਲੜਨ ਨੂੰ ਦੌੜਦੀ। ਬਹੁਤੀ ਵਾਰੀ ਆਪਣੀ ਭਰਜਾਈ ਨਾਲ ਈ ਮੂੰਹ ਮਾਰੀ ਹੁੰਦੀ ਉਸ ਦੀ। ਮੈਂ ਕਈ ਵਾਰ ਮੁੰਨੀ ਨੂੰ ਸਮਝਾਂਵਦੀ ਕਿ ਤੂੰ ਕਿਉਂ ਫਿਕਰ ਕਰਨੀ ਏਂ ਏਸ ਘਰ ਦਾ? ਘਰ ਵਾਲੇ ਸਾਂਭਣ ਨਾ ਸਾਂਭਣ, ਤੈਨੂੰ ਕੀ? ਤਾਂ ਉਹ ਅੱਗੋਂ ਪੁੱਠੀ ਲੜਨ ਪੈਂਦੀ, 'ਕਿਉਂ, ਮੇਰਾ ਨਹੀਂ ਇਹ ਘਰ?'

ਵਿਆਹ ਤੋਂ ਬਾਅਦ ਮੈਂ ਇਕ ਵਾਰੀ ਮੁੰਨੀ ਨੂੰ ਪੁੱਛਿਆ, 'ਮੁੰਨੀ ਇਕ ਗੱਲ ਤੇ ਦੱਸ।'

ਕਹਿਣ ਲੱਗੀ, 'ਜਿਹੜੀ ?'

ਮੈਂ ਕਿਹਾ, 'ਹੁਣ ਜਦ ਤੂੰ ਆਉਨੀ ਏਂ ਤਾਂ ਤੇਰੇ ਸਾਹਮਣੇ ਅੰਦਰਾਂ ਵਿੱਚ ਘੱਟਾ ਜੰਮਿਆ ਹੁੰਦਾ। ਸ਼ੈਆਂ ਏਧਰ ਉੱਧਰ ਖਿਲਰੀਆਂ ਹੁੰਦੀਆਂ। ਹੁਣ ਤੂੰ ਕਦੇ ਹੱਥ ਨਹੀਂ ਹਿਲਾਇਆ।'

ਕਹਿਣ ਲੱਗੀ, 'ਮਾਂ ਡਰ ਲੱਗਦਾ।'

ਮੈਂ ਪੁੱਛਿਆ, 'ਕਿਸ ਗੱਲ ਤੋਂ?'

ਆਖਿਓਸ, 'ਘਰ ਵਾਲਿਆਂ ਤੋਂ। ਕਿੱਧਰੇ ਕਹਿ ਨਾ ਦੇਣ, ਸਾਡਾ ਘਰ ਅਸੀਂ ਸਾਂਭੀਏ, ਨਾ ਸਾਂਭੀਏ, ਤੈਨੂੰ ਕੀ ?'

ਉਹ ਘਰ ਜੋ ਕਦੀ ਮੇਰਾ ਘਰ ਸੀ ਹੁਣ ਮੇਰੀ ਨੂੰਹ ਦਾ ਘਰ ਏ। ਮੁੰਨੀ ਵਾਂਗ ਮੈਨੂੰ ਆਪ ਭਓ ਆਉਂਦਾ ਏ। ਘਰ ਦੀ ਕਿਸੇ ਸ਼ੈਅ ਨੂੰ ਹੱਥ ਲਾਉਣ ਲੱਗਿਆਂ ਮੈਂ ਅੰਦਰੋਂ ਡੋਲ ਜਾਂਦੀ ਆਂ।

ਜਦੋਂ ਇਹ ਕਹਾਣੀ 'ਸ਼ਬਦ' 'ਚ ਛਪ ਗਈ ਤਾਂ ਤਲਵਿੰਦਰ ਸਿੰਘ ਦਾ ਟੈਲੀਫੋਨ ਆਇਆ, "ਕਹਾਣੀਕਾਰਾ ਤੂੰ ਆਹ ਕੀ ਕਰ ਦਿੱਤਾ? ਪੰਜ-ਛੇ ਲਾਇਨਾਂ ਹੀ ਛੱਡ ਗਿਆਂ। ਜੇ ਖ਼ਾਲਿਦ ਨੂੰ ਪਤਾ ਲੱਗ ਗਿਆ ਤਾਂ ਵਿਚਾਰਾ ਕੰਧਾਂ 'ਚ ਸਿਰ ਮਾਰ-ਮਾਰ ਕੇ ਰੋਵੇਗਾ। ਤੂੰ ਨ੍ਹੀਂ ਉਸ ਨੂੰ ਜਾਣਦਾ। ਉਹ ਆਪਣੀਆਂ ਕਹਾਣੀਆਂ 'ਚ ਇਕ ਵੀ ਅੱਖਰ ਇੱਧਰ-ਉੱਧਰ ਨ੍ਹੀਂ

ਹੋਣ ਦਿੰਦਾ।" ਦਰਅਸਲ ਹੋਇਆ ਇਹ ਸੀ ਕਿ ਤਲਵਿੰਦਰ ਸਿੰਘ ਨੇ ਕਹਾਣੀ ਲਿਪੀਅੰਤਰ ਕਰਨ ਲੱਗਿਆਂ ਇਹ ਮੈਟਰ ਕਾਗਜ਼ ਦੇ ਵਿਚਲੇ ਪਾਸੇ ਲਿਖ ਦਿੱਤਾ ਸੀ ਪਰ ਕੋਈ ਨਿਸ਼ਾਨੀ ਨਹੀਂ ਲਾਈ ਸੀ। ਇਸੇ ਕਰਕੇ ਰਹਿ ਗਿਆ। ਕਿਤਾਬ 'ਚ ਸ਼ਾਮਿਲ ਕਰਨ ਵੇਲੇ ਮੈਂ ਇਹ ਲਾਇਨਾਂ ਸ਼ਾਮਿਲ ਕਰ ਦਿੱਤੀਆਂ।

ਇਕ ਦਿਨ ਮੈਂ ਉਹਨੂੰ ਛੇੜਿਆ, "ਖ਼ਾਲਿਦ, ਤੂੰ 'ਘਰ' ਬਹੁਤ ਵੱਡੀ ਕਹਾਣੀ ਲਿਖੀ ਆ। ਜੇ ਤੂੰ ਹੋਰ ਕਹਾਣੀ ਨਾ ਵੀ ਲਿਖੇ ਤਾਂ ਵੀ 'ਘਰ' ਕਹਾਣੀ ਵਾਲੇ ਖ਼ਾਲਿਦ ਨੂੰ ਲੋਕ ਹਮੇਸ਼ਾ ਯਾਦ ਰੱਖਣਗੇ। ਜਿੱਦਾਂ ਗੁਲਾਮ ਅਬਾਸ ਦੀ 'ਅਨੰਦੀ' ਜਾਂ ਮੰਟੋ ਦੀ 'ਟੋਬਾ ਟੇਕ ਸਿੰਘ' ਜਾਂ ਅਸਫ਼ਾਕ ਅਹਿਮਦ ਦੀ 'ਗਡੜੀਆ' ਜਾਂ ਆਗਾ ਬਾਬਰ ਦੀ 'ਤਬਾਜਨ' ਆ, ਉੱਦਾਂ ਦੀ ਤੇਰੀ ਇਹ ਕਹਾਣੀ ਆ।" ਅੱਗੋਂ ਮਿੰਨਾ-ਮਿੰਨਾ ਮੁਸਕਰਾਉਂਦਿਆਂ ਹੋਇਆਂ ਉਸ ਕਿਹਾ, "ਨ੍ਹੀਂ ਭਾਜੀ, ਤੁਸਾਂ ਮੇਰੀ ਉਨ੍ਹਾਂ ਨਾਲ ਤੁਲਨਾ ਨਾ ਕਰੋ।" ਮੈਂ ਪੁੱਛਿਆ, "ਕਿਉਂ?" ਉਸ ਕਿਹਾ, "ਉਹ ਵੱਡੇ ਲੇਖਕ ਨੇ। ਉਨ੍ਹਾਂ ਬਹੁਤ ਲਿਖਿਆ। ਮੈਂ ਤਾਂ ਅਜੇ ਪੰਜਾਬੀ ਸਾਹਿਤ ਨੂੰ ਇਕ ਕਿਤਾਬ ਦਿੱਤੀ ਏ।" ਲੇਖਕ ਨੂੰ ਆਪ ਨਹੀਂ ਪਤਾ ਹੁੰਦਾ ਕਿ ਉਸ ਦੀ ਕਿਸੇ ਇਕ ਰਚਨਾ ਨੇ ਉਸ ਨੂੰ ਕਿੰਨਾ ਮਹਾਨ ਬਣਾ ਦਿੱਤਾ ਹੈ। ਅਜਿਹੀ ਹੀ ਗੱਲ ਖ਼ਾਲਿਦ ਨਾਲ ਵੀ ਹੋਈ ਹੈ। ਮੈਂ 'ਪੰਜਾਬੀ ਦੀਆਂ ਕਲਾਸਿਕ ਕਹਾਣੀਆਂ' ਪੁਸਤਕ ਸੰਪਾਦਤ ਕੀਤੀ ਤਾਂ ਇਸ 'ਚ ਉਸ ਦੀ 'ਘਰ' ਕਹਾਣੀ ਨੂੰ ਸ਼ਾਮਿਲ ਕੀਤਾ। ਸ਼ਾਇਦ ਪੰਜਾਬੀ ਦੀ ਇਹੀ ਇਕੋ ਇਕ ਕਹਾਣੀ ਹਰ ਪਰਿਵਾਰ ਦੀ ਕਹਾਣੀ ਲੱਗਦੀ ਹੈ। ਉਸ ਕੋਲ ਦੋ ਹੋਰ ਵੱਡੀਆਂ ਕਹਾਣੀਆਂ ਵੀ ਹਨ। 'ਮਾਲਕਣ' ਤੇ 'ਖ਼ਾਲੀ ਬੰਦਾ'।

ਇਸ ਮਗਰੋਂ ਮੈਂ 'ਸ਼ਬਦ' 'ਚ ਮਾਲਕਣ (2009), ਕਥਾ ਇਕ ਕਲਯੁੱਗ ਦੀ (2010), ਮਾਸ, ਮਿੱਟੀ ਤੇ ਮਾਇਆ (2012) ਤੇ ਵਟਾਂਦਰਾ (2014) ਛਾਪੀਆਂ। ਉਸ ਨੇ 2007 ਤੋਂ ਬਾਅਦ ਕੋਈ ਨਵੀਂ ਕਹਾਣੀ ਨਹੀਂ ਲਿਖੀ। ਮੈਂ ਹਰੇਕ ਦੋ ਮਹੀਨਿਆਂ ਬਾਅਦ ਉਸ ਨੂੰ ਨਵੀਂ ਕਹਾਣੀ ਲਿਖਣ ਲਈ ਕਹਿੰਦਾ। ਪਰ ਉਹ ਨਹੀਂ ਲਿਖਦਾ। ਇਕ ਦਿਨ ਮੈਂ ਅੱਕ ਕੇ ਉਸਨੂੰ ਕਿਹਾ, "ਮੇਰੀ ਛੋਟੀ ਭਰਜਾਈ ਨਾਲ ਗੱਲ ਕਰਾਂ। ਮੈਂ ਉਹਨਾਂ ਨੂੰ ਕਹਿਣਾ ਕਿ ਜਿੰਨਾ ਚਿਰ ਇਹ ਕਹਾਣੀ ਨ੍ਹੀਂ ਲਿਖਦਾ, ਤੁਸੀਂ ਇਹਨੂੰ ਆਪਣੇ ਕੋਲ ਬੈੱਡ 'ਤੇ ਨ੍ਹੀਂ ਪੈਣ ਦੇਣਾ।" ਅੱਗੋਂ ਹੱਸਦਿਆਂ ਹੋਇਆਂ ਉਸ ਨੇ ਜੁਆਬ ਦਿੱਤਾ, "ਭਾਜੀ, ਮੈਂ ਤਾਂ ਆਪਣੀਆਂ ਕਿਤਾਬਾਂ ਵਾਲੇ ਕਮਰੇ 'ਚ ਸੌਣਾਂ। ਉਹ ਵਿਚਾਰੀ ਨਿਆਣਿਆਂ ਕੋਲ ਸੌਂਦੀ ਐ।" ਮੈਂ ਇਹੀ ਗੱਲ ਹਰਜੀਤ ਅਟਵਾਲ ਨਾਲ ਸਾਂਝੀ ਕੀਤੀ ਤਾਂ ਉਸ ਫੇਸ ਬੁੱਕ 'ਤੇ ਟੋਟਕਾ ਬਣਾ ਕੇ ਚੜ੍ਹਾ ਦਿੱਤਾ।

"ਖ਼ਾਲਿਦ ਫ਼ਰਹਾਦ ਤੇ ਮਲਿਕ ਮੇਹਰ ਅਲੀ ਦੋ ਪਿਆਰੇ ਦੋਸਤ ਹਨ। ਦੋਵੇਂ ਵਧੀਆ ਕਹਾਣੀਕਾਰ ਹਨ। ਮੇਹਰ ਅਲੀ ਦਾ ਹਾਲੇ ਵਿਆਹ ਨਹੀਂ ਹੋਇਆ ਜਦੋਂ ਕਿ ਵਕਤ ਹੱਥੋਂ ਨਿਕਲਦਾ ਜਾ ਰਿਹਾ ਹੈ। ਖ਼ਾਲਿਦ ਜਿੰਦਰ ਨੂੰ ਪਾਕਿਸਤਾਨ ਆਉਣ ਲਈ ਕਹਿੰਦਾ ਰਹਿੰਦਾ ਹੈ। ਜਿੰਦਰ ਦਾ ਜਵਾਬ ਹੁੰਦਾ ਹੈ ਕਿ ਉਹ ਮੇਹਰ ਅਲੀ ਦੇ ਵਿਆਹ 'ਤੇ ਆਵੇਗਾ। ਖ਼ਾਲਿਦ ਨੇ ਬਹੁਤ ਦੇਰ ਹੋ ਗਈ ਕੋਈ ਕਹਾਣੀ ਨਹੀਂ ਲਿਖੀ। ਉਸ ਦੀ ਆਖਿਰੀ ਕਿਤਾਬ ਦੋ ਹਜ਼ਾਰ ਸੱਤ ਵਿਚ ਆਈ ਸੀ। ਜਿੰਦਰ ਨਾਲ ਜਦ ਵੀ ਖ਼ਾਲਿਦ ਦੀ ਗੱਲ ਹੁੰਦੀ ਤਾਂ ਜਿੰਦਰ ਉਸ ਨੂੰ ਕਹਾਣੀ ਲਿਖਣ ਲਈ ਜ਼ੋਰ ਪਾਉਂਦਾ। ਹਾਰ ਕੇ ਇਕ ਦਿਨ ਖ਼ਾਲਿਦ ਕਹਿਣ ਲੱਗਾ, 'ਦੇਖੋ ਭਾਈ ਜਾਨ, ਦੋ ਗੱਲਾਂ ਨੋਟ ਕਰ ਲਓ। ਨਾ ਹੁਣ ਮੇਰੇ ਤੋਂ ਕਹਾਣੀ ਲਿਖੀ ਜਾਣੀ ਆ ਤੇ ਨਾ



ਮਲਿਕ ਮੇਹਰ ਦਾ ਹੁਣ ਵਿਆਹ ਹੋਣਾ।'

ਮੈਂ ਉਸ ਦੇ ਕਹੇ ਅਨੁਸਾਰ ਇਕ ਦਿਨ ਮਿਸਡ ਕਾਲ ਕੀਤੀ। ਦਸ ਸੈਕਿੰਡਾਂ ਬਾਅਦ ਉਸ ਦਾ ਫੋਨ ਆ ਗਿਆ, "ਵੱਡੇ ਭਾਅ ਕੀ ਹਾਲ ਏ?" ਮੈਂ ਪੁੱਛਿਆ, "ਕੱਲਾ ਬੈਠਾਂ?"

"ਕੋਈ ਖਾਸ ਗੱਲ ਏ?"

"ਮੈਨੂੰ ਤੌਂਕੀਰ ਚੁਗਤਾਈ ਨੇ ਇੰਗਲੈਂਡ 'ਚ ਬੜਾ ਅਸ਼ਲੀਲ ਟੋਟਕਾ ਸੁਣਾਇਆ ਸੀ। ਇਕ ਤਾਂ ਮੈਂ ਤੈਨੂੰ ਉਹ ਸੁਣਾਉਣਾ ਤੇ ਦੂਜਾ ਆਪਣਾ ਸੁਪਨਾ....।"

"ਆਪਣੀ ਤੀਵੀਂ ਕੋਲ ਬੈਠਾਂ। ਚਾਹ ਪੀ ਰਿਹਾਂ। ਧੀਆਂ ਆਪਣਾ ਹੋਮ ਵਰਕ ਕਰ ਰਹੀਆਂ। ਮੁੰਡੇ ਖੇਡਦੇ ਪਏ ਨੇ। ਪਹਿਲਾਂ ਆਪਣਾ ਸੁਫਨਾ ਈ ਸੁਣਾ ਦਿਓ।"

"ਮੈਨੂੰ ਵੱਡੇ ਤੜਕੇ ਸੁਪਨਾ ਆਇਆ ਕਿ ਤੁਹਾਡੇ ਘਰੇ ਬਹੁਤ ਰੌਣਕਾਂ ਲੱਗੀਆਂ ਹੋਈਆਂ। ਤੂੰ ਬਹੁਤ ਖੁਸ਼ ਆਂ। ਹਵਾ 'ਚ ਦੌੜਿਆ ਫਿਰਦਾਂ।...... ਸਾਡੀ ਛੋਟੀ ਭਰਜਾਈ ਬੋਲੀ ਪਾਉਂਦੀ ਆ..... ਅਸਾਂ ਕੀਲ ਕੇ ਪਟਾਰੀ 'ਚ ਪਾਇਆ, ਨੀ ਉਹ ਨਾਗ ਦਾ ਬੱਚਾ....।"

ਮੇਰੀ ਗੱਲ ਪੂਰੀ ਸੁਣਨ ਤੋਂ ਪਹਿਲਾਂ ਹੀ ਉਹ ਬੋਲ ਪਿਆ, "ਤੁਹਾਡੀ ਸਹੁੰ ਲੱਗੇ ਅੱਜ ਮੈਂ ਬਹੁਤ ਖੁਸ਼ ਐਂ। ਘਰ 'ਚ ਬੱਚਿਆਂ ਨੇ ਰੌਣਕਾਂ ਲਾਈਆਂ ਹੋਣ ਤਾਂ ਦੱਸੋ ਇਸ ਤੋਂ ਵੱਡੀ ਖੁਸ਼ੀ ਦੀ ਕਿਹੜੀ ਗੱਲ ਹੋਵੇਗੀ... ਹੁਣ ਮੈਂ ਆਪਣੇ ਆਪ ਨੂੰ ਭਰਿਆ-ਭਰਿਆ ਮਹਿਸੂਸ......।"

"ਯੁੱਗ-ਯੁੱਗ ਜੀਓ," ਕਹਿ ਕੇ ਮੈਂ ਫੋਨ ਬੰਦ ਕਰ ਦਿੱਤਾ। ਦੋਹਾਂ ਜੀਆਂ ਨੂੰ ਸਾਥ-ਸਾਥ ਬੈਠਿਆਂ ਸਮਝ ਕੇ ਮੈਂ ਅੰਤਾਂ ਦਾ ਖੁਸ਼ ਹੋਇਆ ਕਿਉਂਜੁ ਮੈਨੂੰ ਉਸ ਦਾ ਕਿਹਾ ਯਾਦ ਆ ਗਿਆ, "ਹੁਣ ਮੈਂ ਅਜਿਹਾ ਕੁਝ ਨ੍ਹੀਂ ਕਰਨਾ ਚਾਹੁੰਦਾ ਜਿਸ ਨਾਲ ਮੈਂ ਮੁੜ ਤੋਂ ਪਾਗਲ ਹੋ ਜਾਵਾਂ.....।"

---

**ਆਉਣ ਵਾਲੇ ਸਮੇਂ 'ਚ ਅਸੀਂ ਕੁਝ ਵਿਸ਼ੇਸ਼ ਅੰਕਾਂ ਦੀ ਵਿਉਂਤਬੰਦੀ ਕੀਤੀ ਹੈ, ਜਿਹੜੇ ਸਾਡੀ ਵੈਬਸਾਈਟ 'ਤੇ ਉਪਲਬਧ ਹੋਣਗੇ। ਜੇ ਸੰਭਵ ਹੋਇਆ ਅਸੀਂ ਇਨ੍ਹਾਂ ਨੂੰ ਛਾਪਾਂਗੇ।**

1. **ਤਲਵਿੰਦਰ ਸਿੰਘ ਵਿਸ਼ੇਸ਼ ਅੰਕ**
2. **ਗੁਰਚਰਨ ਚਾਹਲ ਭੀਖੀ ਵਿਸ਼ੇਸ਼ ਅੰਕ**
3. **ਗੁਰਮੇਲ ਮਡਾਹੜ ਵਿਸ਼ੇਸ਼ ਅੰਕ**
4. **ਮਨਜੀਤ ਕਾਦਿਰ ਵਿਸ਼ੇਸ਼ ਅੰਕ**
5. **ਅਸਟ੍ਰੇਲੀਆ-ਨਿਊਜ਼ੀਲੈਂਡ ਕਵਿਤਾ ਵਿਸ਼ੇਸ਼ ਅੰਕ**

## ਘਰ ਦੀ ਹੋਂਦ ਬਰਕਰਾਰ: ਸਿਰਫ਼ 'ਮਾਲਕਣ' ਨਾਲ

**-ਡਾ. ਜਸਵਿੰਦਰ ਕੌਰ ਬਿੰਦਰਾ**

ਪੰਜਾਬੀ ਕਹਾਣੀ ਦੇ ਮੋਕਲੇ ਵਿਹੜੇ ਵਿੱਚ ਲਹਿੰਦੀ ਪੰਜਾਬੀ ਕਹਾਣੀ ਦਾ ਵੀ ਵੱਡਾ ਯੋਗਦਾਨ ਰਿਹਾ ਹੈ। ਸਾਹਿਤਕ ਰਚਨਾਵਾਂ ਆਪਣੇ ਸਮੇਂ, ਸਥਾਨ ਤੇ ਸਥਿਤੀ ਤੋਂ ਸਦਾ ਪ੍ਰਭਾਵਿਤ ਹੁੰਦੀਆਂ ਆਈਆਂ ਹਨ, ਜਿਸ ਪੱਖੋਂ ਚੜ੍ਹਦੇ ਤੇ ਲਹਿੰਦੇ ਪੰਜਾਬ ਦੀ ਕਹਾਣੀ ਵਿੱਚ ਅੰਤਰ ਦੇਖਿਆ ਜਾ ਸਕਦਾ ਹੈ। ਪਰ ਮਨੁੱਖੀ ਆਚਾਰ-ਵਿਹਾਰ ਅਜਿਹਾ ਵਿਸ਼ਾ ਹੈ, ਜੋ ਸਰਬਵਿਆਪੀ ਮਹੱਤਵ ਰੱਖਦਾ ਹੈ, ਇਸ ਵਿੱਚ ਦੇਸ, ਭਾਸ਼ਾ, ਵਰਗ-ਸ਼੍ਰੇਣੀ ਦਾ ਵਖਰੇਵਾਂ ਭਾਵੇਂ ਦਿੱਸੇ ਪਰੰਤੂ ਬੰਦੇ ਦੇ ਹਾਵਾਂ-ਭਾਵਾਂ ਵਿੱਚ ਬਹੁ ਸਮਾਨਤਾ ਦੇਖਣ ਨੂੰ ਮਿਲਦੀ ਹੈ, ਹਾਲਾਂਕਿ ਬਹੁਤੀ ਵਾਰ ਮਨ ਦੀਆਂ ਅੰਦਰੂਨੀ ਤੰਦਾਂ ਨੂੰ ਫਰੋਲਣਾ ਐਨਾ ਸੌਖਾ ਵੀ ਨਹੀਂ ਹੁੰਦਾ। ਇਹ ਦੇਖਿਆ ਗਿਆ ਹੈ ਕਿ ਦੁਨੀਆ ਦੀ ਹਰ ਜ਼ੁਬਾਨ ਦੀ ਉਹ ਕਹਾਣੀ ਲੰਮੇ ਸਮੇਂ ਤਕ ਜੀਵਿਤ ਰਹੀ ਹੈ, ਜਿਸ ਵਿੱਚ ਮਨੁੱਖੀ ਮਨ ਦੀਆਂ ਅੰਤਰੀਵ ਤੰਦਾਂ ਨੂੰ ਬੜੀ ਸਰਲਤਾ ਤੇ ਸਹਿਜਤਾ ਨਾਲ ਬਿਆਨ ਕਰਨ ਦਾ ਜਤਨ ਕੀਤਾ ਗਿਆ।

ਇਹੋ ਜਿਹੀ ਹੀ ਇਕ ਸਰਲ ਕਹਾਣੀ ਹੈ, ਖ਼ਾਲਿਦ ਫ਼ਰਹਾਦ ਧਾਰੀਵਾਲ ਦੀ 'ਮਾਲਕਣ।' ਘਰ ਦੀ ਸੁਆਣੀ ਨੂੰ ਪੋਹ ਵਿੱਚ ਇਕ ਦਿਨ ਧੰਮੀ ਵੇਲੇ ਨਹਾਉਣ ਮਗਰੋਂ ਅਜਿਹੀ ਕੰਬਣੀ ਛਿੜੀ ਕਿ ਮੂੰਹੋਂ ਆਵਾਜ਼ ਨਿਕਲਣੀ ਹੀ ਬੰਦ ਹੋ ਗਈ। ਹਸਪਤਾਲ ਜਾ ਕੇ ਪਤਾ ਲੱਗਾ ਕਿ ਅਧਰੰਗ ਕਾਰਣ ਉਸ ਦੀ ਸਜੀ ਬਾਂਹ ਤੇ ਹੇਠਲਾ ਧੜ ਵੀ ਨਿਰਜਿੰਦ ਹੋ ਗਏ। ਸੁਆਣੀ ਨੇ ਹਮੇਸ਼ਾ ਲਈ ਬਿਸਤਰ ਮਲ ਲਿਆ। ਸ਼ੁਕਰ ਹੈ, ਉਸ ਨੂੰ ਗੋਗੀ ਨਾਮਕ ਇਕ ਅਜਿਹੀ ਔਰਤ ਮਿਲ ਗਈ, ਜੋ ਉਸ ਦੇ ਘਰ ਦੇ ਸਾਰੇ ਕੰਮ ਕਰਦੀ ਤੇ ਬੱਚਿਆਂ ਨੂੰ ਵੀ ਸੰਭਾਲਦੀ। ਨਾਲ ਹੀ ਬਿਮਾਰ ਸੁਆਣੀ ਦੀ ਵੀ ਪੂਰੀ ਤੀਮਾਰਦਾਰੀ ਕਰਦੀ। ਬਦਲੇ ਵਿੱਚ, ਉਸਨੂੰ ਹਰ ਮਹੀਨੇ ਢਾਈ-ਤਿੰਨ ਹਜ਼ਾਰ ਰੁਪਏ ਮਹੀਨਾ ਹੀ ਦੇਣਾ ਪੈਂਦਾ ਸੀ।

ਪਹਿਲੇ-ਪਹਿਲ ਬਿਮਾਰੀ ਵੇਲੇ ਸੁਆਣੀ ਦੀ ਮਾਂ ਨੇ ਆ ਕੇ ਉਸ ਨੂੰ ਤੇ ਉਸ ਦੇ ਘਰ ਨੂੰ ਸੰਭਾਲਿਆ। ਪਰ ਮਾਂ ਕਦੋਂ ਤਕ ਧੀ ਦੇ ਘਰ ਰਹਿ ਸਕਦੀ ਸੀ। ਇਸ ਕਰਕੇ ਸੁਆਣੀ ਦਾ ਭਰਾ ਉਸ ਨੂੰ ਵਾਪਸ ਲੈ ਗਿਆ। ਗੋਗੀ ਦੇ ਆਉਣ ਨਾਲ ਬੜੀ ਰਾਹਤ ਮਿਲ ਗਈ, ਉਸ ਨੇ ਜ਼ਿੰਮੇਵਾਰੀ ਨਾਲ ਸਾਰਾ ਘਰ ਸੰਭਾਲ ਲਿਆ। ਸਵੇਰੇ ਆ ਕੇ ਰਸੋਈ, ਕੱਪੜੇ, ਸਫ਼ਾਈ ਦੇ ਨਾਲ ਬੱਚਿਆਂ ਤੇ ਸੁਆਣੀ ਦਾ ਵੀ ਪੂਰਾ ਖ਼ਿਆਲ ਰੱਖਦੀ ਹੈ। ਉਂਜ ਸੁਆਣੀ ਉਸ ਤੋਂ ਪੂਰੀ ਤਰ੍ਹਾਂ ਨਾਲ ਸੰਤੁਸ਼ਟ ਹੈ, ਪਰ ਇਕ ਦਿਨ ਆਪਣੇ ਪਤੀ ਅਫ਼ਜ਼ਲ ਦੇ ਕਮਰੇ ਵਿਚੋਂ ਗੋਗੀ ਦੇ ਹੱਸਣ ਦੀ ਆਵਾਜ਼ ਸੁਣ ਕੇ ਸੁਆਣੀ ਪਰੇਸ਼ਾਨ ਹੋ ਗਈ। ਘਰ ਕਲੇਸ਼ ਪੈ ਗਿਆ, ਮਾਂ ਨੇ ਆ ਕੇ ਧੀ ਦੇ ਕੰਨ ਵਿੱਚ ਅਜਿਹਾ ਮੰਤਰ ਫੂੰਕਿਆ ਕਿ ਸੁਆਣੀ ਨੂੰ ਗੱਲ ਸਮਝ ਵਿੱਚ ਆ ਗਈ।

ਉਂਜ ਕਹਾਣੀ ਬਸ ਐਨੀ ਹੀ ਹੈ। ਜੋ ਪਹਿਲੀ ਨਜ਼ਰੇ ਸਾਧਾਰਣ ਜਾਪਦੀ ਹੈ। ਸਿਰਫ਼ ਚਾਰ ਪਾਤਰ ਤੇ ਪ੍ਰਮੁੱਖ ਦੋ-ਤਿੰਨ ਘਟਨਾਵਾਂ। ਕਹਾਣੀ ਵਿੱਚ ਤਿੰਨ ਇਸਤਰੀ ਪਾਤਰ ਤੇ ਇਕ ਮਰਦ, ਜਿਸ ਦਾ ਕਹਾਣੀ ਵਿੱਚ ਕੋਈ ਬਹੁਤ ਰੋਲ ਨਹੀਂ, ਕਹਾਣੀ ਦੇ ਕੇਂਦਰ ਵਿੱਚ ਘਰ ਹੈ। ਘਰ ਨੂੰ ਸੰਭਾਲਣ ਤੇ ਚਲਾਉਣ ਵਾਲੀ ਸੁਆਣੀ ਬਦਕਿਸਮਤੀ ਨਾਲ ਅਧਰੰਗ ਦੀ



ਸ਼ਿਕਾਰ ਹੋ ਚੁੱਕੀ ਹੈ। ਘਰ ਨੂੰ ਉਹ ਕੀ ਸੰਭਾਲੇਗੀ, ਹੁਣ ਉਹ ਆਪਣੇ ਆਪ ਨੂੰ ਵੀ ਸੰਭਾਲਣ ਵਿੱਚ ਅਸਮਰੱਥ ਹੈ। ਬਸਤਰ ਉਤੇ ਹੋਣ ਦੇ ਬਾਵਜੂਦ ਘਰ ਦਾ ਸਾਰਾ ਸੰਚਾਲਨ ਉਸ ਦੇ ਕਹਿਣ ਅਨੁਸਾਰ ਹੁੰਦਾ ਹੈ। ਖਾਣੇ ਵਿੱਚ ਕੀ ਬਣੇਗਾ, ਹੁਣ ਅਗਲਾ ਕੰਮ ਕੀ ਕਰਨਾ ਹੈ, ਇਹ ਸਾਰੇ ਨਿਰਦੇਸ਼ ਸੁਆਣੀ ਹੀ ਦੇਂਦੀ ਹੈ ਤੇ ਗੋਗੀ ਉਸ ਦੇ ਕਹੇ ਅਨੁਸਾਰ ਸਾਰਾ ਕੰਮ ਕਰਦੀ ਰਹਿੰਦੀ ਹੈ। ਬਦਲੇ ਵਿੱਚ ਪਗਾਰ ਤੋਂ ਇਲਾਵਾ ਦੋ ਵੇਲੇ ਦੀ ਰੋਟੀ ਤੇ ਕੋਈ ਲੱਥਾ-ਪੁਰਾਣਾ ਲੀੜਾ। ਘਰੇਲੂ ਕੰਮਕਾਜ ਲਈ ਅਜਿਹੀ ਸੁਚੱਜੀ ਕੰਮਵਾਲੀ ਦਾ ਮਿਲਣਾ ਕਿਸਮਤ ਦੀ ਗੱਲ ਹੈ। ਸੁਆਣੀ ਨੂੰ ਗੋਗੀ ਤੋਂ ਕੋਈ ਸ਼ਿਕਾਇਤ ਹੋਣੀ ਵੀ ਨਹੀਂ ਸੀ, ਜੇ ਉਸ ਨੇ ਪਤੀ ਦੇ ਕਮਰੇ ਵਿਚੋਂ ਉਸ ਦਾ ਛਣਕਦਾ ਹਾਸਾ ਨ ਸੁਣ ਲਿਆ ਹੁੰਦਾ।

ਕਹਾਣੀਕਾਰ ਸਰਲ ਢੰਗ ਨਾਲ ਇਸਤਰੀ ਮਨ ਦੀ ਥਾਹ ਪਾਉਂਦਾ ਹੈ। ਸਾਡੇ ਸਮਾਜ ਵਿੱਚ ਜੰਮਦੇ ਹੀ ਕੁੜੀਆਂ ਨੂੰ ਉਸ ਦੇ 'ਆਪਣੇ ਘਰ' ਜਾਣ ਦਾ ਸੁਫ਼ਨਾ ਫੜਾ ਦਿੱਤਾ ਜਾਂਦਾ ਹੈ। ਉਹ ਬਚਪਨ ਤੋਂ ਜਵਾਨੀ ਤਕ ਕਿਸੇ ਰਾਜਕੁਮਾਰ ਦੇ ਆਉਣ ਤੇ ਉਸ ਨੂੰ ਚਾਵਾਂ ਨਾਲ ਵਿਆਹ ਕੇ 'ਆਪਣੇ ਘਰ' ਲਿਜਾਣ ਦੇ ਸੁਫਨੇ ਨੂੰ ਜੀਉਂਦੀ ਹੈ। ਸਾਡੇ ਸਭਿਆਚਾਰ ਵਿੱਚ ਕਿਹਾ ਜਾਂਦਾ ਹੈ ਕਿ, ਔਰਤ ਦੇ ਦੋ ਜਨਮ ਹੁੰਦੇ ਹਨ, ਇਕ ਵਿਆਹ ਤੋਂ ਪਹਿਲਾ ਤੇ ਇਕ ਵਿਆਹ ਮਗਰੋਂ। ਅਕਸਰ ਮਨ ਦੇ ਚਾਵ ਪੂਰੇ ਕਰਨ ਤੇ ਮਨਮਰਜ਼ੀ ਕਰਨ ਦਾ ਮੌਕਾ ਵਿਆਹ ਤੋਂ ਬਾਦ ਮਿਲਦਾ ਹੈ। ਅਜਿਹੀ ਹਾਲਤ ਵਿੱਚ ਉਹ ਆਪਣੇ ਆਪ ਨੂੰ ਘਰ ਦੀ ਮਾਲਕਣ ਤੇ ਪਤੀ ਦੇ ਦਿਲ ਦੀ ਮਹਾਰਾਣੀ-ਪਟਰਾਣੀ ਸਮਝਦੀ ਹੈ। ਇਸ ਕਹਾਣੀ ਦੀ ਸੁਆਣੀ ਦੀ ਸਥਿਤੀ ਵੀ ਇਹੋ ਹੈ। ਹਾਲਾਂਕਿ ਉਸਨੇ ਅਫਜ਼ਲ ਨਾਲ ਪ੍ਰੇਮ-ਵਿਆਹ ਕੀਤਾ ਸੀ, ਜਿਸ ਕਰਕੇ ਅਫਜ਼ਲ ਦੇ ਮਾਪਿਆਂ ਨੇ ਉਸ ਨੂੰ ਦਿਲੋਂ ਸਵੀਕਾਰ ਨਹੀਂ ਕੀਤਾ। ਪਰ ਉਸਦੇ ਆਪਣੇ ਪੇਕਿਆਂ ਨੇ ਉਸ ਦਾ ਘਰ ਭਰ ਦਿੱਤਾ। ਇੱਥੇ ਕਹਾਣੀਕਾਰ ਇਕ ਹੋਰ ਤੰਦ ਬੜੀ ਸੂਖਮਤਾ ਨਾਲ ਛੇੜ ਬਹਿੰਦਾ ਹੈ। ਸੁਆਣੀ ਦੀ ਬਿਮਾਰੀ ਦੀ ਹਾਲਤ ਵਿੱਚ ਉਸ ਦੇ ਪੇਕੇ ਤੇ ਪਤਾ ਲੈਣ ਆਏ ਹੀ, ਦੂਰੋਂ-ਨੇੜੇ ਦੇ ਰਿਸ਼ਤੇਦਾਰ ਵੀ ਆਉਂਦੇ ਰਹੇ। ਪਰ ਦੋਵੇਂ ਨਨਾਣਾਂ ਨਾ ਆਈਆਂ। ਸੁਖ ਵੇਲੇ ਕਿਸੇ ਦੀ ਅਣਹੋਂਦ ਮਹਿਸੂਸ ਨਹੀਂ ਹੁੰਦੀ, ਪਰ ਮੁਸੀਬਤ ਜਾਂ ਬਿਮਾਰੀ ਵੇਲੇ ਨੇੜਲੇ ਰਿਸ਼ਤਿਆਂ ਦੇ ਨੇੜੇ ਹੋਣ ਤੇ ਉਹ ਔਖਾ ਵੇਲਾ ਜ਼ਰੂਰ ਸੌਖਾ ਲੰਘ ਜਾਂਦਾ ਹੈ।

ਸੁਆਣੀ ਦਾ ਪਤਾ ਲੈਣ ਆਈਆਂ ਗਵਾਂਢਣਾਂ ਜਾਂ ਰਿਸ਼ਤੇਦਾਰਣਾਂ ਨੇ ਗੱਲਾਂ-ਗਲਾਂ ਵਿੱਚ ਇਕ ਖ਼ਦਸ਼ਾ ਜ਼ਰੂਰ ਪ੍ਰਗਟ ਕੀਤਾ, ਕਿ ਮਰਦਾਂ ਦਾ ਕੋਈ ਭਰੋਸਾ ਨਹੀਂ। ਚੰਗੀ-ਭਲੀ ਬੀਵੀ ਦੇ ਹੁੰਦੇ ਵੀ ਉਹ ਇੱਧਰ-ਉੱਧਰ ਝਾਕਣ ਤੋਂ ਬਾਜ਼ ਨਹੀਂ ਆਉਂਦੇ ਤੇ ਜੇ ਬੀਵੀ ਬਿਸਤਰ ਤੇ ਹੀ ਪੈ ਗਈ ਹੋਵੇ, ਫਿਰ ਮਰਦ ਦਾ ਭਰੋਸਾ ਕਰਨਾ ਮੁਸ਼ਕਿਲ ਹੈ। ਕਹਾਣੀ ਵਿੱਚ ਵੇਰਵੇ ਬਹੁਤ ਘੱਟ ਹਨ, ਇਕ ਥਾਂ ਉਤੇ ਆਉਂਦਾ ਹੈ ਕਿ ਬੱਚੇ ਸਕੂਲ ਜਾਂਦੇ ਹਨ, ਮਤਲਬ ਅਜੇ ਛੋਟੇ ਜਾ ਕਿਸ਼ੋਰ ਉਮਰ ਦੇ ਹਨ। ਇਸ ਤੋਂ ਅਚੇਤੇ ਇਹ ਵੀ ਅੰਦਾਜ਼ਾ ਹੋ ਜਾਂਦਾ ਹੈ ਕਿ ਕਹਾਣੀ ਵਿਚਲੇ ਦੰਪਤੀ ਦੀ ਉਮਰ ਵਡੇਰੀ ਨਹੀਂ, ਜਵਾਨੀ ਤੇ ਅਧਖੱੜ ਉਮਰ ਦੇ ਵਿਚਾਲੇ ਦੀ ਹੈ। ਜਿੱਥੇ ਪਤੀ-ਪਤਨੀ ਅਜੇ ਇਕ-ਦੂਜੇ ਤੋਂ ਉਪਰਾਮ ਹੋ ਕੇ, ਦੂਜੇ ਵੱਲ ਪਾਸਾ ਮਾਰ ਕੇ ਸੌਣ ਵਾਲੀ ਸਥਿਤੀ ਤਕ ਨਹੀਂ ਪੁਜੇ। ਦੇਰ-ਸਵੇਰ ਉਨ੍ਹਾਂ ਨੂੰ ਇਕ-ਦੂਜੇ ਦੀ ਛੋਹ ਦੀ ਲੋੜ ਭਾਸਦੀ ਹੈ, ਜੋ ਉਨ੍ਹਾਂ ਦੀ ਕੁਦਰਤੀ ਜ਼ਰੂਰਤ ਦੀ ਹਾਮੀ ਭਰਦੀ ਹੈ।ਉਮਰ ਦੇ ਅਜਿਹੇ

ਪੜਾਅ ਉਤੇ ਜਦੋਂ ਪਤੀ ਅੰਦਰ ਅੱਗ ਬਲੇ ਤੇ ਕੋਲ ਪਈ ਪਤਨੀ ਠੰਡੀ ਸੀਤ ਜਿਹੀ ਹੋਵੇ, ਉਥੇ ਪਤੀ ਦਾ ਪਹਿਲਾ ਧਿਆਨ ਘਰ ਕੰਮ ਕਰਦੀ ਜਵਾਨ ਔਰਤ ਵੱਲ ਜਾਣਾ ਸੁਭਾਵਿਕ ਹੈ। ਜਿਵੇਂ ਗੋਗੀ ਬਾਰੇ ਅਰੰਭ ਵਿੱਚ ਪਤਾ ਲੱਗ ਜਾਂਦਾ ਹੈ ਕਿ ਉਹ ਸਾਰੇ ਕੰਮ ਬੜੀ ਫੁਰਤੀ ਨਾਲ ਕਰਦੀ ਹੈ, ਥਕੇਵਾਂ ਜਾਂ ਅਕੇਵਾਂ ਉਸ ਉਤੇ ਭਾਰੂ ਨਹੀਂ। ਮਹੀਨੇ ਦੀ ਮਿਲਦੀ ਤਨਖ਼ਾਹ ਤੇ ਰੋਟੀ ਨਾਲ ਹੀ ਉਹ ਸੰਤੁਸ਼ਟ ਹੈ। ਪਰ ਜੇ ਘਰ ਦਾ ਮਾਲਕ ਅਫਜ਼ਲ ਉਸ ਵੱਲ ਉਚੇਚਾ ਧਿਆਨ ਦੇਵੇ ਤਾਂ ਇਹ ਮੌਕਾ ਉਸ ਲਈ 'ਬੋਨਸ' ਵਾਂਗ ਹੈ। ਜ਼ਰੂਰਤਮੰਦ ਕੰਮ ਕਰਨ ਵਾਲੀ ਔਰਤ ਲਈ ਇਕ ਵਾਰ ਇਹ 'ਮਾਣ ਵਾਲੀ ਵੀ ਗੱਲ' ਹੈ। ਇਸਲਈ ਅਫਜ਼ਲ ਦਾ ਗੋਗੀ ਵੱਲ ਹੱਥ ਵਧਾਉਣਾ ਤੇ ਗੋਗੀ ਵਲੋਂ ਉਸ ਹੱਥ ਨੂੰ ਫੜ ਲੈਣਾ ਜਹਾਨੋ ਬਾਹਰੀ ਗੱਲ ਨਹੀਂ।

ਪਰ ਸੁਆਣੀ ਇਹ ਗੱਲ ਕਿਵੇਂ ਬਰਦਾਸ਼ਤ ਕਰ ਲਵੇ ਕਿ ਉਸ ਦੇ ਜੀਉਂਦਿਆਂ ਉਸ ਦਾ ਪਤੀ, ਆਪਣੇ ਹੀ ਘਰ ਵਿੱਚ ਕੰਮ ਕਰਨ ਵਾਲੀ ਔਰਤ ਨਾਲ ਹੱਸੇ-ਖੇਡੇ। ਭਾਵੇਂ ਉਹ ਕਿਸੇ ਕੰਮ ਜੋਗੀ ਨਹੀਂ ਰਹੀ ਪਰ ਆਪਣੀ ਛਾਤੀ ਉਤੇ ਚੜ੍ਹੀ ਸੌਂਕਣ ਨੂੰ ਸਵੀਕਾਰ ਕਰਨਾ ਉਸ ਲਈ ਸੌਖਾ ਨਹੀਂ। ਕਹਾਣੀ ਵਿੱਚ ਕਿੱਧਰੇ ਵੀ ਗੋਗੀ ਨੂੰ ਬਹੁਤ ਚਰਤ-ਚਾਲਾਕ ਨਹੀਂ ਦੇਖਿਆ। ਉਸਨੇ ਜ਼ਿੰਮੇਵਾਰੀ ਨਾਲ ਸਾਰਾ ਘਰ, ਬੱਚੇ ਤੇ ਸੁਆਣੀ ਨੂੰ ਸੰਭਾਲਿਆ ਹੋਇਆ ਹੈ। ਕੀ ਹੋਇਆ, ਜੇ ਘਰ ਦਾ ਮਰਦ ਉਸ ਨੂੰ ਦੇਖ ਕੇ ਖੁਸ਼ ਹੁੰਦਾ ਤੇ ਆਪਣੀ ਕੁਦਰਤੀ ਜ਼ਰੂਰਤ ਨੂੰ ਉਸ ਨਾਲ ਪੂਰਾ ਕਰਨਾ ਚਾਹੁੰਦਾ ਹੈ।

ਸੁਆਣੀ ਵਲੋਂ ਇਸ ਗੱਲ ਉਤੇ ਥੋੜਾ-ਬਹੁਤ ਰੌਲਾ ਪਾਉਣ ਤੇ ਉਸ ਦੀ ਮਾਂ ਨੇ ਆ ਕੇ ਇਹੀ ਭੇਦ ਉਸ ਨੂੰ ਸਮਝਾਇਆ। ਰੌਲਾ ਪਾ ਕੇ ਉਹ ਆਪ ਪਤੀ ਨੂੰ ਆਪਣੇ ਤੋਂ ਹੋਰ ਦੂਰ ਕਰ ਲਵੇਗੀ। ਆਂਢੀ-ਗਵਾਂਢੀ ਨੂੰ ਪਤਾ ਲੱਗੇਗਾ, ਜਿਸ ਨਾਲ ਸਿਰਫ਼ ਜਗ-ਹੱਸਾਈ ਹੀ ਹੋਏਗੀ। ਇਸ ਲਈ ਇਸ ਗੱਲ ਤੋਂ ਅੱਖਾਂ ਮੀਟ ਲਵੇ ਤੇ ਕੰਨ ਬੰਦ ਕਰ ਲਵੇ। ਅਫ਼ਜ਼ਲ ਨਾਲ ਬੈਠਣ-ਸੌਣ ਨਾਲ ਵੀ ਗੋਗੀ ਰਹੇਗੀ ਕੰਮ ਵਾਲੀ ਹੀ, ਸ਼ੁਕਰ ਕਰ, ਅਫ਼ਜ਼ਲ ਨੇ ਉਸ ਉਤੇ ਸੌਂਕਣ ਲਿਆ ਕੇ ਨਹੀਂ ਬਿਠਾ ਦਿੱਤੀ। ਉਹ ਅਜੇ ਵੀ ਘਰ ਦੀ ਮਾਲਕਣ ਹੈ। ਸਾਰੇ ਘਰ ਦਾ ਸੰਚਾਲਨ ਉਸ ਦੇ ਇਸ਼ਾਰੇ ਉਤੇ ਹੁੰਦਾ ਹੈ। ਸਮਾਜ, ਬਿਰਾਦਰੀ ਵਿੱਚ ਉਸ ਦੀ ਪਛਾਣ ਹੈ, ਇਸੇਲਈ ਰਿਸ਼ਤੇਦਾਰ ਉਸ ਦਾ ਪਤਾ ਲੈਣ ਆਉਂਦੇ ਹਨ। ਮਾਂ ਦੀ ਦਿੱਤੀ ਮੱਤ ਨੂੰ ਧੀ ਨੇ ਝੱਟ ਪੱਲੇ ਬੰਨ੍ਹ ਲਿਆ। ਮਾਂ ਅਨੁਭਵੀ ਹੈ, ਉਸ ਦੁਨੀਆ ਦੇਖੀ ਹੋਈ ਹੈ, ਚੰਗਾ-ਮਾੜਾ ਸਭ ਉਹ ਜਾਣਦੀ ਹੈ। ਮਾਂ ਦੀ ਸਲਾਹ ਅਨੁਭਵ ਵਿੱਚੋਂ ਨਿਕਲਿਆ ਹੋਇਆ ਅਜਿਹਾ ਗਿਆਨ ਹੈ, ਜਿਸ ਦੀ ਪੜ੍ਹਾਈ ਕਿਸੇ ਸਕੂਲ-ਕਾਲਜ ਵਿੱਚ ਕੋਰਸ ਰਾਹੀਂ ਨਹੀਂ ਦਿੱਤੀ ਜਾ ਸਕਦੀ । ਅਫ਼ਜ਼ਲ ਉਸ ਦੇ ਬੱਚਿਆਂ ਦਾ ਬਾਪ ਹੈ, ਇਹ ਹੱਕ ਉਨ੍ਹਾਂ ਤੋਂ ਕੋਈ ਖੋਹ ਨਹੀਂ ਸਕਦਾ, ਭਾਵੇਂ ਬਾਪ ਕਿਸੇ ਨਾਲ ਪਿਆ ਸੰਬੰਧ ਬਣਾਵੇ। ਜਿਵੇਂ ਬਕੌਲ ਸੁਆਣੀ ਕਿ ਉਸ ਦੇ ਮਾਮੇ ਬੇਸ਼ਕ ਉਸ ਦੀ ਮਾਂ ਨਾਲ ਵਰਤਦੇ ਹੋਣ ਪਰ ਉਹ ਬੱਚਿਆਂ ਤੋਂ ਉਨ੍ਹਾਂ ਨੂੰ ਨਾਨਕੇ ਅਖਵਾਉਣ ਦਾ ਹੱਕ ਨਹੀਂ ਖੋਹ ਸਕਦੇ। ਇਹ ਰਿਸ਼ਤੇ ਅਜਿਹੇ ਹਨ, ਜਿਨ੍ਹਾਂ ਲਈ ਦਾਵੇ ਕਰਨ ਦੀ ਲੋੜ ਨਹੀਂ ਪੈਂਦੀ, ਇਹ ਉਤਨੇ ਹੀ ਸੁਭਾਵਕ ਤੇ ਸਹਿਜ ਹੁੰਦੇ ਹਨ, ਜਿਵੇਂ ਬੰਦਾ ਬਿਨਾ ਆਪਣੇ ਆਪ ਨੂੰ ਕਹੇ ਜਾਂ ਯਾਦ ਦਿਵਾਏ ਸਾਹ ਲੈਂਦਾ ਹੈ।

ਜਦੋਂ ਉਸ ਨੇ ਅੱਜ ਪਤੀ ਦਾ ਕਮਰਾ ਸਾਫ਼ ਕਰਨ ਲਈ ਕਿਹਾ ਤੇ ਗੋਗੀ ਨੇ ਵੀ ਜਿਵੇਂ ਖੁਸ਼ ਹੋ ਕੇ ਪੁੱਛਿਆ, 'ਕੀ ਉਹ ਅੱਜ ਆ ਰਹੇ ਹਨ?' ਸੁਆਣੀ ਨੇ ਦੇਖਿਆ, ਅੱਜ



ਗੋਗੀ ਨੇ ਨਹਾ ਕੇ ਸਾਫ਼ ਕਪੜੇ ਪਾ ਲਏ ਹਨ, ਜਦੋਂ ਅਫ਼ਜ਼ਲ ਘਰ ਪਰਤੇਗਾ ਤਾਂ ਉਸ ਨੂੰ ਖੁਸ਼ ਕਰਨ ਲਈ ਸ਼ਾਇਦ ਗੋਗੀ ਕਿਸੇ ਸਸਤੀ ਲਿਪਸਟਿਕ ਨਾਲ ਆਪਣੇ ਬੁਲ੍ਹ ਵੀ ਰੰਗ ਲਵੇਗੀ। ਜਿੱਥੇ ਗੋਗੀ ਨੇ ਤਿਆਰੀ ਕਰ ਲਈ, ਉਥੇ ਸੁਆਣੀ ਨੇ ਵੀ ਮਨ ਪੱਕਾ ਕਰਕੇ ਤਿਆਰੀ ਕਰ ਲਈ। ਪਤੀ ਦੇ ਕਮਰੇ ਵਿਚੋਂ ਆਉਣ ਵਾਲੀਆਂ ਆਵਾਜ਼ਾਂ ਨੂੰ ਨਜ਼ਰਅੰਦਾਜ਼ ਕਰਨ ਲਈ ਉਸ ਨੇ ਟੀ.ਵੀ. ਦਾ ਰਿਮੋਟ ਕੰਟਰੋਲ ਆਪਣੇ ਕੋਲ ਰੱਖ ਲਿਆ।

ਇਸ ਤਰ੍ਹਾਂ ਸੁਆਣੀ ਨੇ ਘਰ ਦੀ ਹੋਂਦ ਬਰਕਰਾਰ ਰੱਖਣ ਲਈ, ਪਤੀ ਨੂੰ ਹਥੋਂ ਨਾ ਜਾਣ ਦੇ ਕਾਰਣ, ਕਦੇ-ਕਦੇ ਘਰ ਵਿੱਚ ਹੀ ਪਤੀ ਨੂੰ ਖੁਲ੍ਹ ਲੈਣ ਦਾ ਮੌਕਾ ਦੇਣ ਲਈ ਮਨ ਪੱਕਾ ਕਰ ਲਿਆ। ਆਖ਼ਰ ਘਰ ਦੀ ਮਾਲਕਣ ਉਹੀ ਹੈ। ਸਮਾਜ ਤੇ ਬਿਰਾਦਰੀ ਉਸੇ ਨੂੰ ਜਾਣਦੇ ਹਨ। ਬੱਚਿਆਂ ਮਗਰੋਂ ਘਰ-ਗ੍ਰਹਿਸਥੀ ਵਿੱਚ ਔਰਤਾਂ ਦੀ ਜ਼ਿਆਦਾਤਰ ਪੱਛਾਣ ਇਸੇ ਦੁਨੀਆਦਾਰੀ ਕਰਕੇ ਹੁੰਦੀ ਹੈ। ਅਨੇਕਾਂ ਵਾਰ ਪਤੀ ਦੇ ਦਿਲ ਦਾ ਕੋਨਾ ਕਿਸੇ ਹੋਰ ਔਰਤ ਨੇ ਮੱਲਿਆ ਹੁੰਦਾ ਹੈ, ਪਰ ਘਰ, ਬਿਰਾਦਰੀ ਤੇ ਸਮਾਜ ਵਿੱਚ ਉਸ ਨਾਲ ਢੁੱਕ ਕੇ ਬੈਠਣ ਦਾ ਹੱਕ ਸਿਰਫ਼ ਉਸ ਦੀ ਵਿਆਹੁਤਾ ਇਸਤਰੀ ਦਾ ਹੀ ਹੁੰਦਾ ਹੈ। ਮਰਦ ਵੀ ਘਰੇਲੂ ਤੇ ਦੁਨੀਆਦਾਰੀ ਦੇ ਆਯੋਜਨਾਂ ਵਿੱਚ ਘਰਵਾਲੀ ਨੂੰ ਹੀ ਅਹਿਮੀਅਤ ਦੇਂਦਾ ਹੈ। ਗੋਗੀ ਕਿਉਂਕਿ ਘਰੇਲੂ ਕੰਮ ਕਰਨ ਵਾਲੀ ਔਰਤ ਹੈ, ਸਾਧਾਰਣ ਪੱਧਰ ਦੀ ਹੈ, ਇਸਲਈ ਸੁਆਣੀ ਨਾਲ ਇਸ ਗੱਲ ਦਾ ਆਂਢਾ ਨਹੀਂ ਲਾਉਂਦੀ ਕਿ ਉਸ ਦਾ ਪਤੀ ਉਸ ਨੂੰ ਅਹਿਮੀਅਤ ਦੇ ਰਿਹਾ ਹੈ। ਗੋਗੀ ਨੂੰ ਖੁਲ੍ਹ ਲੈਣ ਦਾ ਮੌਕਾ ਜ਼ਰੂਰ ਮਿਲ ਰਿਹਾ ਹੈ, ਪਰ ਉਹ ਆਪਣੀ ਔਕਾਤ ਜਾਣਦੀ ਹੈ, ਇਸਲਈ ਸੁਆਣੀ ਅੱਗੇ ਪਤੀ ਉਤੇ ਦਾਵਾ ਕਰਨ ਦੀ ਗਲਤੀ ਨਹੀਂ ਕਰਦੀ।

ਮਜ਼ੇ ਦੀ ਗੱਲ ਇਹ ਹੈ ਕਿ ਤਿੰਨੋਂ ਹੀ ਪਾਤਰ ਇਕ-ਦੂਜੇ ਤੋਂ ਗੱਲ ਲੁਕੋ ਰਹੇ ਹਨ ਜਦ ਕਿ ਅੰਦਰਖਾਤੇ ਤਿੰਨੋਂ ਹੀ ਸੱਚਾਈ ਨੂੰ ਜਾਣਦੇ ਹਨ। ਇਹ ਰਿਸ਼ਤਾ ਸਿਰਫ਼ ਜ਼ਰੂਰਤ ਦੀ ਨੀਂਹ ਉਤੇ ਖਲੋਤਾ ਹੈ, ਕਦੋਂ ਭੁਰਭੁਰਾ ਕੇ ਟੁੱਟ ਜਾਏ, ਕੋਈ ਪਤਾ ਨਹੀਂ। ਸੁਆਣੀ ਹੀ ਘਰ ਦੀ ਮਾਲਕਣ ਹੈ, ਇਹ ਵਿਚਾਰ ਭਾਵੇਂ ਭਰਮ ਹੈ ਤੇ ਭਾਵੇਂ ਹੋਵੇ ਤੱਸਲੀ, ਦੋਵੇਂ ਹੀ ਸੂਰਤਾਂ ਵਿੱਚ ਇਸਤਰੀਆਂ ਜੀਵਨ ਵਿੱਚ ਅਜਿਹੇ ਔਖੇ ਕਦਮ ਚੁੱਕਣ ਦੀ ਆਦੀ ਹੁੰਦੀਆਂ ਹਨ, ਉਹ ਸੱਚਾਈ ਦੇ ਕੌੜੇ ਘੁਟ ਆਸਾਨੀ ਨਾਲ ਪੀ ਜਾਂਦੀਆਂ ਹਨ। ਮੀਰਾ ਤੇ ਸੁਕਰਾਤ ਜਿਹੇ ਜਾਣਦੇ-ਬੁਝਦੇ ਜ਼ਹਿਰ ਪੀਣ ਵਾਲਿਆਂ ਦੀ ਗਿਣਤੀ ਨਾਮਾਤਰ ਹੀ ਹੈ, ਉਨ੍ਹਾਂ ਦੇ ਮੁਕਾਬਲੇ ਆਮ ਇਸਤਰੀਆਂ ਨੂੰ ਪਤਾ ਨਹੀਂ ਕਿੰਨੀ ਵਾਰ ਆਪਣੀ ਘਰ-ਗ੍ਰਹਿਸਥੀ ਬਚਾਉਣ ਲਈ ਅਜਿਹੇ ਪਿਆਲੇ ਪੀਣੇ ਪੈਂਦੇ ਹਨ ਤੇ ਕਈ ਵਾਰ ਲੋਕਾਂ ਦੀ ਨਜ਼ਰ ਬਚਾ ਕੇ ਡੋਲਣੇ ਵੀ ਪੈਂਦੇ ਹਨ। ਆਖ਼ਰ ਇਸਤਰੀ ਤੋਂ ਵਧੇਰੇ ਜ਼ਿੰਦਗੀ ਦਾ ਸਤਿ ਤੇ ਤੱਤ ਹੋਰ ਕੌਣ ਜਾਣ ਸਕਦਾ ਹੈ.।

**Mob. 9868182835**

# ਪਾਕਿਸਤਾਨੀ ਪੰਜਾਬੀ ਕਹਾਣੀ 'ਵਟਾਂਦਰਾ' ਦਾ ਵਸਤੂਗਤ ਅਧਿਐਨ

–ਡਾ. ਬਲਜਿੰਦਰ ਸਿੰਘ

ਖ਼ਾਲਿਦ ਫ਼ਰਹਾਦ ਧਾਰੀਵਾਲ ਨੂੰ ਸਮੁੱਚੀ ਪਾਕਿਸਤਾਨੀ ਪੰਜਾਬੀ ਗਲਪ ਪਰੰਪਰਾ ਵਿੱਚ ਗੌਰਵਸ਼ਾਲੀ ਹਸਤਾਖ਼ਰ ਵਜੋਂ ਜਾਣਿਆ ਜਾਂਦਾ ਹੈ। ਉਸ ਦੀ ਗਲਪੀ ਸਮਰੱਥਾ ਉਸ ਦੀ ਪ੍ਰੋੜ੍ਹਤਾ ਦਾ ਪ੍ਰਮਾਣ ਹੈ।ਉਸ ਨੇ ਪੰਜਾਬੀ ਗਲਪ ਵਿੱਚ ਨਵੀਆਂ ਪੈੜਾਂ ਪਾਈਆਂ ਹਨ। ਕਥਾਨਕ ਬਿਰਤਾਂਤ ਤੇ ਕਥਾਗਤ ਪਰਿਪੇਖ ਰਾਹੀਂ ਨਵੇਂ ਦਿਸਹੱਦਿਆਂ ਦੀ ਤਲਾਸ਼ ਹੀ ਨਹੀਂ ਸਗੋਂ ਉਹਨਾਂ ਦਾ ਪ੍ਰਮਾਣ ਵੀ ਪੇਸ਼ ਕੀਤਾ ਹੈ। ਖ਼ਾਲਿਦ ਫ਼ਰਹਾਦ ਧਾਰੀਵਾਲ ਕਹਾਣੀਕਾਰ ਹੋਣ ਦੇ ਨਾਲ–ਨਾਲ ਨਾਵਲਕਾਰ ਵੀ ਹੈ। ਉਸ ਦਾ ਅਜੇ ਇਕ ਹੀ ਕਹਾਣੀ–ਸੰਗ੍ਰਹਿ 'ਵਟਾਂਦਰਾ'–2013 (ਗੁਰਮੁਖੀ ਲਿਪੀ ਵਿੱਚ 'ਕਥਾ ਇਕ ਕਲਯੁੱਗ ਦੀ'–2013, ਲਿੱਪੀਅੰਤਰ ਪਾਲ ਸਿੰਘ ਵੱਲਾ) ਪ੍ਰਕਾਸ਼ਿਤ ਹੋਇਆ ਹੈ। ਤੇ ਉਸ ਦਾ ਪਾਕਿਸਤਾਨੀ ਪੰਜਾਬੀ ਕਹਾਣੀ ਦੇ ਨਵੇਂ ਪੂਰ ਵਿੱਚ ਅਹਿਮ ਸਥਾਨ ਹੈ। ਸਾਮੰਤੀ ਰਹਿਤਲ ਵਾਲਾ ਪਾਕਿਸਤਾਨੀ ਸਮਾਜ ਪ੍ਰਮੁੱਖ ਤੌਰ ਤੇ ਉਸ ਦੀਆਂ ਕਹਾਣੀਆਂ ਦਾ ਰਚਨਾ–ਵਸਤੂ ਬਣਦਾ ਹੈ, ਪਰ ਉਹ ਇਸ ਸਮਾਜ ਵਿੱਚ ਪੂੰਜੀਵਾਦੀ ਕਦਰਾਂ–ਕੀਮਤਾਂ ਦੇ ਦਖ਼ਲ ਨਾਲ ਹੋ ਰਹੇ ਪਰਿਵਰਤਨਾਂ ਦੀ ਨਬਜ਼ ਨੂੰ ਬਾਖ਼ੂਬੀ ਪਛਾਣਦਾ ਹੈ। ਪਾਕਿਸਤਾਨੀ ਪੰਜਾਬੀ ਕਹਾਣੀ ਵਿੱਚ ਖ਼ਾਲਿਦ ਫ਼ਰਹਾਦ ਧਾਰੀਵਾਲ ਦਾ ਥੀਮਕ ਪਸਾਰ ਵਿਸ਼ਾਲ ਖੇਤਰ ਵਿੱਚ ਫੈਲਿਆ ਹੋਇਆ ਹੈ। ਉਸ ਨੇ ਆਪਣੀਆਂ ਕਹਾਣੀਆਂ ਵਿੱਚ ਵੱਖ–ਵੱਖ ਵਿਸ਼ਿਆਂ ਨੂੰ ਰੂਪਮਾਨ ਕੀਤਾ ਹੈ, ਜਿਵੇਂ ਔਰਤ ਦਾ ਸੰਤਾਪ, ਔਰਤ ਦੀ ਬੇਵਸੀ, ਔਰਤ ਦੁਆਰਾ ਦਿਲ ਵਿੱਚ ਦਬਾ ਕੇ ਰੱਖੀ ਮੁਹੱਬਤ, ਲਚਾਰੀ, ਬੇਗੁਨਾਹ ਹੋ ਕੇ ਵੀ ਗੁਨਾਹ ਹੇਠ ਦੱਬੇ ਹੋਣਾ, ਨਿਮਨ ਵਰਗ ਦਾ ਦੁਖਾਂਤ, ਵਿਆਹ ਸੰਸਥਾ ਦਾ ਨਿਘਾਰ, ਔਰਤ ਦੀ ਹੋਂਦ ਦਾ ਅਹਿਸਾਸ, ਦੀ ਦਾਸਤਾਨ ਬਾਖ਼ੂਬੀ ਪੇਸ਼ ਕਰਦਾ ਹੈ। ਔਰਤ ਦੇ ਮਾਨਸਿਕ ਸੰਤਾਪ ਨੂੰ ਉਹ ਬੜੀਆਂ ਬਾਰੀਕ ਡੋਰਾਂ ਨਾਲ ਵਰਨਣ ਕਰਦਾ ਹੈ। ਲੇਖਕ ਨੇ ਆਪਣੇ ਇਸ ਕਹਾਣੀ ਸੰਗ੍ਰਹਿ ਵਿੱਚਲੀ ਕਹਾਣੀ (ਵਟਾਂਦਰਾ) ਵਿੱਚ ਅਜਿਹੀ ਔਰਤ ਦਾ ਚਿੱਤਰ ਪੇਸ਼ ਕੀਤਾ ਹੈ। ਇਹੀ ਵਿਲੱਖਣਤਾ ਉਸ ਨੂੰ ਦੂਜੇ ਪਾਕਿਸਤਾਨੀ ਗਲਪ ਸਾਹਿਤ ਵਿੱਚ ਸਥਾਪਤ ਗਲਪਕਾਰਾਂ ਦੀ ਕਤਾਰ ਵਿੱਚ ਖੜ੍ਹਾ ਕਰਦੀ ਹੈ। ਖ਼ਾਲਿਦ ਫ਼ਰਹਾਦ ਧਾਰੀਵਾਲ ਨੇ ਪਾਕਿਸਤਾਨੀ ਪੰਜਾਬੀ ਗਲਪ ਵਿੱਚ ਬਤੌਰ ਕਹਾਣੀਕਾਰ ਜਿਨ੍ਹਾਂ ਨਵੀਨ ਥੀਮਕ ਇਕਾਈਆਂ ਨੂੰ ਛੋਹਿਆ ਹੈ ਉਸ ਦਾ ਸਿਹਰਾ ਖ਼ਾਲਿਦ ਫ਼ਰਹਾਦ ਧਾਰੀਵਾਲ ਦੇ ਸਿਰ ਹੀ ਬੱਝਦਾ ਹੈ।

ਕਹਾਣੀ ਮਨੁੱਖੀ ਜੀਵਨ ਦੇ ਛੋਟੇ ਤੋਂ ਛੋਟੇ ਪਲ ਜਾਂ ਛਿਣ ਨੂੰ ਇਕ ਪ੍ਰਭਾਵੀ ਤਰੀਕੇ ਨਾਲ ਪੇਸ਼ ਕਰਦੀ ਹੈ ਕਿ ਇਹ ਹਰ ਕਿਸੇ ਦਾ ਜੀਵਨ ਸੱਚ ਹੋ ਨਿਬੜਦੀ ਹੈ ਜਾਂ ਸੱਚ ਵਰਗੀ ਪ੍ਰਤੀਤ ਹੁੰਦੀ ਹੈ। ਹਰ ਇਕ ਨੂੰ ਕਹਾਣੀ ਪੜ੍ਹ ਕੇ ਇਹ ਮਹਿਸੂਸ ਹੁੰਦਾ ਹੈ ਕਿ ਉਸ ਨਾਲ ਇਹ ਘਟਨਾ ਕਿਧਰੇ ਵਾਪਰੀ ਹੈ ਜਾਂ ਫਿਰ ਉਸ ਨੇ ਕਿਤੇ ਦੇਖੀ ਜਾਂ ਸੁਣੀ ਜ਼ਰੂਰ ਹੈ। ਅਜੋਕੇ ਸਮੇਂ ਵਿੱਚ ਕਹਾਣੀ ਬਾਕੀ ਸਾਹਿਤ ਰੂਪਾਂ ਨਾਲੋਂ ਵਧੇਰੇ ਪੜ੍ਹੀ ਜਾਂਦੀ ਹੈ ਕਿਉਂਕਿ ਅਕਾਰ ਵਿੱਚ ਇਹ ਨਾਵਲ, ਨਾਟਕ ਆਦਿ ਨਾਲੋਂ ਛੋਟੀ ਹੁੰਦੀ ਹੈ ਤੇ ਅੱਜ ਦੇ ਰੁਝੇਵਿਆਂ ਭਰੇ ਜੀਵਨ ਵਿੱਚ ਕਿਸੇ ਕੋਲ ਵੀ ਵੱਡੀਆਂ ਰਚਨਾਵਾਂ ਪੜ੍ਹਨ ਦਾ ਵਕਤ ਨਹੀਂ ਹੁੰਦਾ। ਇਸ



ਲਈ ਪੰਜਾਬੀ ਕਹਾਣੀ ਨੇ ਅੰਤਰਰਾਸ਼ਟਰੀ ਪੱਧਰ ਤੇ ਥਾਂ ਬਣਾ ਲਈ ਹੈ। ਜਿਸ ਤੋਂ ਅਸੀਂ ਕਹਾਣੀ ਦੇ ਮਹੱਤਵ ਅਤੇ ਲੋਕਪ੍ਰਿਯ ਹੋਣ ਦੇ ਕਾਰਨ ਨੂੰ ਬੜੀ ਅਸਾਨੀ ਨਾਲ ਸਮਝ ਸਕਦੇ ਹਾਂ।1

ਪਾਕਿਸਤਾਨੀ ਪੰਜਾਬੀ ਕਹਾਣੀ ਦਾ ਮੁੱਢਲਾ ਪੜਾ ਬੇਸ਼ਕ ਤਸਲੀਬਖ਼ਸ਼ ਨਹੀਂ ਰਿਹਾ ਹੈ। 1947 ਈ. ਵਿੱਚ ਬ੍ਰਿਟਿਸ਼ ਸਾਮਰਾਜ ਪਾਸੋਂ ਭਾਰਤ ਦੀ ਅਜ਼ਾਦੀ, ਤੇ ਪਾਕਿਸਤਾਨ ਦੀ ਕਾਇਮੀ ਅਤੇ ਪੰਜਾਬ ਦੀ ਵੰਡ ਨੇ ਕਈ ਸਮੱਸਿਆਵਾਂ ਨੂੰ ਜਨਮ ਦਿੱਤਾ, ਜਿਨ੍ਹਾਂ ਵਿੱਚੋਂ ਸਭ ਤੋਂ ਵੱਡਾ ਮਸਲਾ ਸੀ ਫਸਾਦ ਦਵੇਸ਼ ਦੋਹੀਂ ਪਾਸੀਂ ਆਪਸੀ–ਵਿਰੋਧੀ ਫਿਰਕੂਪੁਣੇ ਦੇ ਦੈਂਤ ਤੋਂ ਪੈਦਾ ਹੋਣ ਵਾਲਾ ਮਾਹੌਲ ਤੇ ਇਸ ਤੋਂ ਬਚਾ ਤੇ ਸਰਹੱਦ ਦੇ ਦੋਨੋਂ ਪਾਸੇ ਸ਼ਰਨਾਰਥੀਆਂ ਦੇ ਵਸੇਬੇ ਅਮਨ ਸ਼ਾਂਤੀ ਦਾ ਯੋਗ ਪ੍ਰਬੰਧ ਕਰਨਾ ਸੀ। ਪਾਕਿਸਤਾਨੀ ਪੰਜਾਬੀ ਕਹਾਣੀਆਂ ਦਾ ਵਡੇਰਾ ਭਾਗ ਪੰਜਾਬ ਦੀ ਪੇਂਡੂ ਰਹਿਤਲ ਨਾਲ ਸੰਬੰਧਿਤ ਰਿਹਾ ਹੈ। ਖ਼ਾਲਿਦ ਫ਼ਰਹਾਦ ਧਾਰੀਵਾਲ ਦੀਆਂ ਬਹੁਤੀਆਂ ਕਹਾਣੀਆਂ ਵਿੱਚ ਸਾਡੇ ਪੰਜਾਬੀ ਸਭਿਆਚਾਰ ਨੂੰ ਇਕ ਆਦਰਸ਼ ਮਾਡਲ ਵਾਂਙ ਚਿਤਰਿਆ ਹੈ। ਉਸ ਨੂੰ ਸਿੱਖ ਪਾਤਰ ਲੜਾਈ ਝਗੜਿਆਂ ਦੇ ਬਾਵਜੂਦ ਵੀ ਅਸੂਲ ਪ੍ਰਸਤ, ਮਿੱਤਰ ਪਿੱਛੇ ਜਾਨ ਦੇਣ ਵਾਲੇ ਅਤੇ ਕੋਲ ਤੇ ਕਾਇਮ ਰਹਿਣ ਵਾਲੇ ਪਾਤਰ ਸਿਰਜੇ ਹਨ। ਖ਼ਾਲਿਦ ਫ਼ਰਹਾਦ ਧਾਰੀਵਾਲ ਦੀ ਇਸ ਸੰਗ੍ਰਹਿ ਵਿੱਚਲੀ ਕਹਾਣੀ 'ਵਟਾਂਦਰਾ' ਪੇਂਡੂ ਸਮਾਜ ਦੀ ਰਹਿਤਲ ਨੂੰ ਬਿਆਨ ਕਰਦੀ ਹੈ।2 ਜਿੱਥੇ ਆਪਣੇ ਕਿਸੇ ਲੋਭ ਲਾਲਚ ਵਾਸਤੇ ਕਿਸੇ ਦੇ ਅਰਮਾਨ ਸੂਲੀ ਤੇ ਟੰਗ ਦਿੱਤੇ ਜਾਂਦੇ ਹਨ। ਇਹ ਕਹਾਣੀ ਸਾਡੇ ਸਮਾਜ ਦੀ ਬੜੀ ਪੁਰਾਨੀ ਕਥਾ ਪਰੰਪਰਾ ਨੂੰ ਆਧਾਰ ਬਣਾਉਂਦੀ ਹੈ। ਜਿੱਥੇ ਇਨਸਾਨੀ ਰਿਸ਼ਤਿਆਂ ਦੀ ਬੁਨੀਆਦ ਘਰ ਪਰਿਵਾਰ ਤੋਂ ਹੀ ਆਪਸੀ ਸਵਾਰਥ ਵਿੱਚ ਲਿਪਤ ਕੇ ਰਹਿ ਜਾਂਦੀ ਹੈ। ਇਸ ਕਹਾਣੀ ਦਾ ਪ੍ਰਮੁੱਖ ਪਾਤਰ ਫੱਜਾ ਆਪਣੀ ਕਰੂਪਤਾ ਤੇ ਸੁਭਾਓ ਕਾਰਨ ਵਿਆਹਿਆ ਨਹੀਂ ਜਾਂਦਾ ਤੇ ਜਦ ਵੀ ਕੋਈ ਉਸ ਨੂੰ ਦੇਖਣ ਆਉਂਦਾ ਅੱਗਲਾ ਧੀਰਜ ਵੱਟ ਕੇ ਚਲਾ ਜਾਂਦਾ ਤੇ ਸਮਾਂ ਪਾ ਕੇ ਵਿੱਚੋਲੇ ਹੱਥ ਸੁਨੇਹਾਂ ਆ ਜਾਂਦਾ ਤੇ ਫੱਜਾ ਆਪਣੀ ਇਸ ਬੇਇਜਤੀ ਲਈ ਗੁੱਸੇ ਵਿੱਚ ਸਾਰੇ ਆਂਢ–ਗੁਆਂਢ ਨੂੰ ਗਾਲਾਂ ਕੱਢਦਾ। ਉਸ ਦੇ ਚੱਕਰ ਵਿੱਚ ਉਸ ਦੀ ਛੋਟੀ ਭੈਣ ਜੋ ਵੇਖਣ ਚਾਖਣ ਨੂੰ ਸੋਹਣੀ ਸੁਨਖੀ ਹੈ। ਜਿਸ ਦਾ ਰਿਸ਼ਤਾ ਕਦੀ ਵੀ ਤੇ ਕਿਤੇ ਵੀ ਕੀਤਾ ਜਾ ਸਕਦਾ ਸੀ। ਤੇ ਕਦੇ ਇਸ ਸੁਹੱਪਣ ਕਰਕੇ ਉਸ ਦੀ ਮਾਸੀ ਆਪਣੇ ਪੁੱਤਰ ਲਈ ਮੰਗਦੀ ਸੀ। ਤੇ ਫੱਜੇ ਦੇ ਮਾਪਿਆਂ ਨੇ ਤਾਜੋ ਦੇ ਰਿਸ਼ਤੇ ਬਦਲੇ ਰਿਸ਼ਤਾ ਦੇਣ ਦੇ ਨਾਲ–ਨਾਲ ਰਿਸ਼ਤਾ ਮੰਗ ਲਿਆ ਤਾਂ ਉਸ ਦੀ ਮਾਸੀ ਨੇ ਇਹ ਕਹਿ ਕੇ ਨਾਂਹ ਕਰ ਦਿੱਤੀ ਕੇ ਇਸ ਵੱਟੇ ਦੇ ਸਾਕ ਵਿੱਚ ਕਿਤੇ ਮੇਲ ਮਿਲਾਪ ਤੋਂ ਵਾਂਝੇ ਹੋ ਜਾਈਏ। ਦੂਜਾ ਫੱਜਾ ਉਸ ਦੀ ਸੋਹਣੀ ਸੁਨੱਖੀ ਧੀ ਨਾਲ ਕਿਸੇ ਪੱਖ ਤੋਂ ਵੀ ਮੇਲ ਨਹੀਂ ਸੀ ਖਾਂਦਾ ਰੰਗ ਰੂਪ ਉਮਰ ਜਿਸ ਕਰਕੇ ਇਹ ਹਰ ਕਿਸ ਦੇ ਉਹ ਪੂਰ ਨਹੀਂ ਅਪੱੜਦਾ। ਮਾਸੀ ਨੇ ਨਾਲ ਹੀ ਉਸ ਨੂੰ ਆਪਣੀ ਕੁੜੀ ਦੇ ਹਾਣ ਤੋਂ ਬੜਾ ਵੱਡਾ ਚਿੱਤਵਿਆ ਤੇ ਉਸ ਦੇ ਆਪਣੇ ਹਾਣੀਆਂ ਵੀ ਹੁਣ ਓਸ ਘਰ ਵੱਲ ਨੂੰ ਹੱਥ ਕਰਕੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਕੇ ਆਹ ਢੇਰੀ ਕਿਤੇ ਔਂਤਰ ਹੀ ਨਾ ਜਾਏ ਭਾਵ ਕਿ ਕਿਤੇ ਫੱਜਾ ਛੜ੍ਹਾ ਹੀ ਨਾ ਰਹਿ ਜਾਏ ਤਾਂ ਜਦੋਂ ਇਹ ਗੱਲ ਘਰ ਤੱਕ ਪਹੁੰਚਦੀ ਹੈ ਤਾਂ ਘਰਦਿਆਂ ਵੱਲੋਂ ਫਿਰ ਤੋਂ ਫੱਜੇ ਦੇ ਰਿਸ਼ਤੇ ਦੀ ਭਾਲ ਸ਼ੁਰੂ ਹੋ ਗਈ ਅਤੇ ਛੇਤੀ ਹੀ ਇਕ ਰਿਸ਼ਤਾ ਮਿਲ ਵੀ ਗਿਆ ਤੇ ਪਰ ਇਥੇ ਵੀ ਫੱਜੇ ਕਿਆਂ ਨੇ ਤੇ

ਅੱਗਲਿਆਂ ਵੀ ਆਪਣੀ ਗਰਜ਼ ਮੁਜ਼ਬ ਇਕ ਦਮ ਹਾਂ ਕਰ ਦਿੱਤੀ ਕਿਉਂਕਿ ਉਹ ਸੋਚਦੇ ਸਨ ਕੇ ਤਾਜੋ ਵਿੱਚ ਕਿਸੇ ਗਲ ਦੀ ਘਾਟ ਨਹੀਂ ਹੈ। ਅਤੇ ਦੂਜੇ ਪਾਸੇ ਉਸ ਦੇ ਲੜ ਲੱਗਣ ਵਾਲਾ ਬੰਦਾ ਕੋਈ ਮੁੰਡਾ-ਖੁੰਢਾ ਨਹੀਂ ਸੀ ਉਹ ਤਾਂ ਅਧਖੜ ਉਮਰ ਦਾ ਬੰਦਾ ਤੇ ਉੱਤੋਂ ਨਾਲੇ ਥੱਥਾ। ਦੂਜੇ ਪਾਸੇ ਤਾਜੋ ਦੇ ਮਾਪੇ ਇਹ ਸੋਚਦੇ ਹਨ ਕਿ ਜੇਕਰ ਇਕ ਵਾਰ ਫੱਜਾ ਵਿਆਹਿਆ ਜਾਵੇ ਤਾਂ ਤਾਜੋ ਦੇ ਵਿਆਹ ਬਾਰੇ ਸੋਚਿਆ ਜਾਵੇ। ਇਸ ਤਰ੍ਹਾਂ ਜਦੋਂ ਗੱਲ ਕਿਸੇ ਤੜ ਪੱਤਣ ਨਾ ਲੱਗੀ ਤਾਂ ਇਸ ਵਾਰ ਆਉਣ ਵਾਲਾ ਸਾਕ ਵੀ ਕੋਈ ਬਾਹਲਾ ਚੰਗਾ ਨਹੀਂ ਸੀ ਸਾਕ ਬਦਲੇ ਵਿੱਚ ਸਾਕ ਲੈਣ ਦੇ ਨਾਲ-ਨਾਲ ਦੇਣਾ ਵੀ ਪਿਆ। ਤਾਜੋ ਦਾ ਹੋਣ ਵਾਲਾ ਪਤੀ ਉਸ ਨਾਲੋਂ ਵਡੇਰੀ ਉਮਰ ਦਾ ਸੀ। ਅਤੇ ਨਾਲ ਹੀ ਥੱਥਲਾ ਕੇ ਬੋਲਦਾ ਸੀ। ਜਦੋਂ ਉਸ ਦੇ ਹੋਣ ਵਾਲੇ ਖਾਵੰਦ ਨੂੰ ਉਸੇ ਦੀਆਂ ਸਹੇਲੀਆਂ ਵੱਲੋਂ ਟਿੱਚਰ ਕੀਤੀ ਗਈ ਤਾਂ ਤਾਜੋ ਨੂੰ ਕੋਈ ਗੱਲ ਨਹੀਂ ਸੀ ਆਈ ਉਹ ਇਸ ਨੂੰ ਝੂਠ ਵੀ ਨਹੀਂ ਆਖ ਸਕਦੀ ਕਿਉਂਕਿ ਸਚੱਈ ਉਨ੍ਹਾਂ ਦੇ ਸਾਹਮਣੇ ਸੀ।

ਤਾਜੋ ਦਾ ਘਰ ਵਾਲਾ ਥੱਥਾ ਵੀ ਸੀ ਤੇ ਉਮਰੋਂ ਢੇਰ ਵੱਡਾ ਵੀ।
ਨੀ ਤੈਨੂੰ ਉਹਦੀ ਗੱਲ ਦੀ ਸਮਝ ਕਿਵੇਂ ਆਉਂਦੀ ਏ ਤ..ਤਤ... ਅ..ਜੋ।[3]

ਤਾਜੋ ਵਿੱਚ ਕਿਸੇ ਪ੍ਰਕਾਰ ਦੀ ਘਾਟ ਨਹੀਂ ਸੀ ਰੰਗ ਰੂਪ ਕੱਦ-ਕਾਠ ਨੈਣ ਨਕਸ਼ ਉਸ ਦੇ ਸੁਹੱਪਣ ਨੂੰ ਚਾਰ ਚੰਨ ਲਾਉਂਦੇ ਸਨ। ਅੱਜ ਜਿਸ ਪ੍ਰਕਾਰ ਉਸ ਦੀਆਂ ਸਹੇਲਿਆਂ ਉਸ ਨੂੰ ਟਿੱਚਰਾਂ ਕਰ ਰਹੀਆਂ ਸਨ। ਇਸ ਲਈ ਤਾਜੋ ਜ਼ਿੰਮੇਵਾਰ ਨਹੀਂ ਸੀ ਤੇ ਨਾ ਹੀ ਉਸ ਨੇ ਕਦੀ ਅਜਿਹੇ ਖਾਵੰਦ ਦੀ ਕਲਪਨਾ ਕੀਤੀ। ਜਿਹੋ ਜਿਹਾ ਖਾਵੰਦ ਉਸ ਨੇ ਚਿਤਵਿਆ ਸੀ ਉਹ ਤਾਂ ਉਸ ਨੂੰ ਨਹੀਂ ਸੀ ਮਿਲਿਆ। ਤਾਜੋ ਨੇ ਜਦੋਂ ਵੀ ਉਸ ਦੀਆਂ ਸਹੇਲੀਆਂ ਦੇ ਵਿਆਹ ਹੋਏ ਸਨ ਆਪਣੀ ਹਰੇਕ ਸਹੇਲੀ ਕੋਲੋਂ ਖਾਵੰਦ ਦੀ ਤਰੀਫ਼ ਸੁਣੀ ਸੀ। ਤੇ ਤਾਜੋ ਆਪ ਵੀ ਅਜਿਹਾ ਖਾਵੰਦ ਪਤੀ ਚਾਹੁੰਦੀ ਸੀ। ਜੇਕਰ ਯੂਸਫ਼ ਜਿੰਨ੍ਹਾਂ ਸੋਹਣਾ ਨਾ ਵੀ ਹੋਵੇ ਪਰ ਇੰਨਾਂ ਕੁ ਸੋਹਣਾ ਹੋਵੇ ਕੇ ਉਸ ਦੀਆਂ ਸਹੇਲੀਆਂ ਜੇ ਉਂਗਲਾਂ ਟੁੱਕਣ ਭਾਵੇਂ ਨਾ ਸਹੀ ਫਿਰ ਵੀ ਉਹਨਾਂ ਦੀ ਜੀਭ ਉੱਪਰ ਜ਼ਰੂਰ ਚੁੱਪ ਪੱਸਰ ਜਾਏ ਕੁੱਝ ਕਹਿਣ ਦੀ ਥਾਂ ਉਹ ਗੁੰਗਿਆਂ ਵਾਂਗ ਡੋਰ-ਭੌਰਾ ਵੇਖਣ।

'ਇਕ ਕਿਆਰੇ ਕੇਸਰ ਗੁਡਿਆ, ਦੂਏ ਕਿਆਰੇ ਲਈਆਂ (ਨਹਿਰੀ ਬੂਟੀ)
ਬਾਬਲ ਵੇ ਵਰ ਐਸਾ ਦੇਵੀਂ ਰੀਸ ਕਰੇਸਣ ਸਈਆਂ।' [4]

ਅਜਿਹਾ ਵਰ ਤਾਜੋ ਚਾਹੁੰਦੀ ਸੀ। ਪਰ ਇਹ ਤਾਂ ਉਸ ਦੇ ਆਪਣੇ ਸੁਫ਼ਨਿਆਂ ਦਾ ਸੰਸਾਰ ਸੀ। ਅਸਲ ਵਿੱਚ ਇਕ ਸੋਹਣਾ ਸੁਨੱਖਾ ਮੁੰਡਾ ਮਿਲਿਆ ਤਾਂ ਉੱਥੇ ਵੀ ਬਸ ਫੱਜੇ ਦੀ ਬਦਸੂਰਤੀ ਕਰਕੇ ਤਾਜੋ ਦੀ ਮਾਸੀ ਨੇ ਰਿਸ਼ਤਾ ਲੈਣ ਦੇ ਨਾਲ ਦੇਣ ਤੋਂ ਸਾਫ ਇਨਕਾਰ ਕਰ ਦਿੱਤਾ ਸੀ। ਜਿਸ ਨੂੰ ਤਾਜੋ ਨੇ ਆਪਣੀ ਰੂਹ ਦਾ ਹਾਣੀ ਮੰਨਿਆ ਸੀ। ਪਰ ਇਹ ਸੰਭਵ ਨਾ ਹੋ ਸਕਿਆ। ਤੇ ਤਾਜੋ ਨੇ ਹੁਣ ਇਸੇ ਨੂੰ ਪ੍ਰਵਾਨ ਕਰ ਲਿਆ ਸੀ। ਕਿਉਂਕਿ ਜੇਕਰ ਧੱਕਾ ਤਾਜੋ ਨਾਲ ਹੋਇਆ ਤਾਂ ਇਸ ਦੇ ਉਲਟ ਉਸ ਦੀ ਭਰਜਾਈ ਨਾਲ ਵੀ ਸਾਵਾਂ ਵਾਪਰਿਆ ਪਰ ਦੋਵਾਂ ਨੇ ਆਪਣੀ ਸਾਂਝੀ ਪੀੜ ਨੂੰ ਸਮਾਜ ਅੱਗੇ ਕਿਤੇ ਵੀ ਬਿਆਨ ਨਹੀਂ ਕੀਤਾ। ਸਗੋਂ ਅੰਦਰੋ-ਅੰਦਰ ਇਸ ਨੂੰ ਦਬਾ ਲਿਆ ਹੈ।

ਵਿਆਹ ਤੋਂ ਪਿੱਛੋਂ ਦੋਨਾਂ ਪਾਸੇ ਨਨਾਣ ਭਰਜਾਈ ਦਾ ਰਿਸ਼ਤਾ ਹੋਣ ਪਾਰੋਂ



ਜੋ ਗੱਲਾਂ ਨਿਕਲਣੀਆਂ ਚਾਹੀਦੀਆਂ ਸਨ ਉਹ ਨਹੀਂ ਸੀ ਨਿਕਲੀਆਂ।[5]

ਤਾਜੋ ਨੂੰ ਤਾਂ ਆਪਣੀ ਹੋਣ ਵਾਲੀ ਭਰਜਾਈ ਨਾਲ ਅੰਤਾਂ ਦੀ ਹਮਦਰਦੀ ਸੀ। ਵਿਆਹ ਤੋਂ ਬਾਅਦ ਉਹਦਾ ਤੇ ਉਸ ਦੀ ਹੋਣ ਵਾਲੀ ਭਰਜਾਈ ਦਾ ਵਰਤੋਂ ਵਿਹਾਰ ਨਨਾਣ ਦੀ ਥਾਂ ਦੋ ਸਖੀਆਂ ਸਹੇਲੀਆਂ ਵਾਲਾ ਸੀ। ਤਾਜੋ ਕੋਲ ਇਸ ਵਿਆਹ ਵਿੱਚੋਂ ਢੇਡ ਦੋ ਸਾਲਾਂ ਦੀ ਕੁੜੀ ਸੀ। ਉਸ ਦਾ ਤੇ ਫੱਜੇ ਦਾ ਵਿਆਹ ਦੋ ਢਾਈ ਸਾਲ ਪਹਿਲਾਂ ਇਕੱਠਿਆਂ ਹੋਇਆ ਸੀ। ਤਾਜੋ ਆਪਣੇ ਪੇਕੇ ਘਰ ਆਈ ਹੋਈ ਹੈ ਉਸ ਦੀ ਭਰਜਾਈ ਦੇ ਬਾਲ ਹੋਣ ਵਾਲਾ ਜਿਸ ਲਈ ਤਾਜੋ ਆਈ ਹੋਈ ਹੈ। ਜਿਸ ਦੀ ਖੁਸ਼ੀ ਦੇ ਲੋਰ ਵਿੱਚ ਤਾਜੋ ਉੱਡਦੀ ਫਿਰਦੀ ਸੀ। ਜਿਸ ਦੇ ਆਉਣ ਨਾਲ ਦੋਹਾਂ ਪਰਿਵਾਰਾਂ ਵਿੱਚ ਖੁਸ਼ੀਆਂ ਖੇੜੇ ਆ ਜਾਣੇ ਸਨ ਤੇ ਵਾਜੇ ਗਾਜੇ ਵੱਜਣੇ ਸਨ। ਪਰ ਵਿਧਾਤਾ ਨੂੰ ਕਿ ਮਨਜ਼ੂਰ ਹੈ ਇਹ ਕੋਈ ਨਹੀਂ ਸੀ ਜਾਣਦਾ। ਜਿੱਥੇ ਆਉਣ ਵਾਲੇ ਦੀ ਉਡੀਕ ਵਿੱਚ ਇੰਨੇ ਚਾਅ-ਮਲਾਅ ਕੀਤੇ ਜਾ ਰਹੇ ਸਨ। ਉੱਥੇ ਹੁਣ ਚਾਵਾਂ ਦੀ ਥਾਂ ਸੋਗ ਦੀ ਫੂਹੜੀ ਸੱਥਰ ਵਿੱਛ ਗਿਆ ਸੀ ਇਸ ਆਉਣ ਵਾਲੇ ਬੱਚੇ ਦੇ ਨਾਲ-ਨਾਲ ਉਸ ਦੀ ਭਰਜਾਈ ਵੀ ਚੱਲ ਵੱਸੀ ਸੀ। ਅਤੇ ਹੁਣ ਸਗੋਂ ਇਕ ਦੀ ਥਾਂ ਦੋ ਮੌਤਾਂ ਦਾ ਸੋਗ ਪੈ ਗਿਆ ਸੀ। ਖਤਮ ਤੋਂ ਪਿੱਛੋਂ ਤਾਜੋ ਦੇ ਸਹੁਰਿਆਂ ਨੇ ਜਦੋਂ ਉਸ ਨੂੰ ਲਿਜਾਣ ਲਈ ਕਿਹਾ ਤਾਂ ਫੱਜੇ ਨੇ ਉਹਨਾਂ ਨੂੰ ਇਹ ਕਹਿ ਕੇ ਮਨਾ ਕਰ ਦਿੱਤਾ ਕੇ ਜੇਕਰ ਮਰਨ ਵਾਲੀ ਨਾ ਮਰਦੀ ਤਾਂ ਤਾਜੋ ਸੂਤਕ ਤੱਕ ਤਾਂ ਰਹਿਣਾ ਹੀ ਸੀ। ਇਸ ਲਈ ਤੁਸੀਂ ਕੁੱਝ ਦਿਨ ਰੁੱਕੋ। ਅਸੀਂ ਆਪ ਤਾਜੋ ਨੂੰ ਛੱਡਣ ਆਵਾਂਗੇ। ਪਰ ਫੱਜੇ ਦੇ ਦਿਲ ਵਿੱਚ ਚੋਰ ਸੀ ਤੇ ਉਹ ਤਾਜੋ ਨੂੰ ਹੁਣ ਉੱਥੇ ਘੱਲਣ ਦੇ ਹੱਕ ਵਿੱਚ ਨਹੀਂ ਸੀ। ਉਸ (ਤਾਜੋ) ਦੇ ਸਹੁਰੇ ਜਿੰਨੀ ਵਾਰ ਆਏ ਉਸ ਨੇ ਹਰ ਵਾਰ ਪੈਰਾਂ ਤੇ ਪਾਣੀ ਨਾ ਪੈਣ ਦਿੱਤਾ ਅਤੇ ਹਰ ਵਾਰ ਫੱਜਾ ਅਜਿਹਾ ਬਹਾਨਾ ਘੜ੍ਹਦਾ ਕੇ ਤਾਜੋ ਦੇ ਸਹੁਰਿਆਂ ਦੀ ਪੇਸ਼ ਨਾ ਜਾਂਦੀ ਤੇ ਉਹ ਅਖੀਰ ਨੂੰ ਫੱਜੇ ਦੀ ਗੱਲ ਮੰਨ ਲੈਂਦੇ ਤੇ ਫਿਰ ਚੁੱਪ ਕਰਕੇ ਖਾਲੀ ਹੱਥ ਆਪਣੇ ਘਰ ਨੂੰ ਚਲੇ ਜਾਂਦੇ। ਇਸ ਵਾਰ ਤਾਜੋ ਦੇ ਸਹੁਰੇ ਫੱਜੇ ਦੀਆਂ ਕਿਸ਼ਾਮਤਾ ਕਰ-ਕਰ ਕੇ ਅੱਕ ਗਏ ਸਨ ਤੇ ਇਸ ਵਾਰ ਤਾਂ ਉਨ੍ਹਾਂ ਨੇ ਪੰਚਾਇਤ ਲਿਆ ਕੇ ਫੱਜੇ ਦੇ ਘਰ ਮੂਹਰੇ ਬਿਠਾਈ ਅਤੇ ਫੱਜਾ ਤਾਂ ਪਹਿਲਾਂ ਹੀ ਕੋਈ ਬਹਾਨਾ ਭਾਲਦਾ ਸੀ ਕਿ ਉਹ ਤੱਕਲੇ ਵਿਲੇਂਗ ਹੋਏ। ਜਿਸ ਦਾ ਹੁਣ ਉਸ ਨੂੰ ਮੌਕਾ ਮਿਲ ਗਿਆ ਸੀ ਤੇ ਬਾਰ-ਬਾਰ ਇਹ ਕਹਿ ਰਿਹਾ ਸੀ ਕੇ ਸਾਨੂੰ ਬੁਰਿਆ ਬਣਾਇਆ। ਜਦੋਂ ਫੱਜਾ ਅੜਿਆ ਤਾਂ ਤਾਜੋ ਦੇ ਸਹੁਰੇ ਵੀ ਅੜ ਗਏ। ਦੋਹਾਂ ਪਾਸਿਆਂ ਦੀ ਗਰਮਾ ਗਰਮੀ ਨੇ ਅਜਿਹਾ ਮਾਹੌਲ ਬਣਾ ਦਿੱਤਾ ਕਿ ਜਾਂ ਤਾਂ ਫੱਜਾ ਤਾਜੋ ਨੂੰ ਘੱਲੇ ਜਾਂ ਫਿਰ ਉਸ ਦੇ ਸਹੁਰੇ ਤਲਾਕ ਦੇਣ ਜਾਂ ਉਹ ਆਪ ਤਲਾਕ ਦੀ ਮੰਗ ਕਰਨ। ਜਦੋਂ ਗੱਲ ਕਿਸੇ ਪਾਸੇ ਨਾ ਲੱਗੀ ਤਾਂ ਤਾਜੋ ਦੇ ਨਾ ਚਾਹੁੰਦੇ ਹੋਏ ਵੀ ਰੋਜ਼-ਰੋਜ਼ ਦੀ ਕਲ੍ਹ-ਕਲ੍ਹ ਤੇ ਬਹਿਸ ਬਿਸਾਈ ਵਿੱਚ ਤਾਜੋ ਨੂੰ ਤਲਾਕ ਦੇਣਾ ਉਸ ਦੇ ਸਹੁਰੇ ਮੰਨ ਗਏ ਅਤੇ ਨਾ ਚਾਹੁੰਦੇ ਹੋਏ ਵੀ ਤਾਜੋ ਨੂੰ ਤਲਾਕ ਵਾਲਾ ਜ਼ਹਿਰ ਪੀਣਾ ਪਿਆ। ਇਸ ਤਲਾਕ ਹੋਣ ਤੋਂ ਪਹਿਲਾਂ ਤਾਜੋ ਕਈ ਵਾਰ ਆਪ ਹੀ ਸਹੁਰੇ ਚਲੇ ਜਾਣਾ ਚਾਹੁੰਦੀ ਸੀ, ਪਰ ਜਦੋਂ ਉਹ ਪੇਕੇ ਘਰ ਮੁੜ ਕੇ ਆਉਣ ਦਾ ਖਿਆਲ ਮਨ ਵਿੱਚ ਚਿਤਵਦੀ ਤਾਂ ਉਹ ਇਸ ਲੜੀ ਨੂੰ ਮੁੜ ਤੋਂ ਖ਼ਾਰਜ ਕਰਦੀ ਤੇ ਮਨ ਵਿੱਚ ਹੀ ਕਹਿੰਦੀ ਕਿ ਜੇਕਰ ਪੇਕੇ ਪਿੱਠ ਦਿਖਾ ਜਾਣ ਤਾਂ ਸਹੁਰਿਆਂ ਘਰ ਦਿਨ ਕੱਟਣੇ ਔਖੇ ਹੋ ਜਾਂਦੇ ਹਨ। ਕਿਉਂਕਿ ਹਰੇਕ ਔਰਤ ਦੀ ਆਪਣੇ ਪੇਕੇ ਘਰ ਨਾਲ ਬੇ-ਇੰਤਹਾ ਮੁਹੱਬਤ ਹੁੰਦੀ ਹੈ।

ਇਸੇ ਮੋਹ ਵਿੱਚ ਭਿੱਜੀ ਉਹ ਘਰੋਂ ਪੈਰ ਬਾਹਰ ਨਾ ਕੱਢ ਸਕੀ। ਜਿੱਥੇ ਹੁਣ ਤਾਜੋ ਦੇ ਸਾਰੇ ਅਰਮਾਨ ਢਹਿ ਢੇਰੀ ਹੋ ਗਏ ਤੇ ਉਸ ਕੋਲ ਝੂਰਨ ਤੋਂ ਸਿਵਾਏ ਕੁੱਝ ਨਹੀਂ ਬੱਚਿਆ।

ਘਰ ਵਾਲਿਆਂ ਦੀ ਮਨਸ਼ਾ ਦੇ ਵਿਰੁੱਧ ਆਪ ਮੁਹਾਰੇ ਸਹੁਰੇ
ਟੁਰ ਜਾਣ ਦਾ ਮਤਲਬ ਸੀ-ਸਦਾ ਲਈ ਪੇਕੇ ਘਰ ਤੋਂ ਛੁੱਟੀ।6

ਫੱਜਾ ਅਜੇ ਵੀ ਵਿਆਹ ਕਰਵਾਉਣਾ ਚਾਹੁੰਦਾ ਹੈ ਤੇ ਇਸ ਵਾਰ ਵੀ ਘਾਣ ਤਾਜੋ ਦਾ ਹੀ ਹੋ ਰਿਹਾ ਹੈ। ਉਸ ਦੀ ਤਾਈ ਤਾਜੋ ਨੂੰ ਨਿਹੌਰਾ ਮਾਰਦੀ ਹੈ ਕਿ ਵੇਖ ਧੀਏ ਤੇਰੇ ਭਰਾ ਦਾ ਘਰ ਵੱਸ ਜਾਵੇ, ਉਸ ਦੇ ਮਾਪੇ ਇਸ ਲਈ ਹੱਥ ਪੈਰ ਮਾਰਦੇ ਹਨ ਕਿ ਕਿਤੇ ਫੱਜੇ ਦੇ ਹਾਣੀਆਂ ਦੀ ਆਖੀ ਗੱਲ ਸੱਚ ਨਾ ਹੋ ਜਾਏ। ਤਾਜੋ ਭਰਾ ਦਾ ਘਰ ਵੱਸਣ ਤੋਂ ਦੁਖੀ ਨਹੀਂ ਉਹ ਤਾਂ ਸਗੋਂ ਆਪ ਚਾਹੁੰਦੀ ਹੈ ਕਿ ਉਸ ਦਾ ਭਰਾ ਘਰ ਬਾਰ ਵਾਲਾ ਹੋਵੇ, ਪਰ ਉਸ ਨੂੰ ਦੁੱਖ ਇਸ ਗੱਲ ਦਾ ਹੈ ਕਿ ਪਹਿਲਾਂ ਆਪ ਹੀ ਉਸ ਦਾ ਵੱਸਦਾ ਰੱਸਦਾ ਘਰ ਆਪ ਛੁਡਵਾਇਆ ਗਿਆ ਤੇ ਅੱਜ ਫਿਰ ਤੋਂ ਫੱਜੇ ਵਾਸਤੇ ਬਲੀ ਤਾਜੋ ਦੀ ਦਿੱਤੀ ਜਾ ਰਹੀ ਸੀ। ਕੁੱਝ ਦਿਨਾਂ ਤੋਂ ਫੱਜੇ ਹੁਰੀਂ ਕਿਸੇ ਰਿਸ਼ਤੇ ਦੀ ਭਾਲ ਵਿੱਚ ਸਨ ਤੇ ਉਹ ਪਸੰਦ ਵੀ ਕਰ ਆਏ ਅੱਜ ਉਹੀ ਪ੍ਰਾਹੁਣੇ ਘਰ ਆਉਣ ਵਾਲੇ ਸਨ। ਇਹ ਸਭ ਤਾਜੋ ਦੀ ਮਰਜੀ ਦੇ ਖਿਲਾਫ਼ ਹੋ ਰਿਹਾ ਸੀ। ਤਾਜੋ ਨੂੰ ਤਲਾਕ ਮਿਲਣ ਤੋਂ ਬਾਅਦ ਹੀ ਉਸ ਦੇ ਘਰ ਵਾਲੇ ਰਿਸ਼ਤੇ ਭਾਲਣ ਲੱਗ ਪਏ ਸਨ। ਅਤੇ ਪਹਿਲਾਂ ਆਉਣ ਵਾਲਾ ਤਾਜੋ ਨੂੰ ਤਾਂ ਪਸੰਦ ਕਰ ਲੈਂਦਾ ਤੇ ਨਿੱਕੀ ਜਹੀ ਬਾਲੜੀ ਤੇ ਆ ਕੇ ਗੱਲ ਵਿੱਚੇ ਅਟਕ ਜਾਂਦੀ। ਇਸ ਵਾਰ ਜਿਹੜਾ ਰਿਸ਼ਤਾ ਫੱਜੇ ਲਈ ਆ ਰਿਹਾ ਸੀ ਉਸ ਔਰਤ ਨੂੰ ਪਹਿਲਾਂ ਹੀ ਤਲਾਕ ਮਿਲੀ ਹੋਈ ਸੀ। ਦੂਜਾ ਉਹਨਾਂ ਨੇ ਇਸ ਵਾਰ ਤਾਜੋ ਦੀ ਬਾਲੜੀ (ਬੱਚੀ) ਨੂੰ ਵੀ ਨਾਲ ਲਿਜਾਣ ਦੀ ਹਾਂ ਕਰ ਦਿੱਤੀ ਸੀ। ਫੱਜਾ ਤਾਂ ਭਾਵੇਂ ਇਸ ਵਿਆਹ ਤੋਂ ਖੁਸ਼ ਹੈ, ਪਰ ਤਾਜੋ ਨੂੰ ਬਿਨ੍ਹਾਂ ਗੱਲੋਂ ਪਹਿਲਾ ਟੁੱਟੇ ਘਰ ਦਾ ਗਮ ਅਜੇ ਨਹੀਂ ਸੀ ਭੁੱਲਿਆ। ਇਸ ਲਈ ਅੱਜ ਸਵੇਰ ਦੀ ਹੀ ਉਹ ਰੋਈ ਜਾ ਰਹੀ ਸੀ।

ਅੱਖੀਆਂ ਵਿੱਚੋਂ ਵਗਦੇ ਹੰਝੂਆਂ ਤੋਂ ਪਰ੍ਹੇ ਕਿਧਰੇ ਮਨ
ਦੇ ਪਾਤਾਲ ਵਿੱਚ ਲੱਗਦਾ ਸੀ ਕੋਈ ਦੁੱਖ ਹੈ, ਜਿਸ
ਦਾ ਪਰਛਾਵਾਂ ਤਾਜੋ ਦੇ ਚਿਹਰੇ ਤੇ ਸਾਫ ਵਿਖਾਈ ਦੇਂਦਾ ਸੀ।7

ਤਾਈ ਜੰਨਤੇ ਉਸ ਨੂੰ ਪੁਰ ਜੋਰ ਨਾਲ ਸਮਝਾਉਂਦੀ ਹੈ ਤੇ ਫੱਜੇ ਦੇ ਕੌੜ ਪੁਣੇ ਦਾ ਡਰਾਬਾ ਦੇ ਕੇ ਧਮਕਾਉਂਦੀ ਵੀ ਹੈ। ਕਿਉਂਕਿ ਅੱਜ ਆਉਣ ਵਾਲਾ ਵੀ ਫੱਜੇ ਹੁਰਾਂ ਵਰਗਾ ਹੀ ਕੋਈ ਲੋੜਵੰਦ ਹੈ। ਜਿਸ ਦੀ ਪਹਿਲੀ ਪਤਨੀ ਦੀ ਮੌਤ ਹੋ ਗਈ ਹੈ। ਬੇਸ਼ਕ ਤਾਈ ਦੇ ਕਹਿਣ ਤੇ ਤਾਜੋ ਮਨ ਮਾਰ ਕੇ ਉਠੀ ਜ਼ਰੂਰ ਪਰ ਅੰਦਰ ਉਹਦਾ ਲੂਸਿਆ ਪਿਆ ਹੈ। ਘਰ ਵਿੱਚ ਇੰਨੀ ਚੁੱਪ ਚਾਰ ਚੁਫੇਰੇ ਪੱਸਰੀ ਹੋਈ ਹੈ। ਨਲਕੇ ਦੇ ਨਾਲ ਲੱਗਦੇ ਢੰਗਰਾਂ ਦੇ ਵਾੜੇ ਵਿੱਚ ਹੋਣ ਵਾਲੀ ਗੱਲ ਸਾਫ ਸੁਣਾਈ ਦਿੰਦੀ ਸੀ। ਉਧਰ ਵਾੜੇ ਵਿੱਚ ਨਵੀਂ ਲਿਆਂਦੀ ਮੱਝ ਕੋਲ ਖੜਾ ਬੰਦਾ ਫੱਜੇ ਤੋਂ ਭਾਅ ਪੁੱਛ ਰਿਹਾ ਹੈ। ਤੇ ਫੱਜਾ ਉਸ ਨੂੰ ਕਹਿੰਦਾ ਹੈ ਕਿ ਬਸ ਇਹ ਸਮਝ ਅਦਲੇ ਬਦਲੇ ਵਿੱਚ ਠੀਕ ਸੌਦਾ ਬਣ ਗਿਆ।

'ਉਹ ਮੀਣੇ ਸਿੰਗਾਂ ਵਾਲੀ ਬੂਰੀ ਨਹੀਂ ਸੀ ਆਪਣੀ।'
'ਆਹੋ।' 'ਉਹਦੇ ਤੋਂ ਵਟਾਂਦਰਾ ਲਾਇਆ ਏ।' 8



ਇਹ ਹੋਣ ਵਾਲੀ ਗੱਲਬਾਤ ਸੁਣ ਕੇ ਤਾਜੋ ਨੂੰ ਵੀ ਜਿਵੇਂ ਕੁੱਝ ਮਹਿਸੂਸ ਹੋਇਆ ਤੇ ਉਹ ਸੋਚਣ ਲੱਗੀ ਕਿ ਅੱਜ ਤਾਜੋ ਇਕ ਔਰਤ ਨਾ ਹੋ ਕੇ ਸਗੋਂ ਕੋਈ ਪਸ਼ੂ ਹੋਵੇ। ਜਿਸ ਦਾ ਆਪਣੇ ਸਵਾਰਥ ਲਈ ਮਾਲ ਡੰਗਰ ਵਾਂਗ ਸੌਦਾ ਕੀਤਾ ਜਾ ਰਿਹਾ।ਕਹਾਣੀਕਾਰ ਵੱਲੋਂ ਇਸ ਕਹਾਣੀ ਦਾ ਨਾਮਕਰਣ 'ਵਟਾਂਦਰਾ' ਤਾਜੋ ਦੀ ਜ਼ਿੰਦਗੀ ਉੱਪਰ ਢੁੱਕਦਾ ਹੈ। ਉਸ ਨੂੰ ਭਰਾ ਦੀ ਅਦਲੇ ਬਦਲੇ ਵਾਲੀ ਗੱਲ ਡੂੰਘੀ ਸੱਟ ਮਾਰਦੀ ਹੈ। ਇਸ ਵਿੱਚ ਸ਼ੱਕ ਵੀ ਕੋਈ ਨਹੀਂ ਹੈ ਕਿਉਂਕਿ ਜਿਵੇਂ ਫੱਜੇ ਨੂੰ ਕੋਈ ਰਿਸ਼ਤਾ ਤੋੜ ਨਹੀਂ ਸੀ ਚੜਦਾ ਤੇ ਉਸ ਦੇ ਕਰੂਪ ਤੇ ਬਦਸੂਰਤ ਭਰਾ ਦੇ ਸਾਕ ਲਈ ਪਹਿਲਾਂ ਵੀ ਬਲੀ ਤਾਜੋ ਦੀ ਹੀ ਦਿੱਤੀ ਗਈ। ਅੱਜ ਫਿਰ ਬਲੀ ਦਾ ਬੱਕਰਾ ਤਾਜੋ ਨੂੰ ਬਣਾਇਆ ਜਾ ਰਿਹਾ ਹੈ। ਕਿਉਂਕਿ ਫੱਜੇ ਦੀ ਤਰ੍ਹਾਂ ਉਹ ਵੀ ਕੋਈ ਲੋੜਵੰਦ ਹੈ। ਫੱਜੇ ਦੀ ਹੋਣ ਵਾਲੀ ਤੀਵੀਂ ਨੂੰ ਤਲਾਕ ਮਿਲੀ ਹੋਈ ਸੀ ਤੇ ਫੱਜੇ ਹਾਣ ਦੀ ਗੱਲ ਕਰੀਏ ਤਾਂ ਉਹ ਵੀ ਕੋਈ ਅਧਖੜ ਉਮਰ ਦੀ ਔਰਤ ਹੈ।

ਉਪਰੋਕਤ ਸਮੁੱਚੀ ਵਿਚਾਰ ਚਰਚਾ ਉਪਰੰਤ ਅਸੀਂ ਕਹਿ ਸਕਦੇ ਹਾਂ ਕਿ 'ਵਟਾਂਦਰਾ' ਕਹਾਣੀ ਵਿੱਚ ਕਹਾਣੀਕਾਰ ਔਰਤ ਦੇ ਸੰਤਾਪ ਦੀ ਗਾਥਾ ਬਿਆਨਦਾ ਹੈ। ਜਿਸ ਵਿੱਚ ਕੇ ਔਰਤ ਸੰਤਾਪ ਦਰ ਸੰਤਾਪ ਜਿੰਨਾਂ ਮਰਜੀ ਹਢਾਉਂਦੀ ਹੈ ਪਰ ਮਾਪਿਆਂ ਅੱਗੇ ਚੁੱਪ ਨਹੀਂ ਤੋੜਦੀ ਤੇ ਦੂਜਾ ਕਹਾਣੀਕਾਰ ਨੇ ਇਸ ਕਹਾਣੀ ਰਾਹੀਂ ਜਿਸ ਪੱਖ ਨੂੰ ਛੋਹਿਆ ਹੈ। ਉਹ ਹੈ ਵੱਟਾ ਭਾਵ ਬਦਲ ਕਿ ਸਾਡੇ ਸਮਾਜ ਵਿੱਚ ਪਹਿਲਾਂ ਅਜਿਹਾ ਪ੍ਰਚਲਨ ਸੀ ਕਿ ਆਪਣੇ ਰਹੇ ਖਹੇ ਮੁੰਡਿਆਂ ਲਈ ਆਪਣੀਆਂ ਰੇਸ਼ਮ ਵਰਗੀਆਂ ਕੁੜੀਆਂ ਨੂੰ ਅਧੇੜ ਉਮਰ ਦੇ ਬੰਦਿਆਂ ਦੇ ਲੜ੍ਹ ਲਾ ਦਿੱਤਾ ਜਾਂਦਾ ਸੀ। ਇਸ ਵਿੱਚ ਦੋਹਾਂ ਧਿਰਾ ਦਾ ਨੁਕਸਾਨ ਹੁੰਦਾ ਸੀ, ਪਰ ਲੋਕ ਆਪੋ ਆਪਣੇ ਨਿਜੀ ਮੁਫ਼ਾਦਾ ਲਈ ਇਸ ਦੀ ਵਰਤੋਂ ਕਰਦੇ ਸਨ। ਇਸ ਕਹਾਣੀ ਵਿੱਚ ਵੀ ਫੱਜਾ ਆਪਣੇ ਲਈ ਆਪਣੀ ਭੈਣ ਤਾਜੋ ਨੂੰ ਵਰਤਦਾ ਹੈ। ਪਹਿਲੀ ਵਾਰ ਵੀ ਉਸ ਨੂੰ ਫੱਜੇ ਦੇ ਕਾਰਨ ਇਕ ਅਧੇੜ ਉਮਰ ਦੇ ਬੰਦੇ ਲੜ੍ਹ ਲਾਇਆ ਜਾਂਦਾ ਹੈ। ਅਤੇ ਅੱਜ ਫਿਰ ਤੋਂ ਉਹੀ ਗੋਂਦਾ ਗੁੰਦੀਆਂ ਜਾ ਰਹੀਆਂ ਹਨ। ਬੇਸ਼ਕ ਉਸ ਵਿੱਚ ਕਿਸੇ ਦਾ ਵਿਰੋਧ ਕਰਨ ਦੀ ਸਮਰੱਥਾ ਨਹੀਂ ਹੈ। ਪਰ ਤਾਜੋ ਅੰਦਰੇ-ਅੰਦਰ ਇਸ ਘਟਨਾ ਤੋਂ ਤੇ ਪਰਿਵਾਰਕ ਰਵੱਈਏ ਤੋਂ ਸੜੀ ਬਲੀ ਪਈ ਹੈ। ਉਸ ਨੂੰ ਸਮਾਜ ਦਾ ਇਹ ਦੂਸ਼ਣ ਇਕ ਕਲੰਕ ਨਜ਼ਰ ਆਉਂਦਾ ਹੈ। ਜਿਸ ਨੇ ਔਰਤ ਜਾਤੀ ਦਾ ਵੱਡਾ ਘਾਣ ਕੀਤਾ ਹੈ। ਇਸ ਵਿੱਚ ਤਾਜੋ ਵਰਗੀਆਂ ਵਿਚਾਰੀਆਂ ਕਈ ਘਰ ਦੀ ਆਰਥਿਕ ਮਜ਼ਬੂਰੀ ਕਾਰਨ ਤੇ ਕਈ ਇਸ ਵੱਟੇ ਦੇ ਸਾਕ ਵਿੱਚ ਆਪਣਾ ਆਪ ਗੁਆ ਬੈਠਦੀਆਂ ਹਨ।

ਕੁੱਲ ਮਿਲਾ ਕੇ ਇਹ ਕਿਹਾ ਜਾ ਸਕਦਾ ਹੈ ਕਿ ਖ਼ਾਲਿਦ ਫ਼ਰਹਾਦ ਧਾਰੀਵਾਲ ਦੇ ਕਹਾਣੀ ਸੰਗ੍ਰਹਿ 'ਕਥਾ ਇੱਕ ਕਲਯੁੱਗ ਦੀ' ਇਹ ਕਹਾਣੀ 'ਵਟਾਂਦਰਾ' ਥੀਮਕ ਪੱਖ ਤੋਂ ਆਪਣਾ ਕੈਨਵਸ ਵਿਸਤਾਰਦੀ ਹੈ। ਇਹ ਅੱਜ ਦੀ ਆਧੁਨਿਕ ਕਹਾਣੀ ਮਨੁੱਖ ਦੇ ਖਿੰਡੇ ਹੋਏ ਆਪੇ ਦੀ ਦਾਸਤਾਨ ਹੈ। ਇਹ ਸੁਹਜ ਦੇ ਪਿੱਛੇ ਲੁਕੇ ਕੁਹਜ ਦੀ ਪੇਸ਼ਕਾਰੀ ਵੀ ਕਰਦੀ ਹੈ। ਮਨੁੱਖੀ ਮਾਨਸਿਕਤਾ ਦੀ ਗਹਿਰਾਈ ਵਿੱਚ ਪਏ ਛੋਟੇ-ਛੋਟੇ ਵਿਚਾਰ ਉਸ ਦੇ ਜੀਵਨ ਨੂੰ ਕਿਵੇਂ ਪ੍ਰਭਾਵਿਤ ਕਰਦੇ ਹਨ, ਟੁੱਟਦੇ ਰਿਸ਼ਤਿਆਂ ਵਿੱਚ ਮਨੁੱਖੀ ਜੀਵਨ ਕਿਵੇਂ ਗਵਾਚਦਾ ਜਾ ਰਿਹਾ ਹੈ ਅਤੇ ਜੀਵਨ ਦੀ ਅਸਲੀਅਤ ਕੀ ਹੈ। ਔਰਤ ਮਰਦ ਦੇ ਆਪਸੀ ਸੰਬੰਧ ਕਿੰਨੇ ਸੁਖਾਵੇਂ ਹਨ ਤੇ ਕਿਵੇਂ ਮਨੁੱਖੀ ਮਾਨਸਿਕਤਾ ਨੂੰ ਵਲੂੰਧਰ ਵੀ ਜਾਂਦੇ ਹਨ, ਜੋ ਸੁੰਦਰ ਹੈ ਸੁਸ਼ੀਲ ਹੈ ਆਗਿਆਕਾਰ ਹੈ। ਖ਼ਾਲਿਦ ਖ਼ਰਹਾਦ ਧਾਰੀਵਾਲ 'ਵਟਾਂਦਰਾ' ਵਿੱਚਲੀ ਕਹਾਣੀ

ਦੀ ਨਵੀਨਤਾ ਨੂੰ ਸਮਾਜਵਾਦੀ ਅਤੇ ਯਥਾਰਥਵਾਦੀ ਅੰਸ਼ ਵਾਸਵਿਕ ਪਾਤਰ ਚਿਤੱਰਨ ਤੇ ਨਵੇਂ ਵਿਸ਼ੇ ਰਾਹੀਂ ਔਰਤ ਦਾ ਤ੍ਰਾਸਦਿਕ ਚਿੱਤਰ ਆਧੁਨਿਕ ਸੰਦਰਭ ਵਿੱਚ ਦਰਸਾਇਆ ਹੈ। ਕਲਾਤਮਕ ਅਤੇ ਵਸਤੂਗਤ ਪੱਖ ਤੋਂ 'ਕਥਾ ਕਲਯੁੱਗ ਦੀ' ਮਕਬੂਲੀਅਤ ਦਾ ਧਾਰਨੀ ਬਣਦਾ ਹੈ। ਜੋ ਸੁਤੰਤਰ ਹੋ ਕੇ ਰਹਿਣਾ ਵੀ ਲੋਚਦੀ ਹੈ ਪਰ ਇਹ ਔਰਤ ਮਰਦ ਪ੍ਰਧਾਨ ਸਮਾਜ ਦੀਆਂ ਵਲਗਣਾਂ ਨਾਲ ਸਮਝੌਤਾ ਕਰਕੇ ਰਹਿਣ ਨੂੰ ਹੀ ਆਪਣੀ ਜ਼ਿੰਦਗੀ ਮੰਨਦੀ ਹੈ। ਇਸ ਸਭ ਕੁੱਝ ਨੂੰ ਸੰਗ ਲੈ ਕੇ ਤੁਰਦੀ ਆਧੁਨਿਕ ਕਹਾਣੀ ਤੋਂ ਇਸ ਦੇ ਰੋਸ਼ਨ ਭਵਿੱਖ ਦੀ ਆਸ ਰੱਖੀ ਜਾ ਸਕਦੀ ਹੈ।

**ਹਵਾਲੇ ਅਤੇ ਟਿੱਪਣੀਆਂ**

1. ਪਰੰਪਰਾਗਤ ਤੋਂ ਸਸ਼ੱਕਤ ਔਰਤ ਤੱਕ, ਵੀਰਵੰਤੀ ਕੌਰ(ਡਾ.), ਪੰਨਾ-09
2. ਪਾਕਿਸਤਾਨੀ ਪੰਜਾਬੀ ਸਾਹਿਤ ਦਾ ਸੰਖੇਪ ਜਾਇਜ਼ਾ, ਡਾ. ਕਰਨੈਲ ਸਿੰਘ ਥਿੰਦ, ਪੰਨਾ-89
3. ਕਥਾ ਇੱਕ ਕਲਯੁੱਗ ਦੀ', ਖ਼ਾਲਿਦ ਫ਼ਰਹਾਦ ਧਾਰੀਵਾਲ, ਪੰਨਾ-48
4. ਉਹੀ-ਪਨਾ-47
5. ਉਹੀ-ਪੰਨਾ-48
6. ਉਹੀ-ਪੰਨਾ-45
7. ਉਹੀ-ਪੰਨਾ-44
8. ਉਹੀ-ਪੰਨਾ-50

## 2000-2020 ਦੀ ਪੰਜਾਬੀ ਕਹਾਣੀ ਵਿਸ਼ੇਸ਼ ਅੰਕ

ਪ੍ਰੋ ਜੇ ਬੀ ਸੇਖੋਂ ਪੰਜਾਬੀ ਆਲੋਚਨਾ ਦਾ ਸਮਰੱਥ ਅਤੇ ਪ੍ਰਤਿਭਾਵਾਨ ਹਸਤਾਖ਼ਰ ਹੈ। ਆਪਣੀ ਮਿਹਨਤ ਸਦਕਾ ਉਹ ਪੰਜਾਬੀ ਆਲੋਚਨਾ ਦੀਆਂ ਮੋਹਰਲੀਆਂ ਸਫ਼ਾਂ ਵਿੱਚ ਆ ਖੜਿਆ ਹੈ। ਖਾਸ ਕਰਕੇ ਪੰਜਾਬੀ ਕਹਾਣੀ ਆਲੋਚਨਾ ਵਿੱਚ ਉਸ ਨੂੰ ਮੁਹਾਰਤ ਹਾਸਿਲ ਹੈ। ਸਾਡੀ ਨਜ਼ਰ ਵਿੱਚ ਉਹ ਨਿਰਪੱਖ ਹੋ ਕੇ ਅਤੇ ਬਿਨਾਂ ਕਿਸੇ ਲਾਗ ਲਿਹਾਜ਼ ਤੋਂ ਕਹਾਣੀ ਦੀ ਆਲੋਚਨਾ ਕਰਨ ਵਾਲਾ ਅਤੇ ਨਿਧੜਕ ਵਿਚਾਰ ਰੱਖਣ ਵਾਲਾ ਆਲੋਚਕ ਹੈ। ਉਸ ਦੇ ਇਸ ਪੱਖ ਨੂੰ ਮੱਦੇ ਨਜ਼ਰ ਰੱਖਦਿਆਂ ਅਸੀ 'ਸ਼ਬਦ' ਦੇ ਅਗਲੇ ਵਿਸ਼ੇਸ਼ ਕਹਾਣੀ ਅੰਕ (2000-2020) ਦੀ ਸੰਪਾਦਨਾ ਦੀ ਜ਼ਿੰਮੇਵਾਰੀ ਉਸਨੂੰ ਦੇ ਰਹੇ ਹਾਂ। ਇਸ ਅੰਕ ਵਿੱਚ ਪਿਛਲੇ ਦੋ ਦਹਾਕਿਆਂ ਦੀਆਂ ਦਸ ਪ੍ਰਤੀਨਿਧ ਕਹਾਣੀਆਂ ਛਾਪੀਆਂ ਜਾਣਗੀਆਂ। ਇਸਦੇ ਨਾਲ ਹੀ ਕਹਾਣੀ ਦੀ ਵਰਤਮਾਨ ਸਥਿਤੀ ਬਾਰੇ ਵਿਦਵਾਨਾਂ ਦੇ ਲੇਖ ਛਾਪੇ ਜਾਣਗੇ ਅਤੇ ਨਾਲ ਹੀ ਚੁਣੀਆਂ ਗਈਆਂ ਦਸ ਕਹਾਣੀਆਂ ਬਾਰੇ ਕਹਾਣੀ ਦੇ ਚਿੰਤਕਾਂ ਤੇ ਆਲੋਚਕਾਂ ਦੇ ਵਿਚਾਰ ਵੀ ਛਾਪੇ ਜਾਣਗੇ। ਇਸ ਤੋਂ ਇਲਾਵਾ ਉਕਤ ਕਹਾਣੀਆਂ ਦੀ ਰਚਨਾ ਪ੍ਰਕਿਰਿਆ ਬਾਰੇ ਸਬੰਧਤ ਕਹਾਣੀ ਲੇਖਕਾਂ ਨਾਲ ਕੀਤੇ ਸਵਾਲ ਜਵਾਬ ਵੀ ਪਾਠਕਾਂ ਦੀ ਨਜ਼ਰ ਕੀਤੇ ਜਾਣਗੇ। ਇਸ ਅੰਕ ਦੀ ਪ੍ਰਕਾਸ਼ਨਾ ਨਾਲ ਚੌਥੇ ਪੜਾਅ ਦੀ ਪੰਜਾਬੀ ਕਹਾਣੀ ਦੀ ਮੌਜੂਦਾ ਸਥਿਤੀ ਅਤੇ ਪਿਛਲੇ ਵੀਹ ਸਾਲਾਂ ਵਿੱਚ ਉਭਰੀਆਂ ਦਸ ਮਹੱਤਵਪੂਰਨ ਕਹਾਣੀਆਂ ਬਾਰੇ ਇਕ ਸੰਜੀਦਾ ਸੰਵਾਦ ਰਚਾਉਣ ਦਾ ਯਤਨ ਕੀਤਾ ਜਾਵੇਗਾ। ਇਸ ਦੇ ਨਾਲ ਨਾਲ ਵਰਤਮਾਨ ਕਹਾਣੀ 'ਤੇ ਫੋਕਸ ਹੋਣ ਵਾਲਾ ਹੋਰ ਵੀ ਮਟੀਰੀਅਲ ਪੜ੍ਹਨਯੋਗ ਹੋਵੇਗਾ। ਪੀ.ਡੀ.ਐੱਫ. ਦੇ ਨਾਲ ਨਾਲ ਇਹ ਅੰਕ ਹਾਰਡ ਕਾਪੀ ਦੇ ਰੂਪ ਵਿੱਚ ਵੀ ਪ੍ਰਕਾਸ਼ਿਤ ਕੀਤਾ ਜਾਵੇਗਾ।



# ਤੁਪਕਾ-ਤੁਪਕਾ ਨਸਲਕੁਸ਼ੀ - ਖਾਲੀ ਬੰਦਾ

- ਜੇ.ਬੀ.ਸੇਖੋਂ

ਪਾਕਿਸਤਾਨੀ ਪੰਜਾਬੀ ਕਹਾਣੀ ਦੇ ਸਮਕਾਲੀ ਕਥਾਕਾਰਾਂ ਵਿੱਚ ਖ਼ਾਲਿਦ ਫ਼ਰਹਾਦ ਧਾਰੀਵਾਲ ਦਾ ਆਪਣੀ ਵਿਸ਼ੇਸ਼ ਨਾਂ ਥਾਂ ਹੈ। ਉਸਦੀ ਕਹਾਣੀ ਵਿੱਚ ਪਾਕਿਸਤਾਨੀ ਸਮਾਜ ਦੀਆਂ ਧਾਰਮਿਕ/ਜਮਾਤੀ/ਜਾਤੀ ਵਿਸੰਗਤੀਆਂ ਉੱਭਰਵੇਂ ਰੂਪ ਵਿੱਚ ਹਾਜ਼ਰ ਹੁੰਦੀਆਂ ਹਨ। ਦੋ ਕੌਮਾਂ ਦੀ ਥਿਊਰੀ 'ਤੇ ਬਣਿਆ ਪਾਕਿਸਤਾਨ ਮੁਲਕ ਦੇਸ਼ ਦੀ ਆਜ਼ਾਦੀ ਤੋਂ ਬਾਅਦ ਸਰਕਾਰਾਂ ਦੇ ਤਾਨਾਸ਼ਾਹੀ ਪ੍ਰਬੰਧ, ਕੱਟੜਪੰਥੀ ਆਗੂਆਂ ਅਤੇ ਅੱਤਵਾਦੀ ਗਤੀਵਿਧੀਆਂ ਦਾ ਕੇਂਦਰ ਬਣਦਾ ਗਿਆ ਜਿਸ ਕਰਕੇ ਦੁਨੀਆ ਦੀ ਪ੍ਰਾਚੀਨ ਸਭਿਅਤਾ ਦੇ ਜਨਮ ਸਥਾਨ ਵਾਲੇ ਇਸ ਖਿੱਤੇ ਦੇ ਵਸਨੀਕ ਅਨੇਕਾਂ ਚੁਣੌਤੀਆਂ ਵਿੱਚ ਰਹੇ ਹਨ। ਪਾਕਿਸਤਾਨ ਵਿੱਚ ਇਸਲਾਮਿਕ ਸੰਸਕ੍ਰਿਤੀ ਦਾ ਕੱਟੜ ਦਰਸ਼ਨ, ਸਾਮੰਤੀ ਰਹਿਤਲ, ਉਦਯੋਗਿਕ ਪਿਛੜਾਪਣ, ਮਾਰਸ਼ਲ ਲਾਅ, ਦਹਿਸ਼ਤਪਸੰਦ ਸਰਗਰਮੀਆਂ ਵਰਗੇ ਵਰਤਾਰੇ ਇੱਥੋਂ ਦੀ ਸਾਹਿਤਕਾਰੀ ਨੂੰ ਵਿਸ਼ੇਸ਼ ਮੁਹਾਵਰੇ ਦਿੰਦੇ ਰਹੇ ਹਨ। ਪਾਕਿਸਤਾਨੀ ਸਮਾਜ ਅਤੇ ਰਾਜਨੀਤੀ ਦੀ ਸੱਤਾ ਇਸਲਾਮ ਦੇ ਸੁੰਨੀ ਸੰਪਰਦਾਇ ਦੇ ਹੱਥ ਰਹੀ ਹੈ, ਜਿਸ ਦੇ ਚੱਲਦਿਆਂ ਪਾਕਿਸਤਾਨ ਵਿੱਚ ਘੱਟ ਗਿਣਤੀਆਂ, ਔਰਤਾਂ, ਸ਼ੀਆ ਅਤੇ ਅਹਿਮਦੀ ਭਾਈਚਾਰੇ ਦੀ ਹੋਂਦ ਸੰਕਟ ਭਰੀ ਰਹੀ ਹੈ।

ਖ਼ਾਲਿਦ ਫ਼ਰਹਾਦ ਧਾਰੀਵਾਲ ਦੀ ਕਹਾਣੀ 'ਖਾਲੀ ਬੰਦਾ' ਪਾਕਿਸਤਾਨ ਵਿੱਚ ਘੱਟ ਗਿਣਤੀ ਭਾਈਚਾਰੇ ਦੀ ਪਛਾਣ ਦੇ ਸੰਕਟ ਨਾਲ ਜੁੜੀ ਦਾਸਤਾਨ ਹੈ ਜਿਸਦਾ ਕਥਾ ਨਾਇਕ ਇਸਾਈ ਧਰਮ ਤੋਂ ਧਰਮ ਪਰਿਵਰਤਨ ਕਰਕੇ ਮੁਸਲਮਾਨ ਬਣਨ ਲਈ ਮਜ਼ਬੂਰ ਹੋ ਜਾਂਦਾ ਹੈ ਪਰ ਸਮਾਜਿਕ ਧਾਰਮਿਕ ਦਰਜੇਬੰਦੀਆਂ ਉਸਦੀ ਮਾਨਵੀ ਪਛਾਣ ਨੂੰ ਦਰਕਿਨਾਰ ਕਰਕੇ ਰੱਖ ਦਿੰਦੀਆਂ ਹਨ। ਸਿਤਮਜ਼ਰੀਫੀ ਇਹ ਹੁੰਦੀ ਹੈ ਕਿ ਕਥਾ ਨਾਇਕ ਮਾਨਸਿਕ ਟੁੱਟ ਭੱਜ ਅਤੇ ਮਨੋ ਦਵੰਦ ਦਾ ਸ਼ਿਕਾਰ ਹੋ ਕੇ ਪਾਗਲ ਹੋ ਜਾਂਦਾ ਹੈ। ਅਜਿਹਾ ਪਾਗਲ ਜੋ ਕਿ ਸਿਰਫ ਪਾਗਲ ਹੁੰਦਾ ਹੈ, ਜਿਸਦਾ ਕੋਈ ਧਰਮ, ਜਾਤ, ਮਜ਼ਹਬ ਜਾਂ ਹੋਰ ਸਮਾਜਿਕ ਪਛਾਣ ਨਹੀਂ ਹੁੰਦੀ। ਕਹਾਣੀ ਇਸੇ ਤਰ੍ਹਾਂ ਦੇ ਬੰਦੇ ਦੇ ਖਾਲੀਪਣ ਵੱਲ ਇਸ਼ਾਰਾ ਕਰਦੀ ਹੈ।

ਕਹਾਣੀ ਵਿੱਚ 'ਖਾਲੀ ਬੰਦਾ' ਹੋਣ ਦਾ ਸੰਕਲਪ ਸਮਾਜ ਵਿੱਚ ਕਿਸੇ ਧਾਰਮਿਕ ਧਿਰ ਤੋਂ ਬੇਪਛਾਣ ਹੋਣ ਦਾ ਹੀ ਪ੍ਰਤੀਨਿਧ ਹੈ ਜਿਹੜਾ ਕਿ ਜ਼ੋਜ਼ਫ ਤੋਂ ਯੂਸੁਫ਼ ਬਣੇ ਖੇਤ ਮਜ਼ਦੂਰ ਦੀ ਜ਼ਿੰਦਗੀ ਵਿੱਚ ਉਦੋਂ ਵਾਪਰਦਾ ਹੈ ਜਦੋਂ ਉਹ ਇਸਾਈ ਧਰਮ ਤੋਂ ਧਰਮ ਪਰਿਵਰਤਨ ਕਰਕੇ ਮੁਸਲਮਾਨ ਤਾਂ ਬਣ ਜਾਂਦਾ ਹੈ ਪਰ ਕਿਸੇ ਧਿਰ ਵਿੱਚ ਵੀ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਨਾ ਕਰਦਾ ਅੰਤ ਵਿੱਚ ਪਾਗਲ ਹੋ ਜਾਂਦਾ ਹੈ। ਪਾਗਲ ਹੋਣ ਦੀ ਇਹ ਪ੍ਰਕਿਰਿਆ ਕਹਾਣੀ ਵਿੱਚ ਸਹਿਜੇ ਸਹਿਜੇ ਵਾਪਰਦੀ ਹੈ ਜਿਸਨੂੰ ਪਾਕਿਸਤਾਨੀ ਸਮਾਜ ਵਿੱਚ ਘੱਟਗਿਣਤੀਆਂ ਦੀ 'ਤੁਪਕਾ-ਤੁਪਕਾ ਨਸਲਕੁਸ਼ੀ' ਕਹਿ ਸਕਦੇ ਹਾਂ। ਸਾਮੰਤੀ ਸਭਿਆਚਾਰ ਵਾਲੇ ਖਿੱਤਿਆਂ ਵਿੱਚ ਬਹੁਗਿਣਤੀ ਧਰਮ ਸੰਸਕ੍ਰਿਤੀ ਜਦੋਂ ਰਾਜਸੀ ਸੱਤਾ 'ਤੇ ਕਾਬਜ਼ ਹੋ ਜਾਂਦੀ ਹੈ ਤਾਂ ਘੱਟ ਗਿਣਤੀ ਭਾਈਚਾਰੇ ਦੀ ਸਥਿਤੀ ਬੇਗਾਨਗੀ ਭਰੀ ਹੋਣੀ ਸੁਭਾਵਿਕ ਹੈ। ਜਿਸਦਾ ਨਤੀਜਾ ਤਲਵਾਰ ਜਾਂ 'ਪਿਆਰ' ਨਾਲ ਕੀਤੇ ਜਾਂਦੇ ਧਰਮ ਪਰਿਵਰਤਨ ਵਿੱਚ

ਨਿਕਲਦਾ ਹੈ। ਇਤਿਹਾਸ ਇਸਦਾ ਗਵਾਹ ਰਿਹਾ ਹੈ। ਆਜ਼ਾਦੀ ਤੋਂ ਬਾਅਦ ਪਾਕਿਸਾਨੀ ਸਮਾਜ ਵਿੱਚ ਘੱਟ ਗਿਣਤੀਆਂ ਦੇ ਜ਼ਬਰੀ ਧਰਮ ਪਰਿਵਰਤਨ ਦੇ ਅਨੇਕਾਂ ਮਾਮਲੇ ਸਾਹਮਣੇ ਆਏ ਹਨ। ਧਾਰੀਵਾਲ ਆਪਣੀ ਇਸ ਕਹਾਣੀ ਵਿੱਚ ਜ਼ਬਰੀ ਧਰਮ ਪਰਿਵਰਤਨ ਦੀ ਥਾਂ ਬਿਨਾਂ ਕਿਸੇ ਲਾਲਚ, ਦਬਾਅ ਜਾਂ ਜ਼ਬਰਦਸਤੀ ਦੇ ਇਸਾਈ ਧਰਮ ਤੋਂ ਮੁਸਲਮਾਨ ਬਣਾਏ ਜਾਂਦੇ ਜ਼ੋਜ਼ਫ ਦੀ ਮਾਨਸਿਕਤਾ ਨੂੰ ਪੇਸ਼ ਕਰਦਾ ਹੈ ਪਰ ਇਸ 'ਸਹਿਜ' ਧਰਮ ਪਰਿਵਰਤਨ ਪਿੱਛੇ ਖੜ੍ਹੇ ਬਹੁਗਿਣਤੀ ਧਰਮ ਦੇ ਦਾਬੂ ਵਿਹਾਰ ਕਹਾਣੀ ਅੰਦਰ ਬੜੀ ਮਹੀਨਤਾ ਨਾਲ ਰੂਪਮਾਨ ਹੋਏ ਹਨ। ਇਸ ਵਿਹਾਰ ਅੰਦਰ ਦਬੇਲ ਧਿਰਾਂ ਦੀ ਹੋਣੀ ਬੇਪਛਾਣ ਰਹਿੰਦੀ ਹੈ। ਕਹਾਣੀਕਾਰ ਇਸ ਨੁਕਤੇ ਨੂੰ ਪਾਠਕਾਂ ਤੱਕ ਪੁੱਜਦਾ ਕਰਨ ਲਈ ਨਾ ਭਾਰੂ ਸੰਬੋਧਨੀ ਸੁਰ ਵਿੱਚ ਪੈਂਦਾ ਹੈ, ਨਾ ਸੂਚਨਾਮੁਖੀ ਬਿਰਤਾਂਤ 'ਤੇ ਟੇਕ ਰੱਖਦਾ ਹੈ ਅਤੇ ਨਾ ਪਾਤਰਾਂ ਦੀ ਗੱਲਬਾਤ ਵਿੱਚ ਆਪਣੀ ਗਲਪੀ ਦ੍ਰਿਸ਼ਟੀ ਨੂੰ ਬਿੰਨ ਕੇ ਰੱਖਣ ਦਾ ਰਵਾਇਤੀ ਰਚਨਾ-ਉੱਦਮ ਕਰਦਾ ਹੈ। ਲੇਖਕ ਧਰਮ ਪਰਿਵਰਤਨ ਕਰਵਾ ਰਹੀ ਮਨੁੱਖੀ ਸੁਰਤ ਅਤੇ ਇਸ ਪ੍ਰਕਿਰਿਆ ਦੁਆਰਾ ਇਕ ਫਿਰਕੇ ਤੋਂ 'ਟੁੱਟ' ਕੇ ਦੂਜੇ ਫਿਰਕੇ ਨਾਲ 'ਜੁੜ' ਰਹੀ ਦੂਜੀ ਸੁਰਤ ਨੂੰ ਸਿੱਧ-ਸਪਾਟ ਵੇਰਵਿਆਂ ਦੀ ਬੰਧਸ਼ ਤੋਂ ਵੀ ਮੁਕਤ ਰੱਖਦਾ ਹੈ। ਮਨੁੱਖੀ ਸੁਭਾਅ ਦੀਆਂ ਇਹ ਦੋਵੇਂ ਸੁਰਤਾਂ ਕਹਾਣੀ ਦੇ ਬਿਰਤਾਂਤ ਅੰਦਰ ਸਮਾਂਤਰ ਤੌਰ 'ਤੇ ਤੁਰਦੀਆਂ ਪਾਠਕਾਂ ਨੂੰ ਖੁਦ ਰਾਹ ਲੱਭਣ ਦੇ ਸਮਰੱਥ ਬਣਾ ਦਿੰਦੀਆਂ ਹਨ। ਕਹਾਣੀ ਅੰਦਰ ਪਾਕਿਸਤਾਨ ਦੇ ਸਾਮੰਤੀ ਵਾਤਾਵਰਣ ਦੀ ਯਥਾਰਥਕ ਪੇਸ਼ਕਾਰੀ, ਪਾਤਰਾਂ ਦੀ ਸਹਿਜ ਸੁਭਾਵਕ ਵਾਰਤਾਲਾਪ, ਪਿੱਛਲਝਾਤ ਜੁਗਤ, ਟਾਕਰਵੀਂ ਸੰਬੋਧਨੀ ਸ਼ੈਲੀ ਸਮੇਤ ਕਹਾਣੀ ਵਿੱਚ ਵਾਪਰਦੀਆਂ ਘਟਨਾਵਾਂ ਵਿੱਚੋਂ ਦਾਰਸ਼ਨਿਕ ਸੂਤਰ ਪੈਦਾ ਕਰਨ ਦੀ ਵਿਧੀ ਇਸ ਕਹਾਣੀ ਨੂੰ ਮਹੱਤਵਪੂਰਨ ਬਣਾ ਦਿੰਦੀ ਹੈ। ਇਸ ਲਹਿਜ਼ੇ ਦੁਆਰਾ ਧਾਰੀਵਾਲ ਨੇ ਇਸ ਕਹਾਣੀ ਨੂੰ ਰਵਾਇਤੀ ਪਾਕਿਸਤਾਨੀ ਕਹਾਣੀ ਵਿੱਚ ਵਰਤੇ ਜਾਂਦੇ ਪ੍ਰਤੀਕਾਂ ਅਤੇ ਅਮੂਰਤਵਾਦੀ ਮੁਹਾਵਰੇ ਦੀ ਵਾਧੂ ਵਰਤੋਂ ਤੋਂ ਵੀ ਦੂਰ ਰੱਖਿਆ ਹੈ। ਇਹ ਇਸ ਕਹਾਣੀ ਦੀ ਰਚਨਾ ਵਿਧੀ ਦੇ ਅਹਿਮ ਹਾਸਿਲ ਹਨ।

ਕਹਾਣੀ ਵਿੱਚ ਜ਼ੋਜ਼ਫ ਤੋਂ ਯੂਸਫ਼ ਬਣਦੇ ਖੇਤ ਮਜ਼ਦੂਰ ਦੀ ਦਾਸਤਾਨ ਇੰਨੀ ਮਹੀਨਤਾ ਨਾਲ ਪੇਸ਼ ਹੋਈ ਹੈ ਕਿ ਪਾਠਕ ਧਰਮ ਦੀ ਸੱਤਾ ਤੋਂ ਇਲਾਵਾ ਸੱਤਾ ਦੀਆਂ ਹੋਰ ਮਾਰੂ ਪਰਤਾਂ ਨੂੰ ਬਾਖੂਬੀ ਉਜਾਗਰ ਕਰ ਦਿੰਦਾ ਹੈ। ਸੱਤਾ ਦਾ ਇਹ ਬਹੁਪਰਤੀ ਰੂਪ ਇਸ ਕਹਾਣੀ ਅੰਦਰ ਵੀ ਹਾਜ਼ਰ ਹੈ। ਪਾਕਿਸਤਾਨ ਦੇ ਇਸਲਾਮੀ ਪਿਛੋਕੜ ਵਾਲੇ ਸਮਾਜ ਦੀ ਰਹਿਤਲ ਅੰਦਰ ਜਿੱਥੇ ਸਾਮੰਤਵਾਦੀ ਸੱਤਾ ਆਪਣੇ ਕਈ ਰੰਗਾਂ ਵਿੱਚ ਹਾਜ਼ਰ ਹੈ ਉੱਥੇ ਹੀ ਸਮਾਜ ਦੀ ਵਰਗੀ ਸਥਿਤੀ ਇਸਨੂੰ ਹੋਰ ਘਿਣਾਉਣੇ ਰੂਪ ਪ੍ਰਦਾਨ ਕਰਦੀ ਹੈ। ਪਾਕਿਸਤਾਨ ਦਾ ਖੇਤੀ ਪ੍ਰਬੰਧ ਮਸ਼ੀਨੀਕਰਨ ਦੇ ਬਾਵਜੂਦ ਸੇਪੀ ਸਿਸਟਮ ਵਾਲੀ ਪ੍ਰਥਾ ਵਿੱਚ ਵਿਚਰ ਰਿਹਾ ਹੈ। ਸੇਪੀ ਪ੍ਰਬੰਧ ਨੂੰ ਕਿਸਾਨਾਂ ਅਤੇ ਸੀਰੀਆਂ ਦੀ ਭਾਵੁਕ ਸਾਂਝ ਵਿੱਚ ਤਸੱਵਰ ਕੀਤਾ ਜਾਂਦਾ ਰਿਹਾ ਹੈ ਪਰ ਇਹ ਬੰਦੇ ਅੰਦਰ ਬੰਦੇ ਦੀ ਲੁੱਟ ਦਾ ਪ੍ਰਤੀਕ ਸਿਸਟਮ ਵੀ ਰਿਹਾ ਹੈ। ਕਹਾਣੀ ਵਿੱਚ ਜ਼ੋਜ਼ਫ ਜਵਾਨੀ ਵੇਲੇ ਤੋਂ ਹੀ ਪਿੱਪਲੀ ਵਾਲਿਆਂ ਦਾ ਸੇਪੀ ਚਲਿਆ ਆ ਰਿਹਾ ਹੈ ਜਿਹੜਾ ਮਿਹਨਤ, ਸਿਰੜ ਅਤੇ ਸਿਰ ਸੁੱਟ ਕੇ ਕੰਮ ਕਰਨ ਵਾਲੇ ਆਦਰਸ਼ਕ ਕਾਮੇ ਦਾ ਪ੍ਰਤੀਨਿਧ ਹੈ। ਖੇਤੀ ਦੇ ਜ਼ੋਰ ਮਾਰਵੇਂ ਕੰਮ ਵਿੱਚ ਕਿਸਾਨ ਅਤੇ ਸੀਰੀ ਦੀ ਸਾਂਝ ਪਸੀਨੇ ਭਰੀ



ਸਾਂਝੀ ਮੁਸ਼ੱਕਤ ਵਿਚ ਹੈ ਜਿਹੜੀ ਫੀਕੇ ਅਤੇ ਜ਼ੋਜ਼ਫ ਵਿੱਚ ਵੀ ਹੈ ਪਰ ਕੰਮੀ ਕਮੀਣਾਂ ਨਾਲ ਹੁੰਦੇ ਵਿਤਕਰੇ ਉਦੋਂ ਜ਼ਾਹਿਰ ਹੁੰਦੇ ਹਨ ਜਦੋਂ "ਭੱਤਾ ਲਿਆਈ ਫੀਕੇ ਦੀ ਘਰਵਾਲੀ ਤੌਣ ਤੋਂ ਹਟ ਕੇ ਬੈਠੇ ਜ਼ੋਜ਼ਫ ਨੂੰ ਸਾਲਨ ਰੋਟੀ 'ਤੇ ਈ ਰੱਖ ਕੇ ਵੱਟੀ ਉਸ ਦੇ ਹੱਥ ਫੜਾ ਦਿੰਦੀ ਤੇ ਫੀਕਾ ਲੱਸੀ ਵਾਲੀ ਵਲਟੋਹੀ ਨੂੰ ਮੂੰਹ ਲਾ ਕੇ ਪੀਣ ਮਗਰੋਂ ਬਾਕੀ ਬਚਦੀ ਹੋਈ ਲੱਸੀ ਨੂੰ ਜ਼ੋਜ਼ਫ ਦੇ ਹੱਥਾਂ ਨੂੰ ਜੋੜ ਕੇ ਬਣਾਏ ਹੋਏ ਪਿਆਲੇ ਵਿੱਚ ਉਲਟਾ ਦਿੰਦਾ।"[1]

ਇਹ ਪਿੰਡ ਦੀ ਜਗੀਰੂ ਸੰਸਕ੍ਰਿਤੀ ਦਾ ਸੁਭਾਵਕ ਵਰਤਾਰਾ ਹੈ ਜੋ ਕਿ ਕੰਮੀ ਕਮੀਣਾ ਦੇ ਹੱਡੀ ਰਚ ਗਿਆ ਹੈ। ਅਜਿਹੇ ਮੌਕੇ 'ਜ਼ਮੀਨ' ਵਿਹੂਣਾ ਜ਼ੋਜ਼ਫ ਆਪਣੇ ਹਿੱਸੇ ਦੀ ਜ਼ਮੀਨ ਦੀ ਤਲਾਸ਼ ਕਰਦਾ ਹੈ, ਇਹ ਤਲਾਸ਼ ਸਵੈ ਪਛਾਣ ਦੇ ਬੋਧ ਨਾਲ ਜੁੜੀ ਹੈ। ਉਹ ਆਪਣੀ ਵਰਤਮਾਨ ਹੋਣੀ ਦੇ ਇਤਿਹਾਸਕ ਪਿਛੋਕੜ ਨੂੰ ਸਮਝਣ ਅਤੇ ਸਮਝਾਉਣ ਦਾ ਉੱਦਮ ਕਰਦਾ ਹੈ। ਇਸ ਤਹਿਤ ਉਹ ਚੌਥੀ ਪੀੜੀ ਤੋਂ ਆਪਣੇ ਮੁਸਲਮਾਨ ਹੋਣ ਦਾ ਦਮ ਭਰਦਾ ਹੈ ਜਿਸਦੇ ਪੜਦਾਦੇ ਨੇ ਅੰਗਰੇਜ਼ਾਂ ਵੇਲੇ ਕਿਸੇ ਕਤਲ ਦੇ ਇਲਜ਼ਾਮ ਤੋਂ ਬਚਣ ਲਈ ਇਸਲਾਮ ਧਰਮ ਛੱਡ ਕੇ ਇਸਾਈ ਧਰਮ ਅਪਣਾ ਲਿਆ ਸੀ ਪਰ ਉਦੋਂ ਤੋਂ ਹੀ ਉਹ ਆਪਣੀ ਜੱਦੀ ਵਿਰਾਸਤ ਤੋਂ ਵਿਛੜ ਕੇ ਭੋਇ ਮਾਲਕਾਂ ਦੇ ਕੰਮੀ ਤੁਰੇ ਆ ਰਹੇ ਹਨ। ਪਰ "ਜ਼ੋਜ਼ਫ ਤੋਂ ਕਈ ਵਾਰ ਸੁਣੀ ਏਸ ਗੱਲ ਨੂੰ ਲੋਕਾਂ ਨੇ ਇਕ ਕਥਾ ਕਹਾਣੀ ਤੋਂ ਕਦੇ ਵੱਧ ਨਹੀਂ ਸੀ ਜਾਣਿਆ।"[2]

ਬਸਤੀਵਾਦੀ ਦੌਰ ਵਿੱਚ ਇਸਾਈ ਮਿਸ਼ਨਰੀਆਂ ਨੇ ਆਪਣੇ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਗੁਲਾਮ ਭਾਰਤ ਦੇ ਲੋਕਾਂ ਨੂੰ ਉਨ੍ਹਾਂ ਦੇ ਧਰਮ, ਸੰਸਕ੍ਰਿਤੀ ਅਤੇ ਰਵਾਇਤੀ ਰਹਿਤਲ ਤੋਂ ਤੋੜਨ ਦੇ ਅਨੇਕਾਂ ਯਤਨ ਕੀਤੇ। ਸੱਤਾਧੀਸ਼ ਵਰਗ ਵੱਲੋਂ ਲਾਲਚ, ਦਬਾਅ ਅਤੇ ਜ਼ਬਰ ਹਰ ਹੀਲੇ ਹਰਬੇ ਨਾਲ ਆਪਣੇ ਧਰਮ ਤੇ ਸੰਸਕ੍ਰਿਤੀ ਨੂੰ ਜਿਸ ਤਰ੍ਹਾਂ ਗੁਲਾਮ ਕੌਮ 'ਤੇ ਥੋਪਿਆ ਜਾਂਦਾ ਹੈ ਉਸਦਾ ਸੰਤਾਪ ਸਮਾਜਿਕ ਦਰਜਾਬੰਦੀ ਵਿੱਚ ਪਹਿਲਾਂ ਹੀ ਹਾਸ਼ੀਅਤ ਰਹਿੰਦੀ ਧਿਰ ਸਭ ਤੋਂ ਵੱਧ ਭੁਗਤਦੀ ਹੈ। ਮਸਲਨ ਭਾਰਤ ਵਿੱਚ ਆਦਿ ਵਾਸੀ ਕਬੀਲੇ, ਦਲਿਤ ਅਤੇ ਹੋਰ ਪਿਛੜੇ ਵਰਗ ਦੇ ਲੋਕ ਬਸਤੀਵਾਦੀ ਹਾਕਮਾਂ ਦੀਆਂ ਮਨੁੱਖ ਮਾਰੂ ਨੀਤੀਆਂ ਦੇ ਵਿਸ਼ੇਸ਼ ਤੌਰ 'ਤੇ ਸ਼ਿਕਾਰ ਰਹੇ ਹਨ ਜਦਕਿ ਇੱਥੋਂ ਦੇ ਮੂਲ ਜਾਗੀਰਦਾਰੀ ਪ੍ਰਬੰਧ ਵਿੱਚ ਇਨ੍ਹਾਂ ਦੀ ਹੋਣੀ ਪਹਿਲਾਂ ਹੀ ਮੌਨ ਕਰਾਈਆਂ ਧਿਰਾਂ ਵਜੋਂ ਰਜਿਸਟਰ ਰਹਿੰਦੀ ਹੈ। ਅੰਗਰੇਜ਼ਾਂ ਵੇਲੇ ਇਸਾਈ ਮਿਸ਼ਨਰੀਆਂ ਨੇ ਦਲਿਤਾਂ, ਘੱਟ ਗਿਣਤੀਆਂ ਅਤੇ ਹੋਰ ਹਾਸ਼ੀਅਤ ਵਰਗਾਂ ਨੂੰ ਇਸਾਈ ਧਰਮ ਵਿੱਚ ਸ਼ਾਮਿਲ ਕਰਨ ਦੇ ਹਰ ਹਥਕੰਡੇ ਵਰਤੇ ਪਰ ਇਨ੍ਹਾਂ ਇਸਾਈ ਬਣੇ ਲੋਕਾਂ ਦੀ ਅਗਲੀ ਪੀੜ੍ਹੀ ਆਜ਼ਾਦ ਹਿੰਦੋਸਤਾਨ ਵਿੱਚ ਨਵੇਂ ਕਿਸਮ ਦੀ ਫਿਰਕੂ ਦਰਜੇਬੰਦੀ ਵਿੱਚ ਆ ਖੜ੍ਹੀ ਹੋਈ। ਪਾਕਿਸਤਾਨ ਬਣਨ 'ਤੇ ਦੇਸ਼ ਅੰਦਰ ਕੱਟੜਪੰਥੀ ਲੋਕਾਂ ਦੇ ਦਬਦਬੇ ਨਾਲ ਇਹ ਘੱਟ ਗਿਣਤੀਆਂ ਹੋਰ ਸੰਕਟਾਂ ਵਿੱਚ ਘਿਰ ਗਈਆਂ ਅਤੇ ਨਸਲਕੁਸ਼ੀ ਦੇ ਨਵੇਂ ਕਾਂਡ ਲਿਖੇ ਜਾਣ ਲੱਗੇ। ਇਸ ਪ੍ਰਸੰਗ ਵਿੱਚ ਬਸਤੀਵਾਦੀ ਦੌਰ ਵਿੱਚ ਇਸਾਈ ਧਰਮ ਵਾਲੀ ਰਾਜਸੀ ਸੱਤਾ ਅੰਦਰ ਮੁਸਲਮਾਨ ਤੋਂ ਇਸਾਈ ਬਣੇ ਜ਼ੋਜ਼ਫ ਦੇ ਪੜਦਾਦਾ ਨੂੰ ਆਪਣੇ ਹਿਤ ਵੱਧ ਸੁਰੱਖਿਅਤ ਮਹਿਸੂਸ ਹੋਏ ਪਰ ਦੇਸ਼ ਦੀ ਵੰਡ ਤੋਂ ਬਾਅਦ ਇਸਲਾਮੀ ਮੁਲਕ ਪਾਕਿਸਤਾਨ ਵਿੱਚ ਜ਼ੋਜ਼ਫ ਦਾ ਈਸਾਈ ਹੋਣਾ ਸਰਾਪ ਬਣ ਗਿਆ। ਜਿਸ ਤਰ੍ਹਾਂ ਉਸਦਾ ਪੜਦਾਦੇ ਅੰਗਰੇਜ਼ਾਂ ਵੇਲੇ ਮੁਸਲਮਾਨ ਤੋਂ ਇਸਾਈ ਬਣ ਕੇ ਕਤਲ ਦੀ ਫਾਂਸੀ ਤੋਂ ਬਚ ਗਿਆ ਸੀ ਅੱਜ ਉਸੇ ਤਰ੍ਹਾਂ ਇਸਾਈ ਤੋਂ ਮੁਸਲਮਾਨ ਬਣ ਰਹੇ

ਦਾਦੇ ਦਾ ਪੋਤਾ ਇਸਲਾਮੀ ਸਮਾਜ ਦੇ ਗੈਰ ਧਰਮ ਦੇ ਲੋਕਾਂ ਪ੍ਰਤੀ ਤ੍ਰਿਸਕਾਰ ਤੋਂ ਪਾਰ ਜਾਣ ਦੇ ਭਰਮ ਵਿੱਚੋਂ ਲੰਘ ਰਿਹਾ ਸੀ। ਹੁਣ

"ਉਹ ਲੋਕ ਜਿਹਨਾਂ ਇਕ ਉਮਰ ਜ਼ੋਜ਼ਫ ਨੂੰ ਆਪਣੇ ਨੇੜੇ ਨਹੀਂ ਸੀ ਢੁੱਕਣ ਦਿੱਤਾ ਹੁਣ ਉਸ ਨੂੰ ਗਲਵੱਕੜੀ ਪਾ ਪਾ ਕੇ ਮਿਲਦੇ ਸਨ। ਹਰ ਕਿਸੇ ਵਿਚ ਉਸ ਲਈ ਭਰੱਪਣ ਤੇ ਅਪਨੀਅਤ ਸੀ। ਉਹੀ ਲੋਕ ਜਿਹਨਾਂ ਸਦਾ ਉਸ ਨੂੰ ਤੋਨ ਤੋਂ ਇੱਕ ਵਿੱਥ ਤੇ ਰੱਖਿਆ ਸੀ। ਜ਼ੋਜ਼ਫ ਲਈ ਇਹ ਸਭ ਕੁਝ ਨਵਾਂ ਸੀ ਤੇ ਹੈਰਾਨੀ ਭਰਿਆ ਵੀ।"[3]

ਅਜਿਹਾ ਵਰਤਾਰਾ ਰਾਜਸੀ ਸੱਤਾ 'ਤੇ ਕਾਬਜ਼ ਬਹੁਗਿਣਤੀ ਧਰਮ ਵੱਲੋਂ ਘੱਟ ਗਿਣਤੀ ਅਵਾਮ ਨਾਲ ਕੀਤੇ ਜਾਂਦੇ 'ਪਿਆਰ ਭਰੇ ਧੱਕੇ' ਤਹਿਤ ਵਾਪਰਦਾ ਹੈ। ਅਜਿਹੇ ਨਿਜ਼ਾਮ ਵਿੱਚ ਜਿੱਥੇ ਮੂਲਵਾਦੀ ਸਿਧਾਂਤਾਂ ਨੂੰ ਸਰਕਾਰੀ ਦਰਜਾ ਵੀ ਮਿਲ ਜਾਂਦਾ ਹੈ ਉੱਥੇ ਲੋਕਤੰਤਰ, ਕਾਨੂੰਨ ਵਿਵਸਥਾ ਅਤੇ ਹੋਰ ਜਮਹੂਰੀ ਸੰਸਥਾਵਾਂ ਵੀ ਧਾਰਮਿਕ ਤੁਅੱਸਬੀਪੁਣੇ ਦੀ ਢਾਹ ਚੜ੍ਹ ਜਾਂਦੀਆਂ ਹਨ। ਆਜ਼ਾਦੀ ਤੋਂ ਬਾਅਦ ਪਾਕਿਸਤਾਨ ਵਰਗੇ ਦੇਸ਼ ਵਿੱਚ ਕੱਟੜਪੰਥੀਆਂ ਦਾ ਸਰਕਾਰ 'ਤੇ ਹਾਵੀ ਹੋਣਾ ਇਸੇ ਕੜੀ ਦਾ ਨਤੀਜਾ ਹੈ। ਇਸੇ ਲਈ ਉਹੀ ਧਰਤੀ ਉਹੀ ਲੋਕ ਹੋਣ ਦੇ ਬਾਵਜੂਦ ਜ਼ੋਜ਼ਫ ਦੀਆਂ ਤਿੰਨ ਪੀੜੀਆਂ ਆਪਣੀ ਪਛਾਣ ਦੇ ਸੰਕਟ ਨਾਲ ਜੂਝਦੀਆਂ ਹਨ। ਲੇਖਕ ਕਹਾਣੀ ਦੇ ਬਿਰਤਾਂਤ ਵਿੱਚ ਧਰਮ ਪਰਿਵਰਤਨ ਕਰਕੇ ਮਸੀਤ ਤੋਂ ਬਾਹਰ ਨਿਕਲੇ ਜ਼ੋਜ਼ਫ ਤੋਂ ਯੂਸਫ ਬਣੇ ਬੰਦੇ ਨੂੰ ਪੇਸ਼ ਕਰਦਾ ਹੈ। ਧਰਮ ਪਰਿਵਰਤਨ ਦੇ ਨਾਅਰਿਆਂ ਵਿੱਚ ਜ਼ੋਜ਼ਫ ਦਾ ਦਫਨ ਹੋਣਾ ਅਤੇ ਯੂਸਫ ਦਾ ਪੈਦਾ ਹੋਣਾ ਉਸਦੇ ਲਈ ਬੇਹੱਦ ਤਣਾਅ ਅਤੇ ਬੇਗਾਨਗੀ ਭਰਿਆ ਹੈ। ਉਸਨੂੰ ਸਮਝ ਨਾ ਲੱਗਦਾ ਕਿ ਹੁਣ ਉਸਦੀ ਸਾਂਝ ਕਿਵੇ ਹਜ਼ਰਤ ਅਲੀ, ਅਬੂ ਹਨੀਫਾ ਅਤੇ ਬਗਦਾਦ ਵਾਲੇ ਪੀਰ ਨਾਲ ਹੋ ਗਈ । ਇਨ੍ਹਾਂ ਅਜੀਬ ਅਹਿਸਾਸਾਂ ਵਿੱਚ ਹੀ ਇਸ ਕਹਾਣੀ ਦਾ ਸਾਰਾ ਦਰਸ਼ਨ ਲੁਕਿਆ ਹੈ। ਬੰਦੇ ਦੀ ਮੁੱਢਲੀ ਬੰਦਿਆਈ ਨੂੰ ਤਿਲਾਂਜ਼ਲੀ ਦੇ ਕੇ ਉਸਦੀ ਪਛਾਣ ਧਰਮ ਦੇ ਚੋਲੇ ਨਾਲ ਕੀਤੀ ਜਾਂਦੀ ਹੈ ਜਦੋਂ ਕਿ 'ਧਰਮ' ਬੰਦੇ ਦਾ ਨਾ ਕੁੱਝ 'ਸਵਾਰ' ਸਕਦਾ ਹੈ ਅਤੇ ਨਾ 'ਵਿਗਾੜ' ਸਕਦਾ ਹੈ। ਜ਼ੋਜ਼ਫ ਇਕ ਬੰਦਾ ਹੈ, ਸਿਰਫ ਇਕ ਇਨਸਾਨ, ਹੱਡ ਮਾਸ ਦਾ ਪੁਤਲਾ ਪਰ ਉਸਨੂੰ ਇਕ ਬੰਦੇ ਦੀ ਥਾਂ ਇਸਾਈ ਜਾਂ ਮੁਸਲਮਾਨ ਦੇ ਲਕਬ ਨਾਲ ਪਛਾਣ ਮਿਲਣੀ ਉਸਨੂੰ ਪਾਗਲ ਕਰ ਦਿੰਦੀ ਹੈ। ਧਰਮ ਪਰਿਵਰਤਨ ਨੂੰ ਸਹਿਜ ਸੁਭਾਵਕ ਗ੍ਰਹਿਣ ਕਰਦਾ ਉਹ ਜਿੱਥੇ ਆਪਣੇ ਮੂਲ ਇਸਾਈ ਭਾਈਚਾਰੇ ਤੋਂ ਟੁੱਟਦਾ ਹੈ, ਪਤਨੀ ਜੇਨੀ ਅਤੇ ਬੱਚਿਆਂ ਵਾਲੇ ਘਰ ਤੋਂ ਵਿਛੁੰਨਿਆ ਜਾਂਦਾ ਹੈ ਉੱਥੇ ਹੀ ਆਪਣੀ ਪਛਾਣ ਦੇ ਸੰਕਟ ਵਿੱਚ ਘਿਰਿਆ ਮਾਨਸਿਕ ਤੌਰ 'ਤੇ ਢਹਿ ਢੇਰੀ ਹੋ ਜਾਂਦਾ ਹੈ। ਉਸਦੀ ਸੁਰਤ ਦਾ ਮਾਨਵਵਾਦੀ ਪਾਸਾ ਬੋਲਦਾ ਹੈ–

' ਮੇਰਾ ਕੁਝ ਵੀ ਤੇ ਨਹੀਂ ਬਦਲਿਆਂ।'

' ਉਹੀ ਪਹਿਲਾਂ ਵਰਗਾ ਬੰਦਾ ਹਾਂ।'

' ਉੱਤੋਂ ਤਾਂ ਕੁਝ ਵੀ ਨਹੀਂ ਨਜ਼ਰੀਦਾ ਕਿਸੇ ਦਾ।'

' ਬੰਦਾ ਤਾਂ ਬਸ ਬੰਦਾ ਈ ਹੁੰਦਾ ਏ।'[4]

ਸਮਾਜ ਅੰਦਰ ਮਨੁੱਖ ਦੀ ਮੁੱਢਲੀ ਪਛਾਣ ਧਰਮ ਅਤੇ ਖਿੱਤਿਆਂ ਦੀ ਵੰਡ ਨਾਲ ਜੋੜ ਕੇ ਦੇਖੀ ਜਾਂਦੀ ਹੈ। ਧਰਤੀ ਦੀ ਵੰਡ ਦੇ ਨਾਲ ਨਾਲ ਬੰਦੇ ਦੀ ਧਾਰਮਿਕ ਖਾਨਿਆਂ



ਵਿੱਚ ਰੱਖੀ ਹੋਂਦ ਉਸ ਧਰਮ ਪ੍ਰਤੀ ਪੂਰਵ ਨਿਸ਼ਚਿਤ ਧਾਰਨਾਵਾਂ ਦੇ ਚੌਖਟੇ ਵਿੱਚੋਂ ਹੀ ਦੇਖੀ ਜਾਂਦੀ ਹੈ ਜ਼ੋਜ਼ਫ ਇਸ ਵੰਡ ਤੋਂ ਪਾਰ ਜਾਣ ਦਾ ਯਤਨ ਕਰਦਾ ਕਰਦਾ ਗੁੰਮਨਾਮ ਅਤੇ ਬੇਗਾਨਗੀ ਭਰਿਆ ਹੋ ਜਾਂਦਾ ਹੈ–

"ਪਰ ਕੁਝ ਬੰਦੇ ਇਸਾਈ ਹੁੰਦੇ ਨੇ, ਕੁਝ ਹਿੰਦੂ, ਮੁਸਲਮਾਨ,ਸਿਖ ਤੇ ਯਹੂਦੀ। ਜ਼ੋਜ਼ਫ ਬੰਦੇ ਦੀ ਏਸ ਵੰਡ ਨੂੰ ਭੁੱਲ ਜਾਂਦਾ ਤੇ ਲੋਕ ਦੇ ਮਿਲਣ–ਵਰਤਣ ਤੇ ਵਿਹਾਰ–ਵਰਤਾਰੇ ਦੀ ਵਜ੍ਹਾ ਜਾਣਨ ਦਾ ਜਤਨ ਕਰਦਾ। ਉਹ ਕਿਧਰੇ ਨਾ ਕਿਧਰੇ ਸੋਚ ਦੀ ਸੂਈ ਅਟਕਾ ਕੇ ਬੈਠ ਜਾਂਦਾ।"[5]

ਧਾਰੀਵਾਲ ਦੇ ਇਸ ਕਥਾ ਬਿਰਤਾਂਤ ਵਿੱਚ ਧਰਮ ਪਰਿਵਰਤਨ ਤੋਂ ਬਾਅਦ ਜ਼ੋਜ਼ਫ ਦੀ ਸੋਚ ਦੀ ਸੂਈ ਅਨੇਕਾਂ ਥਾਵਾਂ 'ਤੇ ਅੜਦੀ ਹੈ। ਸੋਚ ਦਾ ਅੜ ਜਾਣਾ ਮਨੁੱਖੀ ਸੁਰਤ ਵਿੱਚ 'ਕਿਉਂ' ਅਤੇ 'ਕਿਵੇਂ' ਦੀ ਪੈਦਾਇਸ਼ ਨਾਲ ਜੁੜਦਾ ਹੈ। ਧਰਮ ਪਰਿਵਰਤਨ ਤੋਂ ਬਾਅਦ ਉਹ ਨਾ ਆਪਣੇ ਪੁਰਾਣੇ 'ਧਰਮ' ਤੋਂ ਟੁੱਟਦਾ ਹੈ ਤੇ ਨਾ ਕਿਸੇ ਨਵੇਂ ਨਾਲ ਜੁੜਦਾ ਹੈ। ਕਹਾਣੀ ਵਿੱਚ ਜ਼ੋਜ਼ਫ ਦਾ ਅਸਲ ਧਰਮ ਆਪਣੇ ਕੰਮ ਪ੍ਰਤਿ ਨਿਸ਼ਠਾਵਾਨ ਅਤੇ ਇਮਾਨਦਾਰ ਰਹਿਣਾ ਹੈ, ਪਤਨੀ ਅਤੇ ਬੱਚਿਆਂ ਦਾ ਸਹੀ ਢੰਗ ਨਾਲ ਪਾਲਣ ਪੋਸ਼ਣ ਕਰਨਾ ਅਤੇ ਲੋੜਵੰਦਾਂ ਦੀ ਮਦਦ ਕਰਦਿਆਂ ਕੁਦਰਤ ਦਾ ਸ਼ੁਕਰ ਅਦਾ ਕਰਨਾ ਹੈ ਪਰ ਇਹ ਪਛਾਣ ਧਰਮਾਂ ਦੇ ਸੰਸਥਾਗਤ ਦਾਇਰੇ ਤੋਂ ਬਾਹਰ ਦਾ ਵਿਸ਼ਾ ਹੈ। ਇਸੇ ਕਰਕੇ ਇਸਾਈ ਧਰਮ ਛੱਡਣ 'ਤੇ ਇਸਾਈ ਠੱਠੀ ਦੇ ਲੋਕ ਉਸਨੂੰ ਨਫ਼ਰਤ ਕਰਦੇ ਹਨ, ਤ੍ਰਿਸਕਾਰਦੇ ਹਨ ਜਦਕਿ ਮੁਸਲਮਾਨ ਲੋਕ ਉਸ ਦਾ ਨਾਤਾ ਲੱਖ ਪੈਗੰਬਰਾਂ ਨਾਲ ਜੋੜਦੇ ਸਨ। ਉਸਦੀ ਸੋਚ ਦੀ ਸੂਈ ਇਕ ਦਵੰਦ ਵਿੱਚ ਫਸੀ ਰਹਿੰਦੀ ਹੈ, ਇਹ ਦਵੰਦ ਉਸਨੂੰ ਧਰਮਾਂ, ਖਿੱਤਿਆਂ ਅਤੇ ਵਰਗਾਂ ਦੀ ਘੇਰਾਬੰਦੀ ਵਿੱਚ ਉਲਝਣ ਲਈ ਮਜ਼ਬੂਰ ਕਰਦਾ ਹੈ। ਉਹ ਮਨੁੱਖ ਅਤੇ ਮਨੁੱਖਤਾ ਦਾ ਤਲਾਸ਼ ਕਰਦਾ ਹੈ ਪਰ ਉਸ ਦੁਆਲੇ ਘੇਰਾ ਘੱਤੀ ਬੈਠੇ ਲੋਕ ਉਸਨੂੰ ਮਨੁੱਖ ਦੀ ਥਾਂ ਇਕ ਧਾਰਮਿਕ ਬੰਦੇ ਦੀ ਪਛਾਣ ਦਾ ਲਕਬ ਦਿੰਦੇ ਹਨ–

"ਅਜਿਹਾ ਸੋਚਦੇ ਹੋਏ ਉਹਨੂੰ ਆਪਣੇ ਈਮਾਨ ਦਾ ਰੁੱਖ ਡੋਲਦਾ ਮਹਿਸੂਸ ਹੁੰਦਾ, ਜਿਸ ਦੀਆਂ ਜੜ੍ਹਾਂ ਅਜੇ ਪਾਤਾਲ ਵਿੱਚ ਨਹੀਂ ਸਨ ਖੁੱਭੀਆਂ।"[6]

ਧਰਮ ਦੀ ਮਾਰੂ ਸੱਤਾ ਵੱਲੋਂ ਜ਼ੋਜ਼ਫ ਨੂੰ ਦਿੱਤੀ ਜਾਂਦੀ ਜ਼ਬਰੀ ਪਛਾਣ ਉਸਦੇ ਪਰਿਵਾਰ ਨੂੰ ਖੇਰੂ ਖੇਰੂ ਕਰ ਦਿੰਦੀ ਹੈ। ਇਸਾਈ ਅਤੇ ਇਸਲਾਮ ਦੇ 'ਮੋਹਤਬਰ' ਜ਼ੋਜ਼ਫ, ਉਸਦੀ ਪਤਨੀ ਜ਼ੇਨੀ ਅਤੇ ਚਾਰ ਬੱਚਿਆਂ ਦੀ ਤਕਦੀਰ ਦਾ ਫੈਸਲਾ ਕਰਦੇ ਹਨ। ਦੋਹਾਂ ਦੇ ਤਲਾਕ ਤੋਂ ਬਾਅਦ ਬੱਚਿਆਂ ਨੂੰ ਵੀ ਵਸਤਾਂ ਵਾਂਗ ਵੰਡ ਕੇ ਦੋਹਾਂ ਧਰਮਾਂ ਦੀ ਬਰਾਬਰ ਗਿਣਤੀ ਵਧਾਉਣ ਵਜੋਂ ਵਰਤਿਆ ਜਾਂਦਾ ਹੈ। ਜ਼ੋਜ਼ਫ ਦੇ ਆਪੇ ਦੀ ਟੁੱਟ ਭੱਜ ਤੋਂ ਬਾਅਦ ਪਰਿਵਾਰ 'ਤੇ ਵਾਪਰਦਾ ਇਹ ਕਹਿਰ ਕਹਾਣੀ ਨੂੰ ਹੋਰ ਸੰਵੇਦਨਸ਼ੀਲ ਬਣਾ ਦਿੰਦਾ ਹੈ। ਇਸ ਪ੍ਰਸੰਗ ਵਿੱਚ ਜੇਨੀ ਅਤੇ ਜ਼ੋਜ਼ਫ ਦਾ ਸੰਵਾਦ ਮਾਰਮਿਕ ਢੰਗ ਨਾਲ ਪੇਸ਼ ਹੋਇਆ ਹੈ–

" ਮੇਰਾ ਕੁਝ ਵੀ ਨਹੀਂ ਬਦਲਿਆ। ਵੇਖ ਮੈਂ ਉਹੀ ਬੰਦਾ ਹਾਂ, ਜੇਨੀ ਮੇਰੇ ਦਿਲ ਵਿਚ ਅੱਜ ਵੀ ਤੇਰੇ ਲਈ ਉਨਾ ਹੀ ਮੋਹ ਹੈ ਜਿਤਨਾ ਪਹਿਲੇ ਸੀ।"[7]

ਕਹਾਣੀ ਵਿੱਚ ਜੇਨੀ ਦੀ ਪੁਜੀਸ਼ਨ ਜਿੱਥੇ ਮਰਦਾਵੇਂ ਸਮਾਜ ਵਿੱਚ ਪੇਕਾ ਪਰਿਵਾਰ ਦੀ ਪਿਆਰ ਭਰੀ ਦਹਿਸ਼ਤ ਵਿੱਚ ਖੌਫਜ਼ਦਾ ਹੈ ਉੱਥੇ ਹੀ ਉਹ ਜ਼ੋਜ਼ਫ ਨੂੰ ਆਪਣੇ ਧਰਮ ਦੇ

ਚੌਖਟੇ ਵਿੱਚੋਂ ਹੀ ਪਛਾਨਣ 'ਤੇ ਬਜ਼ਿਦ ਹੈ। ਜੇਨੀ ਪੁਰਸ਼ ਪ੍ਰਧਾਨ ਵਿਵਸਥਾ ਵਿੱਚ ਨਾਰੀ ਦੀ ਦੂਜੈਲੀ ਹੋਂਦ ਦੀ ਪ੍ਰਤੀਨਿਧ ਹੈ। ਉਸਨੂੰ ਧਰਮ ਅਤੇ ਮਰਦ ਦੀ ਸੱਤਾ ਦਾ ਦੋਹਰਾ ਦਮਨ ਝੱਲਣਾ ਪੈਂਦਾ ਹੈ। ਉਹ ਆਪੇ ਮਾਪਿਆਂ, ਇਸਾਈ ਠੱਠੀ ਵਾਲੇ ਮਿਸ਼ਨਰੀਆਂ ਅਤੇ ਉੱਥੋਂ ਦੇ ਚਰਚ ਦੇ ਪਾਦਰੀ ਦੇ ਹੁਕਮਾਂ ਦੀ ਬੱਧੀ ਹੈ। ਇੱਥੇ ਕਹਾਣੀ ਵਿੱਚ ਜ਼ੋਜ਼ਫ ਦੀ ਪਤਨੀ ਜੇਨੀ ਨੂੰ ਉਸਦੇ ਮਾਪੇ ਕੁੱਝ 'ਪੁੱਛਦੇ' ਨਹੀਂ, 'ਸੁਣਦੇ' ਨਹੀਂ, 'ਦੱਸਦੇ' ਨਹੀਂ, ਸਗੋਂ ਆਦੇਸ਼ ਵਿੱਚ 'ਕਹਿੰਦੇ' ਹਨ–

"ਤੂੰ ਘਰਵਾਲੀ ਐਂ ਉਹਦੀ। ਜ਼ੋਜ਼ਫ ਨੂੰ ਸਮਝਾਈਂ ਸ਼ਾਇਦ ਪਰਤ ਆਏ, ਨਹੀਂ ਤਾਂ ਜੋ ਫੈਸਲਾ ਉੱਥੋਂ ਦਾ ਚਰਚ ਕਰੇ ਉਸ ਤੇ ਅਮਲ ਕਰਨਾ ਹੋਏਗਾ। ਖ਼ਬਰਦਾਰ! ਜ਼ੋਜ਼ਫ ਦੀਆਂ ਗੱਲਾਂ ਵਿਚ ਨਾ ਆ ਜਾਈਂ ਕਿਧਰੇ। ਉਹ ਤਾਂ ਬੇਗਾਨਾ ਸੀ, ਤੂੰ ਤੇ ਖ਼ੂਨ ਐ ਸਾਡਾ। ਅਸੀਂ ਤੇਰੇ ਬਦਲਣ ਦੀ ਆਸ ਨਹੀਂ ਕਰ ਸਕਦੇ। ਜਾ ਧੀਏ ਖ਼ੁਦਾਵੰਦ ਤੇਰਾ ਚੌਪਾਨ ਹੈ।"[8]

ਪੁਰਸ਼ ਪ੍ਰਧਾਨ ਸਮਾਜਿਕ ਬਣਤਰਾਂ ਵਿੱਚ ਔਰਤ ਦਾ ਔਰਤ ਹੋਣਾ ਪਹਿਲਾ ਅਤੇ ਕਿਸੇ ਦੀ ਪਤਨੀ ਹੋਣਾ ਦੂਜਾ ਸੰਤਾਪ ਹੈ ਜਿਵੇਂ ਇਸ ਕਹਾਣੀ ਵਿੱਚ। ਲੇਖਕ ਮਰਦਾਵੇਂ ਪ੍ਰਬੰਧ ਦੀ ਧਾਰਮਿਕ ਅਤੇ ਸਭਿਆਚਾਰਕ ਸੱਤਾ ਵੱਲੋਂ ਔਰਤ ਨੂੰ ਦਿੱਤੇ ਆਦੇਸ਼ਾਂ ਦੀ ਭਾਸ਼ਾ ਵਿੱਚ ਇਸੇ ਸੰਤਾਪ ਦਾ ਪ੍ਰਗਟਾਵਾ ਕਰਦਾ ਹੈ। ਜਿਸ ਤਹਿਤ ਮਰਦ ਜ਼ੋਜ਼ਫ ਨੂੰ 'ਸਮਝਾਉਣ' ਦਾ ਫਰਜ਼ ਪਤਨੀ ਨੂੰ ਦਿੱਤਾ ਜਾਂਦਾ ਹੈ ਪਰ ਕੋਈ ਉੱਨੀ ਇੱਕੀ ਹੋਣ 'ਤੇ ਚਰਚ ਦਾ ਫੈਸਲਾ ਹੀ ਅੰਤਿਮ ਮੰਨਣ ਦੀ ਹਦਾਇਤ ਵੀ ਹੈ। ਤੀਜੀ ਹਦਾਇਤ ਜ਼ੋਜ਼ਫ ਦੀਆਂ ਗੱਲਾਂ ਨਾ ਮੰਨਣ ਦੀ ਹੈ ਜਿਸ ਪਿੱਛੇ ਤਰਕ ਪਤੀ ਦੇ ਬੇਗਾਨਾ ਪੁਰਸ਼ ਹੋਣ ਅਤੇ ਪੇਕਾ ਘਰ ਦੇ ਆਪਣੇ ਖ਼ੂਨ ਦੇ ਰਿਸ਼ਤੇ ਹੋਣ ਦਾ ਦੱਸਿਆ ਜਾਂਦਾ ਹੈ। ਬਿਰਤਾਂਤ ਦੀ ਇਸ ਭਾਸ਼ਾ ਵਿੱਚ ਪੂਰੇ ਅਖ਼ਤਿਆਰ ਮਰਦਾਵੀਂ ਪਿਤਰਕੀ ਕੋਲ ਹਨ, ਇਹ ਪਿਤਰਕੀ ਔਰਤ ਨੂੰ ਉਸਦੇ ਸਾਲਮ ਵਜ਼ੂਦ ਵਜੋਂ ਬਰਦਾਸ਼ਤ ਨਹੀਂ ਕਰਦੀ ਸਗੋਂ 'ਆਦੇਸ਼ਾਂ' ਭਰੀ ਭਾਸ਼ਾ ਤਹਿਤ ਉਸਦੇ ਆਪਣੇ 'ਧਰਮ' ਵਿੱਚ ਪੱਕੇ ਰਹਿਣ ਦੀ ਧੌਂਸਮੂਲਕ ਮੰਗ ਕਰਦੀ ਹੈ। ਇਸੇ ਵਹਿਣ ਵਿੱਚ ਜੇਨੀ ਜ਼ੋਜ਼ਫ ਨਾਲ ਭਾਵੁਕ ਅਤੇ ਸੰਕੋਚਵੀਂ ਵਾਰਤਾਲਾਪ ਕਰਦੀ ਆਖਿਰ ਇਹ ਵਾਕ ਕਹਿਣ ਉਠਦੀ ਹੈ–

" ਮੈਂ ਜ਼ੋਜ਼ਫ ਦੀ ਜਾਣੂੰ ਹਾਂ, ਯੂਸਫ ਦੀ ਨਹੀਂ।" ਤੇ ਫਿਰ ਉਹ ਹਨੇਰੇ ਵਿੱਚ ਗੁੰਮ ਹੋ ਗਈ। ਇਹ ਵਾਕ ਜੇਨੀ ਨੂੰ ਹਨੇਰੇ ਵੱਲ ਜਾਣ ਲਈ ਮਜ਼ਬੂਰ ਕਰ ਦਿੰਦਾ ਹੈ।[9]

ਇਹ ਹਨੇਰਾ ਮਰਦ ਦੀ ਪਿੱਤਰ ਸੱਤਾ ਦਾ ਹਨੇਰਾ ਹੈ ਜਿੱਥੇ ਬੰਦੇ ਦੀ ਪਛਾਣ ਧਰਮ ਤੋਂ ਅਤੇ ਔਰਤ ਦੀ ਪਛਾਣ ਬੰਦੇ ਤੋਂ ਕੀਤੀ ਜਾਂਦੀ ਹੈ। ਔਰਤ ਦੇ ਇਸ ਦੂਹਰੇ ਤੀਹਰੇ ਦੁਖਾਂਤ ਦੇ ਹੋਰ ਵਸਤੂ ਵੇਰਵੇ ਵੀ ਨਸ਼ਰ ਹੋਏ ਹਨ ਜਿਵੇਂ ਮਜ਼ਹਬ ਬਦਲਣ ਤੋਂ ਬਾਅਦ ਉਸਦੀ ਬੀਵੀ ਅਤੇ ਬੱਚਿਆਂ ਦੇ ਭਵਿੱਖ ਬਾਰੇ ਸਭ ਮਜਹਬੀ ਆਗੂ ਚੁੱਪ ਹਨ। ਕਹਾਣੀ ਵਿੱਚ ਮੌਲਵੀ ਜਦੋਂ ਜ਼ੋਜ਼ਫ ਤੋਂ ਮਜ਼ਹਬ ਬਦਲਣ ਦੀ ਮੂਕ 'ਸਹਿਮਤੀ' ਲੈਂਦਾ ਹੈ ਤਾਂ ਆਖਿਰ ਵਿੱਚ ਕਹਿੰਦਾ ਹੈ–

" ਮਜ਼ਹਬ ਬਦਲਣ ਪਿੱਛੋਂ ਤੈਨੂੰ ਔਕੜਾਂ ਵੀ ਪੇਸ਼ ਆ ਸਕਦੀਆਂ ਨੇ, ਜਰੇਂਗਾ ?

'ਹਾਂ।'

ਤੇ ਤੇਰੇ ਬੀਵੀ ਬੱਚੇ ?



ਤਕਬੀਰ ਦੇ ਨਾਅਰੇ ਨੇ ਮਸੀਤ ਵਿੱਚ ਘੁੰਮਕਾਰ ਪਾ ਦਿੱਤੀ ਸੀ ਤੇ ਬੀਵੀ ਬੱਚਿਆਂ ਬਾਰੇ ਪੁੱਛਿਆ ਸਵਾਲ ਨਾਅਰੇ ਦੀ ਘੁੰਮਕਾਰ ਵਿਚ ਅਣਸੁਣਿਆ ਰਹਿ ਗਿਆ ਸੀ।[10]

ਇਸ ਬਿਰਤਾਂਤਕ ਖੰਡ ਵਿੱਚ ਬੀਵੀ ਬੱਚਿਆਂ ਦੇ ਸਵਾਲ ਨੂੰ ਰਸਮੀ ਤੌਰ 'ਤੇ ਪੁੱਛ ਕੇ ਤਕਬੀਰ ਦੇ ਨਾਅਰੇ ਦੀ ਧੁੰਮ ਵਿੱਚ ਗੁਆ ਦਿੱਤਾ ਜਾਂਦਾ ਹੈ। ਅਜਿਹੀ ਧੁੰਮਕਾਰ ਦੂਜੀ ਵਾਰ ਉਦੋਂ ਪੈਂਦੀ ਹੈ ਜਦੋਂ ਧਰਮ ਪਰਿਵਰਤਨ ਪਿੱਛੋਂ ਜ਼ੋਜ਼ਫ ਮਸੀਤ ਵਿੱਚੋਂ ਯੂਸਫ ਬਣ ਕੇ ਬਾਹਰ ਨਿਕਲਦਾ ਹੈ ਤਾਂ ਤਕਬੀਰ ਦੇ ਨਾਅਰਿਆਂ ਦੇ ਸ਼ੋਰ ਸ਼ਰਾਬੇ ਵਿੱਚ ਜ਼ੋਜ਼ਫ ਮਸੀਤ ਵਿੱਚ ਹੀ ਦਫਨ ਹੋ ਜਾਂਦਾ ਹੈ। ਕਹਾਣੀ ਵਿੱਚ ਜਿੱਥੇ ਧਰਮ ਦੀ ਕੱਟੜ ਸੱਤਾ ਦੀ ਘੁੰਮਕਾਰ ਹੈ ਉੱਥੇ ਹੀ ਮਰਦ ਕੇਂਦਰਿਤ ਪਿਤਰਕੀ ਵੀ ਆਪਣੇ ਜਲੌਅ ਨਾਲ ਹਾਜ਼ਰ ਹੈ। ਕਹਾਣੀ ਵਿੱਚ ਜ਼ੋਜ਼ਫ ਦੀ ਪਤਨੀ ਜੇਨੀ ਅਤੇ ਬੱਚੇ ਇਸ ਮਰਦਾਵੇਂ ਸੰਸਾਰ ਵਿੱਚ ਮੌਨ ਹੋਈ ਧਿਰ ਦੇ ਪ੍ਰਤੀਨਿਧ ਬਣੇ ਖੜ੍ਹੇ ਹਨ। ਜ਼ੋਜ਼ਫ ਤੇ ਜੇਨੀ ਦੇ ਤੋੜ ਵਿਛੋੜੇ ਮੌਕੇ ਦੋ ਬੱਚਿਆਂ ਜੇਮਸ ਤੇ ਸੀਮੋਇਲ ਦਾ ਇਸਾਈ ਠੱਠੀ ਵਿੱਚ ਰੱਖਿਆ ਜਾਣਾ ਅਤੇ ਦੂਜੇ ਇਸਮਾਇਲ ਅਤੇ ਦਾਨਿਆਲ ਦਾ ਇਸਲਾਮੀ ਮਦਰੱਸੇ ਵਿੱਚ ਭੇਜਿਆ ਜਾਣਾ ਬਾਲ ਮਾਨਸਿਕਤਾ ਨੂੰ ਕਿਹੜਾ ਆਕਾਰ ਦੇਵੇਗਾ? ਪਾਠਕਾਂ ਲਈ ਇਹ ਸਵਾਲ ਹੋਰ ਬੇਚੈਨ ਕਰਨ ਵਾਲਾ ਹੈ। ਬੰਦੇ ਦਾ ਮੁੱਖ ਧਾਰਾਈ ਸਮਾਜ ਵਿੱਚ ਆਪਣੇ ਧਰਮ, ਜਾਤ ਅਤੇ ਨਸਲ ਦੀ ਸੱਤਾ ਵਿੱਚ ਗਲਤਾਨ ਰਹਿ ਕੇ ਕਬਜ਼ਾਧਾਰੀ ਮਾਨਸਿਕਤਾ ਵਿੱਚ ਰਹਿਣਾ ਜਿਸ ਤਰ੍ਹਾਂ ਔਰਤਾਂ ਅਤੇ ਬੱਚਿਆਂ ਨੂੰ ਜ਼ਬਰੀ ਗੈਰਹਾਜ਼ਰ ਕਰਦਾ ਹੈ, ਇਹ ਸਵਾਲ ਇਸ ਕਹਾਣੀ ਦੇ ਪਿਛੋਕੜ ਵਿੱਚ ਸੁਲਗਦਾ ਹੈ।

ਬਿਰਤਾਂਤ ਅੰਦਰ ਅਜਿਹੇ ਮਹੀਨ ਵੇਰਵੇ ਕਹਾਣੀਕਾਰ ਦੀ ਗਹਿਰ ਗੰਭੀਰ ਰਚਨਾ ਦ੍ਰਿਸ਼ਟੀ ਦਾ ਪ੍ਰਮਾਣ ਹਨ। ਲੇਖਕ ਦਾ ਕਥਾ ਦ੍ਰਿਸ਼ਟੀਕੋਣ ਕਹਾਣੀ ਅੰਦਰ ਘੁਲਿਆ ਪਿਆ ਹੈ ਉਹ ਬੰਦੇ ਦੇ ਧਰਮ ਪਰਿਵਰਤਨ ਨਾਲ ਕਿਸੇ ਧਰਮ ਨੂੰ ਲੱਗਦੀ ਸੱਟ ਜਾਂ ਕਿਸੇ ਦਾ ਪਾਸਾਰ ਮੋਕਲਾ ਹੋ ਜਾਣ ਵਾਲੀ ਰਵਾਇਤੀ ਧਾਰਨਾਵਾਂ ਨੂੰ ਚਲਾ ਕੇ ਮਾਰਦਾ ਹੈ। ਜ਼ੋਜ਼ਫ ਦੇ ਧਰਮ ਪਰਿਵਰਤਨ ਤੋਂ ਬਾਅਦ ਉਸਦੀ ਪਤਨੀ ਦਾ ਗੁੱਸੇਖੋਰਾ ਭਰਾ ਜ਼ੋਜ਼ਫ ਦਾ ਮੱਕੂ ਠੱਪਣ ਦਾ ਇਰਾਦਾ ਰੱਖਦਾ ਹੈ ਪਰ ਕਿਸੇ ਸਿਆਣਾ ਦੇ ਕਥਨ ਨਾ ਸਿਰਫ ਉਸਦੇ ਜੋਸ਼ੀਲੇ ਵਿਵਹਾਰ ਨੂੰ ਠੱਲ੍ਹ ਪਾਉਂਦੇ ਹਨ ਸਗੋਂ ਇਤਿਹਾਸ ਵਿੱਚ ਜ਼ਬਰੀ ਧਰਮ ਪਰਿਵਰਤਨ ਨਾਲ ਨਿਕਲਦੇ ਰਹੇ ਸਿੱਟਿਆਂ ਨੂੰ ਪੇਸ਼ ਕਰਦੇ ਕਹਾਣੀ ਦੀ ਰਚਨਾਵੀਂ ਦ੍ਰਿਸ਼ਟੀ ਨੂੰ ਸਥਾਪਿਤ ਕਰਦੇ ਹਨ–

" ਤੂੰ ਪਹਿਲਾ ਬੰਦਾ ਨਹੀਂ ਜਿਸ ਨੂੰ ਏਸ ਪੱਖੋਂ ਗੁੱਸਾ ਆਇਆ ਏ। ਖ਼ੁਦਾਵੰਦ ਯਸੂ ਨੂੰ ਸਲੀਬ ਦੇਣ ਵਾਲੇ ਯਹੂਦੀਆਂ ਦਾ ਅੱਜ ਨਾਂ ਥੇਹ ਮੁੱਕ ਗਿਆ ਹੁੰਦਾ ਕਿ ਤੇਰੇ ਤੋਂ ਕਿਧਰੇ ਵੱਧ ਗੁੱਸੇ ਵਾਲੇ ਕਈ ਹੋ ਗੁਜ਼ਰੇ ਨੇ . . . ਪਰ ਨਹੀਂ . . .ਬੰਦੇ ਮਾਰਿਆਂ ਧਰਮ ਨਹੀਂ ਮੁੱਕੇ।"[11]

ਤੇ ਇਹ ਆਖਰੀ ਗੱਲ ਉਹਨੂੰ ਟੁੰਬ ਗਈ। ਉਹ ਇਤਿਹਾਸ ਤੋਂ ਵਾਕਫ ਸੀ ਤੇ ਜਾਣਦਾ ਸੀ ਕਿ ਹਿੰਦੂ ਧਰਮ ਵਿੱਚੋਂ ਬੁੱਧ ਮੱਤ ਦਾ ਨਾਸ ਮਾਰਨ ਦੇ ਜਤਨ ਹੀ ਜਗਤ ਵਿਚ ਇਹਦਾ ਪਾਸਾਰ ਹੋਰ ਮੋਕਲਾ ਕਰਨ ਦਾ ਮੂਜਬ ਬਣੇ ਸਨ।9.

ਇਸ ਤਰ੍ਹਾਂ ਕਹਾਣੀਕਾਰ ਦੁਨੀਆ ਦੇ ਕਿਸੇ ਵੀ ਖਿੱਤੇ ਵਿੱਚ ਹੁੰਦੇ ਜ਼ਬਰੀ ਧਰਮ ਪਰਿਵਰਤਨ ਦੀ ਇਤਿਹਾਸਕ ਰੌਸ਼ਨੀ ਵਿੱਚ ਇਸ ਵਰਤਾਰੇ ਨਾਲ ਕਿਸੇ ਧਰਮ ਦੇ ਮਰ ਮੁੱਕ ਜਾਣ ਦੀਆਂ ਮਿੱਥਾਂ ਨੂੰ ਤੋੜਦਾ ਹੀ ਨਹੀਂ ਸਗੋਂ ਅਜਿਹੇ ਵਰਤਾਰਿਆਂ ਨਾਲ ਧਰਮ ਦੀਆਂ

ਜੜ੍ਹਾਂ ਹੋਰ ਡੂੰਘੀਆਂ ਲੱਗਣ ਦੀ ਨਿਸ਼ਾਨਦੇਹੀ ਵੀ ਕਰਦਾ ਹੈ। ਇਹ ਵਸਤੂ ਵੇਰਵੇ ਬੜੀ ਮਹੀਨਤਾ ਨਾਲ ਕਥਾ ਸੰਦਰਭ ਅੰਦਰ ਦਰਜ ਕੀਤੇ ਗਏ ਹਨ।

ਅੰਤ ਵਿੱਚ ਕਹਿ ਸਕਦੇ ਹਾਂ ਕਿ ਧਾਰੀਵਾਲ ਦੀ ਇਹ ਕਹਾਣੀ ਧਰਮ ਅਤੇ ਰਾਜਸੀ ਸੱਤਾ ਦੀ ਜਕੜ ਵਿੱਚ ਆਉਂਦੇ ਨਿਤਾਣੇ ਅਤੇ ਨਿਮਾਣੇ ਬੰਦਿਆਂ ਦੀ ਮਾਨਸਿਕਤਾ ਦੀ ਭਰਵੀਂ ਪੇਸ਼ਕਾਰੀ ਕਰਦੀ ਹੈ। ਇਸ ਪੇਸ਼ਕਾਰੀ ਲਈ ਲੇਖਕ ਨੇ ਬਹੁਅਰਥੀ ਭਾਸ਼ਾ, ਰੌਚਿਕ ਸੰਵਾਦ ਅਤੇ ਬਿਰਤਾਂਤ ਦਾ ਸੁਹਜਵੰਤ ਵਰਨਣ ਪੇਸ਼ ਕੀਤਾ ਹੈ। 1947 ਦੀ ਦੇਸ਼ ਵੰਡ ਨੇ ਜਿੱਥੇ ਭੂਗੋਲਿਕ ਵੰਡ ਦੀ ਲਕੀਰ ਖਿੱਚ ਦਿੱਤੀ ਉੱਥੇ ਹੀ ਪੰਜਾਬ ਦੇ ਮਿੱਸੇ ਸਾਂਝੇ ਸਭਿਆਚਾਰ ਦਾ ਵੀ ਬਟਵਾਰਾ ਕਰ ਦਿੱਤਾ। ਚੜ੍ਹਦੇ ਪੰਜਾਬ ਦੇ ਕਥਾ ਬਿਰਤਾਂਤ ਵਿੱਚੋਂ ਇਸਲਾਮੀ ਰਹਿਤਲ ਵਾਲੇ ਦ੍ਰਿਸ਼, ਮਨੋਵਿਗਿਆਨ, ਨਸਲੀ ਵਰਤਾਰੇ ਅਤੇ ਭਾਸ਼ਾਈ ਪਰਿਪੇਖ ਗਾਇਬ ਹੋ ਗਿਆ ਜਦਕਿ ਲਹਿੰਦੇ ਪੰਜਾਬ ਦਾ ਬਿਰਤਾਂਤ ਹਿੰਦੂ-ਸਿੱਖ ਦਰਸ਼ਨ ਤੋਂ ਰਹਿਤ ਹੋ ਗਿਆ। ਲਿੱਪੀਅੰਤਰ ਹੋ ਕੇ ਦੋਹਾਂ ਪੰਜਾਬਾਂ ਵਿੱਚ ਪੰਜਾਬੀ ਸਾਹਿਤ ਦੇ ਹੋ ਰਹੇ ਆਦਾਨ ਪ੍ਰਦਾਨ ਨਾਲ ਇਸ ਸਾਂਝੇ ਖਿੱਤੇ ਨਾਲ ਜੁੜੀਆਂ ਪੰਜਾਬੀ ਬੰਦੇ ਦੀਆਂ ਤੰਦਾਂ ਦੀ ਨਿਸ਼ਾਨਦੇਹੀ ਹੋ ਸਕਦੀ ਹੈ।

**ਹਵਾਲੇ ਅਤੇ ਟਿੱਪਣੀਆਂ ;**


1. ਖ਼ਾਲਿਦ ਫ਼ਰਹਾਦ ਧਾਰੀਵਾਲ, ਖਾਲੀ ਬੰਦਾ, ਪੰਨਾ 37
2. ਉਹੀ, ਪੰਨਾ 37
3. ਉਹੀ, ਪੰਨਾ 39
4. ਉਹੀ, ਪੰਨਾ 40
5. ਉਹੀ, ਪੰਨਾ 40
6. ਉਹੀ, ਪੰਨਾ 40
7. ਉਹੀ, ਪੰਨਾ 40
8. ਉਹੀ, ਪੰਨਾ 41
9. ਉਹੀ, ਪੰਨਾ 43
10. ਉਹੀ, ਪੰਨਾ 37
11. ਉਹੀ, ਪੰਨਾ 41



**94175 86028**




## ਘਰ : ਵਿਸ਼ਵੀਕਰਣ ਦੇ ਦੌਰ ਵਿਚ ਰਿਸ਼ਤਿਆਂ ਦੇ ਬਦਲਦੇ ਸਮੀਕਰਣ


**-ਤਰਨਜੀਤ ਕੌਰ**


ਖ਼ਾਲਿਦ ਫ਼ਰਹਾਦ ਧਾਰੀਵਾਲ ਦਾ ਨਾਮ ਪਾਕਿਸਤਾਨੀ ਪੰਜਾਬੀ ਕਹਾਣੀ ਦੇ ਖੇਤਰ ਵਿੱਚ ਵਿਸ਼ੇਸ਼ ਤੌਰ ਤੇ ਲਿਆ ਜਾਂਦਾ ਹੈ ਉਸਦੀ ਇਹ ਕਹਾਣੀ ਭਾਵੇ ਆਕਾਰ ਵਿੱਚ ਬਹੁਤ ਛੋਟੀ ਹੈ ਪਰ ਅਜੋਕੇ ਸਮਾਜਕ ਯਥਾਰਥ ਦੀਆਂ ਕਈ ਤੈਹਾਂ ਨੂੰ ਪਰਤ-ਦਰ-ਪਰਤ ਉਘੇੜਦੀ ਪਾਠਕਾਂ ਨੂੰ ਹਲੂਣ ਦਿੰਦੀ ਹੈ ਧਾਰੀਵਾਲ ਦੀ ਕਹਾਣੀ ਘਰ ਵੀ ਅਜੋਕੇ ਸਮਾਜਕ ਯਥਾਰਥ ਨੂੰ ਉਲੀਕਦਿਆਂ, ਅਜੋਕੇ ਸਮੇਂ ਵਿਚ ਰਿਸ਼ਤਿਆਂ ਦੇ ਬਦਲਦੇ ਸਮੀਕਰਨਾਂ ਨੂੰ ਉਲੀਕਦੀ ਹੈ

'ਘਰ' ਕਹਾਣੀ ਨੂੰ ਪੜ੍ਹਦਿਆਂ ਹੋਇਆਂ ਸਾਡਾ ਧਿਆਨ ਸਭ ਤੋਂ ਪਹਿਲਾਂ ਪ੍ਰਿੰਸੀਪਲ ਤੇਜਾ ਸਿੰਘ ਦੇ ਪ੍ਰਸਿੱਧ ਨਿਬੰਧ ਘਰ ਦਾ ਪਿਆਰ ਤੇ ਜਾ ਪੈਂਦਾ ਹੈ ਇਸ ਨਿਬੰਧ ਵਿੱਚ ਤੇਜਾ ਸਿੰਘ ਨੇ ਬੜੇ ਸੁਹਣੇ ਢੰਗ ਨਾਲ 'ਘਰ' ਬਾਰੇ ਦਸਿਆ ਹੈ ਕਿ ਘਰ ਕੀ ਹੈ, ਘਰ ਦੇ ਵਿੱਚ ਕੀ ਹੋਣਾ ਚਾਹੀਦਾ ਹੈ?ਤੇਜਾ ਸਿੰਘ ਅਨੁਸਾਰ:

ਘਰ ਇਟਾਂ ਜਾਂ ਰੋੜ੍ਹਿਆਂ ਜਾਂ ਵੱਟਿਆਂ ਦੇ ਬਣੇ ਕੋਠੇ ਨੂੰ ਨਹੀਂ ਕਹਿੰਦੇ ਘਰ ਤੋਂ ਭਾਵ ਉਹ ਥਾਂ ਹੈ, ਜਿੱਥੇ ਮੱਨੁਖ ਦੇ ਪਿਆਰ ਤੇ ਸੱਧਰਾਂ ਪਲਦੀਆਂ ਹਨ, ਜਿੱਥੇ ਬਾਲਪਨ ਵਿੱਚ ਮਾਂ ਭੈਣ ਤੇ ਭਰਾ ਕੋਲੋਂ ਲਾਡ ਲਿਆ ਹੁੰਦਾ ਹੈ

ਘਰ ਵਿੱਚ ਪਿਆਰ, ਮੁੱਹਬਤ ਦਾ ਹੋਣਾ ਜ਼ਰੂਰੀ ਹੈ ਘਰ ਵਿੱਚ ਵਸਦੇ ਹਰ ਮੱਨੁਖ ਦਾ ਇੱਕ-ਦੂਜੇ ਨਾਲ ਸਾਂਝ ਹੋਣੀ ਚਾਹੀਦੀ ਹੈ ਤਾਂ ਹੀ ਤਾਂ ਘਰ ਦੇ ਬੇਜਾਨ ਪੱਥਰਾਂ ਚੋਂ ਪਿਆਰ ਅੱਪਣਤ ਦੀ ਖ਼ੁਸ਼ਬੋ ਆਵੇਗੀ ਘਰ ਸਿਰਫ ਰਹਿਣ ਦੀ ਥਾਂ ਨਹੀਂ, ਜਿੱਥੇ ਮੱਨੁਖ ਬਾਹਰੀ ਆਪਦਾਵਾਂ, ਗਰਮੀ-ਸਰਦੀ, ਠੰਡ, ਤੋਂ ਬਚ ਸਕੇ ਜਾਂ ਇਸ ਸਿਰਫ ਆਰਾਮ ਦੀ ਥਾਂ ਨਹੀਂ, ਸਗੋਂ ਇਹ ਤਾਂ ਮੱਨੁਖ ਦੇ ਧੁਰ ਅੰਦਰਲੇ ਤੱਕ ਨਿੱਘ ਦੇਣ ਵਾਲਾ ਸਥਾਨ ਹੈ ਇਥੇ ਮੱਨੁਖ ਦੇ ਕੋਮਲ ਭਾਵ, ਸਧੱਰਾਂ, ਇਛਾਵਾਂ ਤੇ ਉਮੰਗਾਂ ਪਲਦੀਆਂ ਹਨ ਮਨੁੱਖ ਦਾ ਸਾਰਾ ਵਿਅੱਕਤਿੱਤਵ, ਘਰ ਵਿੱਚੋਂ ਹੀ ਪੈਦਾ ਹੋ ਕੇ ਵਿਕਸਿਤ ਹੁੰਦਾ ਹੈ ਮੁਕਦੀ ਗੱਲ ਇਹ ਹੈ ਕਿ ਘਰ ਮੱਨੁਖ ਦੀਆਂ ਦਬੀਆਂ-ਭਾਵਨਾਵਾਂ ਦਾ ਗਵਾਹ ਬਣਦਾ ਹੈ ਜਿਥੇ ਰੋਜ਼ ਸੱਧਰਾਂ-ਚਾਅ, ਖੱਟੇ-ਮਿੱਠੇ ਅਨੁਭਵ ਜਨਮ ਲੈਂਦੇ ਹਨ; ਕਦੇ ਇਹ ਪੂਰੇ ਹੋ ਜਾਂਦੇ ਤੇ ਕਦੇ ਮਰ ਜਾਂਦੇ ਹਨ

ਧਾਰੀਵਾਲ ਦੀ ਇਹ ਕਹਾਣੀ (ਘਰ) ਅਜੋਕੇ ਵਿਸ਼ਵੀਕਰਣ ਦੇ ਦੌਰ ਵਿੱਚ ਲਿਖੀ ਗਈ ਹੈ ਜਦੋਂ ਸਮੁੱਚਾ ਵਿਸ਼ਵ ਇਕ ਗਲੋਬਲ ਪਿੰਡ ਬਣ ਗਿਆ ਹੈ ਅੱਜ ਸਾਡੀ ਆਰਥਕਤਾ, ਸਮਾਜਕਤਾ, ਸਭਿਆਚਾਰ, ਰਹਿਣ-ਸਹਿਣ ਦੇ ਢੰਗ ਅਤੇ ਸਾਹਿਤ ਆਦਿ ਸਭ ਇਕ ਦੂਜੇ ਤੋਂ ਪ੍ਰਭਾਵਿਤ ਹੋ ਰਹੇ ਹਨ ਪਰ ਦੂਜੇ ਪਾਸੇ ਅਸਾਡੇ ਰਿਸ਼ਤੇ ਇਕ ਦੂਜੇ ਤੋਂ ਦੂਰੀ ਸਥਾਪਤ ਕਰਦੇ ਜਾ ਰਹੇ ਹਨ ਵਿਸ਼ਵੀਕਰਣ ਦੇ ਇਸ ਦੌਰ ਵਿੱਚ ਦੂਰ ਦੇ ਰਿਸ਼ਤੇ ਨੇੜੇ ਅਤੇ ਨੇੜੇ ਦੇ

ਰਿਸ਼ਤੇ ਦੂਰ ਹੁੰਦੇ ਜਾ ਰਹੇ ਹਨ ਪੁਰਾਣਾ ਭਾਈਚਾਰਾ, ਪੁਰਾਣੀਆਂ ਲੀਹਾਂ, ਰਿਸ਼ਤਿਆਂ ਦੀ ਗਰਮਾਹਟ, ਸਭ ਖਤਮ ਹੁੰਦੀ ਜਾ ਰਹੀ ਹੈ ਅੱਜ ਪਰਪੰਰਕ ਮੁੱਲਾਂ, ਕਦਰਾਂ ਕੀਮਤਾਂ ਤੇ ਅਜੋਕੇ ਸੁਆਰਥੀ ਰਿਸ਼ਤਿਆਂ ਵਿੱਚ ਇਕ ਦਵੰਦ, ਟਕਰਾਉ ਤੇ ਤਨਾਉ ਆਉਂਦਾ ਜਾ ਰਿਹਾ ਹੈ ਜਿਸ ਕਾਰਣ ਸਿਰਫ ਸਵੈ ਹੀ ਮੱਨੁਖ ਦਾ ਧੁਰਾ ਬਣ ਕੇ ਰਹਿ ਗਿਆ ਹੈ ਸਾਰੇ ਰਿਸ਼ਤੇ ਇਸ ਮੈਂ ਤੇ ਨਿੱਜ ਦੇ ਦੁਆਲੇ ਸਿਮਟ ਗਏ ਹਨ ਇਹ ਮਾਨਵੀ ਰਿਸ਼ਤੇ ਹੁਣ ਅਮਾਨਵੀ ਹੋ ਗਏ ਹਨ ਉਨ੍ਹਾਂ ਵਿੱਚੋ ਅਪਣੱਤ ਤੇ ਅਪਨਾਪਨ ਖੰਭ ਲਾ ਕੇ ਉੱਡ ਗਏ ਹਨ ਇਨ੍ਹਾਂ ਬਦਲਦਿਆਂ ਪਰਿਸਥਿਤੀਆਂ ਵਿਚ ਸਭ ਤੋਂ ਵੱਧ ਅਸਰ ਤੇ ਪਰਿਵਰਤਨ ਮਨੁੱਖੀ ਸਮਾਜ ਵਿਚਲੇ ਰਿਸ਼ਤਿਆਂ ਤੇ ਪਿਆ ਹੈ

ਅੱਜ ਵਿਅਕਤੀਗਤ ਹੋਣਾ ਅਤੇ ਇੱਕਲਾ ਰਹਿਣਾ, ਪ੍ਰਧਾਨਤਾ ਪ੍ਰਾਪਤ ਕਰ ਗਿਆ ਹੈ ਇਹ ਵੱਖਰਤਾ, ਇਕੱਲਾਪਨ ਸਭ ਤੋਂ ਵੱਧ ਮੱਧ ਸ਼੍ਰੇਣੀ ਦੇ ਰਿਸ਼ਤਿਆਂ ਵਿੱਚ ਆਇਆ ਹੈ ਜਿੱਥੇ ਮਾਂ-ਪੁੱਤਰ, ਭੈਣ-ਭਰਾ, ਮਰਦ-ਤੀਂਵੀ, ਨੂੰਹ-ਸੱਸ, ਤੇ ਨਨਾਣ-ਭਰਜਾਈ ਦੇ ਰਿਸ਼ਤੇ ਖੰਡਿਤ ਹੋ ਕੇ ਇੱਕਲਤਾ ਵੱਲ ਜਾ ਵੱਧਦੇ ਰਹੇ ਹਨ ਇਹ ਇਕੱਲਤਾ ਵੱਡੇ ਬਜ਼ੁਰਗਾਂ ਨੂੰ ਵਧੇਰੇ ਪ੍ਰਭਾਵਿਤ ਕਰ ਰਹੀ ਹੈ ਧਾਰੀਵਾਲ ਦੀ ਇਹ ਕਹਾਣੀ, ਵਿਸ਼ਵੀਕਰਨ ਦੇ ਦੌਰ ਵਿੱਚ ਆਪਮੁਖੀ ਹੋ ਕੇ, ਆਪਣੇ ਅਤਿ ਕਰੀਬੀ ਰਿਸ਼ਤਿਆਂ ਪ੍ਰਤੀ ਉਦਾਸੀਨ ਹੋਣ ਦੇ ਮਸਲੇ ਨੂੰ ਅਤੇ ਮਨੁੱਖ ਦੀ ਪਦਾਰਥਕ ਵਸਤਾਂ ਪ੍ਰਤੀ ਵੱਧਦੀ ਸਾਂਝ ਦੇ ਨਾਲ ਨਾਲ ਮੱਨੁਖੀ ਰਿਸ਼ਤਿਆਂ ਦੀ ਭੰਨ-ਤੋੜ ਨੂੰ ਬਖ਼ੂਬੀ ਪੇਸ਼ ਕਰਦੀ ਹੈ ਇਸੇ ਕਰਕੇ ਘਰ ਦੀ ਪੁਰਾਣੀ ਮਾਲਕਨ ਅਰਥਾਤ ਮਾਂ ਕਹਿੰਦੀ ਹੈ ਕਿः-

ਉਹ ਘਰ ਜੋ ਕਦੀ ਮੇਰਾ ਘਰ ਸੀ ਹੁਣ ਮੇਰੀ ਨੂੰਹ ਦਾ ਘਰ ਏ ਮੁੰਨੀ ਵਾਂਗ ਮੈਨੂੰ ਵੀ ਆਪ ਭਓ ਆਉਂਦਾ ਏ ਡਰ ਕੀ ਕਿਸੇ ਸ਼ੈਅ ਨੂੰ ਹੱਥ ਲਾਉਣ ਲੱਗਿਆਂ ਮੈਂ ਅੰਦਰੋਂ ਡੋਲ ਜਾਂਦੀ ਆਂ

ਧਾਰੀਵਾਲ ਦੀ ਇਹ ਕਹਾਣੀ ਜਿਤਨੀ ਵਾਰ ਪੜ੍ਹੋ ਉਸ 'ਚੋਂ'ਵੱਖ-ਵੱਖ ਕਈ ਰਿਸ਼ਤਿਆਂ ਦੀਆਂ ਕਈ ਪਰਤਾਂ ਉਘੜਦੀਆਂ ਦਿਸਦੀਆਂ ਹਨ ਅਤੇ ਇਸ ਵਿਚੋਂ ਮਨੁੱਖੀ ਰਿਸ਼ਤਿਆਂ ਦੇ ਕਈ ਰੂਪ ਪਛਾਣੇ ਜਾ ਸਕਦੇ ਹਨ

ਹੱਥਲੀ ਕਹਾਣੀ ਦਾ ਆਰੰਭ ਮੱਨੁਖੀ ਜੀਵਨ ਦੇ ਇਸ ਕੌੜੇ ਯਥਾਰਥ ਤੋਂ ਹੁੰਦਾ ਹੈ ਕਿ ਪਤੀ ਦੀ ਮੌਤ ਤੋਂ ਬਾਦ ਜਦੋਂ ਮੁੰਨੀ ਆਪਣੇ ਸਹੁਰੇ ਘਰ ਚਲੀ ਜਾਂਦੀ ਹੈ ਤਾਂ ਪੁੱਤਰ ਆਪਣੇ ਗ੍ਰਹਿਸਤ ਜੀਵਨ ਵਿੱਚ ਮਸਤ ਰਹਿੰਦਾ ਹੈ ਅਤੇ ਸਾਰੇ ਘਰ ਦੀ ਮਾਲਕਨ, ਆਪਣੀ ਉਮਰ ਦੇ ਆਖਰੀ ਪੜਾਅ ਤੇ ਪੁੱਜ ਕੇ, ਆਪਣੇ ਜੀਵਨ ਦੇ ਹੰਢਾਏ ਪਲਾਂ ਦਾ ਲੇਖਾ-ਜੋਖਾ ਕਰਦੀ ਦਿਖਾਈ ਦੇਂਦੀ ਹੈः-

ਹੁਣ ਕੱਖੋਂ ਹੌਲੀ ਪਈ ਆਂ ਨਹੁੰ ਸਮਝਦੀ ਨਹੀਂ, ਮੁੰਡਾ ਏ ਤੇ ਅਪਣੇ ਮੂੰਹ, ਜੋ ਜੀਅ ਚਾਹੇ ਕਰਨ ਮੈਂਨੂੰ ਕੋਣ ਪੁੱਛਦਾ

ਇਹ ਸਾਰੀ ਕਹਾਣੀ ਪਿੱਛਲਝਾਤ ਦੀ ਵਿਧੀ ਰਾਹੀਂ ਬਿਰਤਾਂਤ ਨੂੰ ਉਸਾਰਦੀ ਦਿਸਦੀ ਹੈ ਕਹਾਣੀ ਦੀ ਨਾਇਕਾ ਦਿਲਗੀਰ ਹੋਈ, ਆਪਣੇ ਮੰਜੇ ਤੇ ਬੈਠੀ ਜੀਵਨ ਦਾ ਮੁਲਾਂਕਨ ਕਰਦੀ ਹੈ ਕਿ ਕਿਵੇਂ ਉਸ ਦੀ ਧੀ ਨੂੰ ਜਦ ਵੇਖਣ ਲਈ ਮੁੰਡੇ ਵਾਲੇ ਆਉਂਦੇ ਹਨ ਤਾਂ ਹਰ ਕੁੜੀ ਦੀ ਤਰ੍ਹਾਂ ਮੁੰਨੀ ਵੀ ਬੜੀ ਖੁਸ਼ੀ-ਖੁਸ਼ੀ ਤੇ ਮਿਹਨਤ ਨਾਲ ਆਪਣਾ ਘਰ



ਸੰਵਾਰਦੀ ਹੈ, ਸਜਾਉਂਦੀ ਹੈ ਤਾਂ ਜੋ ਵੇਖਣ ਆਏ ਲੋਕ ਉਸ ਦੇ ਘਰ ਦੀ ਤਾਰੀਫ ਕਰਨ ਮਿੰਨੀ ਆਪਣੇ ਆਪ ਨੂੰ ਵੀ ਖ਼ੂਬ ਤਿਆਰ ਕਰਦੀ ਹੈ ਇਥੇ ਔਰਤ ਦੇ ਜੀਵਨ ਦੀ ਇਕ ਹੋਰ ਪਰਤ ਉਘੜਦੀ ਹੈ ਕਿ ਔਰਤ ਇਨਸਾਨ ਨਾ ਹੋ ਕੇ ਵਸਤ ਹੈ, ਜਿਸ ਨੂੰ ਵੇਖਣ ਆਏ ਗ੍ਰਾਹਕ ਨੇ ਉਸ ਨੂੰ ਪਸੰਦ ਕਰਕੇ, ਉਸ ਦਾ ਮੁੱਲ ਪਾਉਣਾ ਹੈ ਇਥੇ ਮੱਨੁਖਤਾ, ਪਦਾਰਥਕਤਾ ਦੀ ਭੇਂਟ ਚੜ੍ਹਦੀ ਜਾਪਦੀ ਹੈः-

ਕੁਝ ਨਜ਼ਰਾਂ ਉਹਦੇ ਉਤੇ ਈ ਜੰਮੀਆਂ ਹੋਈਆ ਸਨ ਉਹਨੂੰ ਆਪਣੇ ਮਿਆਰਾਂ ਦੀ ਤੱਕੜੀ ਵਿਚ ਤੋਲਦੀਆਂ ਹੋਈਆਂ ਨਜ਼ਰਾਂ ਵਿਚਾਰੀ ਮੁੰਨੀ

ਇਤਨਾਂ ਕਰਨ ਦੇ ਬਾਵਜੂਦ ਵੀ ਇਸ ਜਵਾਬ ਦਾ ਖੌਫ ਕਿ ਪਤਾ ਨਹੀਂ, ਆਏ ਲੋਕ ਉਸ ਨੂੰ ਪਸੰਦ ਕਰਨਗੇ ਜਾਂ ਬਿਨਾਂ ਪਸੰਦ ਕੀਤਿਆਂ ਛੱਡ ਜਾਣਗੇ ਇਹ ਔਰਤ ਦੇ ਜੀਵਨ ਦਾ ਵੱਡਾ ਦੁਖਾਂਤ ਹੈ ਜਿਸ ਵਿਚ ਹਰ ਕੁੜੀ ਨੂੰ ਵਿਆਹ ਦੀ ਮੰਡੀ ਵਿੱਚ ਆਪਣੇ ਆਪ ਨੂੰ ਪੇਸ਼ ਕਰਨਾ ਹੁੰਦਾ ਹੈ

ਇਸ ਕਹਾਣੀ ਵਿਚ ਸਾਡੀ ਸਮਾਜਕ ਵਿਵਸਥਾ ਦੇ ਅੰਤਰਗਤ ਰਿਸ਼ਤਿਆਂ ਦਾ ਇਕ ਹੋਰ ਰੂਪ ਦਿਖਾਈ ਦੇਂਦਾ ਹੈ ਇਕ ਧੀ ਜੋ ਵਿਆਹ ਤੋਂ ਪਹਿਲਾਂ ਪੇਕੇ ਘਰ ਨੂੰ ਆਪਣਾ ਘਰ ਸਮਝਦੀ ਹੈ, ਜਿਥੇ ਉਸਨੇ ਆਪਣਾ ਬਚਪਨ, ਖੇਡਾਂ ਕਰਕੇ ਜੀਵਨ ਬਿਤਾਇਆ ਹੁੰਦਾ ਹੈ, ਉਸੇ ਘਰ ਵਿੱਚ ਵਿਆਹ ਤੋ ਬਾਦ ਉਹ ਪਰਾਈ ਹੋ ਜਾਂਦੀ ਹੈ ਉਸ ਦਾ, ਉਸ ਘਰ ਉਪਰ ਹੱਕ ਹੁਣ, ਡਰ ਵਿਚ ਤਬਦੀਲ ਹੋ ਜਾਂਦਾ ਹੈ ਕਿ ਕਿਤੇ ਘਰ ਦੇ ਅਸਲੀ ਮਾਲਕ ਉਸ ਨੂੰ ਘਰ ਵਿਚ ਆਉਣ ਤੋਂ ਮਨ੍ਹਾਂ ਨਾ ਕਰ ਦੇਣः-

ਸ਼ੈਆਂ ਏਧਰ ਉਧਰ ਖਿੱਲਰੀਆ ਹੁੰਦੀਆ ਹੁਣ ਤੇ ਕਦੇ ਹੱਥ ਨਹੀਂ ਹਿਲਾਇਆ ਕਹਿਣ ਲਗੀ ਮਾਂ ਡਰ ਲਗਦਾ ਘਰ ਵਾਲਿਆਂ ਤੋਂ ਕਿਧਰੇ ਕਹਿ ਨਾ ਦੇਣ, ਸਾਡਾ ਘਰ ਅਸੀਂ ਸਾਂਭੀਏ, ਨਾ ਸਾਂਭੀਏ, ਤੈਨੂੰ ਕੀ?

ਪਤੀ ਦੀ ਮੌਤ ਤੋਂ ਬਾਦ, ਆਰਥਕ ਪੱਖੋਂ ਔਰਤ ਦੀ ਕਮਜ਼ੋਰ ਸਥਿਤੀ ਨੂੰ ਵੀ ਇਹ ਕਹਾਣੀ ਬਖ਼ੂਬੀ ਪੇਸ਼ ਕਰਦੀ ਹੈ ਖ਼ੁਦਾ ਬਖਸ਼, ਜੋ ਮੁੰਨੀ ਦੇ ਪਿਤਾ ਸਨ, ਦੇ ਜੀਉਂਦੇ ਜੀਅ ਮੁੰਨੀ ਅਤੇ ਉਸ ਦੀ ਮਾਂ ਦਾ ਪੂਰੇ ਘਰ ਉਪਰ ਰਾਜ ਸੀ ਕਿਉਂ ਕਿ ਖ਼ੁਦਾਬਖਸ਼, ਘਰ ਦਾ ਧੁਰਾ ਤੇ ਉਸ ਦੀ ਮਾਂ ਧੁਰੀ ਸੀ ਸਾਰਾ ਘਰ ਉਨ੍ਹਾਂ ਦੁਆਲੇ ਘੁੰਮ ਰਿਹਾ ਸੀ, ਬੱਚੇ ਵੀ ਖੁਸ਼ ਸਨ ਮੁੰਨੀ ਘਰ ਉਪਰ ਆਪਣਾ ਹੱਕ ਮੰਨਦੀ ਸੀ ਉਹ ਭਰਾ ਨਾਲ ਲੜ ਪੈਂਦੀ ਕਿ ਇਹ ਮੇਰਾ ਵੀ ਘਰ ਹੈ

ਪਰ ਪਿਤਾ ਦੀ ਮੌਤ ਅਤੇ ਵਿਆਹ ਤੋਂ ਬਾਦ ਸਥਿਤੀਆਂ ਬਦਲ ਜਾਂਦੀਆਂ ਹਨ ਹੁਣ ਉਹੀ ਘਰ ਪਰਾਇਆ ਲਗਦਾ ਹੈ ਮਾਂ ਦਾ ਵੀ, ਪਤੀ ਦੀ ਮੌਤ ਤੋਂ ਬਾਦ ਘਰ ਉਪਰ ਉਹ ਹੱਕ ਨਹੀਂ ਰਹਿੰਦਾ ਕਿਉਂ ਕਿ ਹੁਣ ਮਾਲਕ ਬਦਲ ਗਏ ਹਨ ਪਤੀ ਦੀ ਥਾਂ ਤੇ ਹੁਣ ਪੁੱਤਰ ਮਾਲਕ ਹੈ ਤੇ ਉਹਦੀ ਥਾਂ ਤੇ ਨੂੰਹ ਘਰ ਦੀ ਧੁਰੀ ਬਣ ਗਈ ਹੈ ਘਰ ਦਾ ਕੇਂਦਰ ਬਦਲਣ ਦਾ ਇਕ ਕਾਰਣ ਇਹ ਵੀ ਹੋ ਸਕਦਾ ਹੈ ਕਿ ਮਾਂ ਆਰਥਕ ਪੱਖੋਂ ਕਮਜ਼ੋਰ ਹੈ ਅਤੇ ਹੁਣ ਉਸ ਕੋਲ ਪੈਸੇ ਨਹੀਂ ਇਸ ਲਈ ਉਸ ਨੂੰ ਆਪਣਾ ਘਰ ਵੀ ਪਰਾਇਆ ਲਗ ਰਿਹਾ ਹੈ ਸ਼ਾਇਦ ਇਹੀ ਕਾਰਨ ਹੈ ਕਿ ਓਹਦੀ ਨੂੰਹ ਵੀ ਉਸ ਦੀ ਬਾਤ ਨਹੀਂ ਸੁਣਦੀ ਆਪਣੇ ਹੀ ਘਰ ਵਿਚ ਉਸ ਦੀ ਹਾਲਤ ਕੋਈ ਬਹੁਤੀ ਸੁਖਾਵੀਂ ਨਹੀਂ ਉਦਾਹਰਨ ਦੇ ਤੌਰ 'ਤੇ ਜਦੋਂ

ਉਹ ਆਪਣੀ ਨੂੰਹ ਨੂੰ ਸਹੁਰਿਉਂ ਆਈ ਧੀ ਨੂੰ ਗੁੜ੍ਹ ਦੇਣ ਲਈ ਕਹਿੰਦੀ ਹੈ ਤਾਂ ਉਹ ਸੱਸ ਦੀ ਬਾਤ ਨੂੰ ਅਣਗੌਲਿਆ ਕਰ ਦਿੰਦੀ ਹੈ ਸ਼ਾਇਦ ਮੁੰਨੀ, ਆਪਣੀ ਭਾਬੀ ਦਾ ਵਰਤਾਰਾ ਵੇਖ ਕੇ ਸਭ ਕੁਝ ਸਮਝ ਜਾਂਦੀ ਹੈ ਅਤੇ ਆਪ ਹੀ ਪੇਕੇ ਘਰ ਤੋਂ ਕੁਝ ਲੈਣ ਲਈ ਬਹਾਨਾ ਕਰਕੇ ਨਾਂਹ ਕਰ ਦੇਂਦੀ ਹੈ

ਇਸ ਪ੍ਰਕਾਰ ਹੱਥਲੀ ਕਹਾਣੀ ਆਰਥਕ ਤੇ ਪਦਾਰਥਕ ਰੁਚੀਆਂ ਦੇ ਵੱਧਣ ਕਾਰਨ ਮੱਨੁਖੀ ਰਿਸ਼ਤਿਆਂ ਵਿੱਚ ਆਏ ਪਰਿਵਰਤਨ ਉਪਰ ਵੀ ਧਿਆਨ ਕੇਂਦਰਿਤ ਕਰਦੀ ਹੈ ਜੋ ਪਹਿਲਾਂ ਘਰ ਦੇ ਮਾਲਕ ਸਨ, ਉਹ ਅੱਜ ਘਰ ਵਿਚ ਕੋਈ ਹੈਸੀਅਤ ਨਹੀਂ ਰਖਦੇ ਅੱਜ ਇਹ ਮਲਕੀਅਤ ਕਿਸੇ ਦੂਜੇ ਦੇ ਹੱਥ ਚਲੀ ਗਈ ਹੈ ਮਾਂ, ਸੱਸ ਬਣ ਗਈ ਹੈ ਤੇ ਧੀ ਨਨਾਣ ਬਾਹਰੋਂ ਆਈ ਨੂੰਹ ਦੇ ਹੱਥ ਸਾਰੀ ਤਾਕਤ ਹੈ ਅਤੇ ਹੁਣ ਘਰ ਵਿੱਚ ਉਸੇ ਦਾ ਹੁਕਮ ਚਲਦਾ ਹੈ

ਦੂਜੇ ਪਾਸੇ ਮੁੰਨੀ ਵੀ ਆਪਣੀ ਸਹੇਲੀ ਤੇ ਮਾਸੀ ਦੇ ਘਰ, ਇੱਛਾ ਹੁੰਦੇ ਹੋਏ ਵੀ ਨਹੀਂ ਰਹਿ ਸਕਦੀ ਕਿਉਂ ਕਿ ਉਸਦੇ ਸਹੁਰਿਆਂ ਨੂੰ ਇਹ ਗੱਲ ਸਵੀਕਾਰ ਨਹੀਂ ਉਹ ਉਸਦੇ ਆਪਣੇ ਪੇਕੇ ਰੁਕਣ ਉਤੇ ਇਤਰਾਜ ਕਰਦੇ ਹਨ ਇਸ ਕਾਰਨ ਨਾ ਚਾਹੁੰਦੇ ਹੋਏ ਵੀ ਮੁੰਨੀ ਨੂੰ ਸਹੁਰੇ ਜਾਣਾ ਪੈਂਦਾ ਹੈ ਉਸ ਦੀ ਮਾਂ ਵੀ ਇਸ ਗੱਲ ਨੂੰ ਸਮਝਦੀ ਹੈ ਕਿ ਵਿਆਹੇ ਜਾਣ ਤੋਂ ਬਾਅਦ ਕੁੜੀ ਉਪਰ ਉਸ ਦਾ ਇਖਤਿਆਰ ਖਤਮ ਹੋ ਗਿਆ ਹੈ ਇਸੇ ਕਰਕੇ ਉਹ ਬੋਲਦੀ ਹੈ ਕਿ:-

ਜਦੋਂ ਅਜੇ ਮੁੰਨੀ ਦੇ ਵਿਆਹ ਨੂੰ ਬਹੁਤਾ ਚਿਰ ਨਹੀਂ ਸੀ ਹੋਇਆ, ਮੈਂ ਕਦੀ ਕਦੀ ਸੋਚਦੀ ਕਿ ਐਤਕੀ ਆਈ ਤੇ ਪੂਰੇ ਛੇ ਮਹੀਨੇ ਰੱਖਾਂਗੀ ਉਸਨੂੰ ਪਰ ਫੇਰ ਆਪਣੀ ਏਸ ਸੋਚ ਉਤੇ ਹਾਸਾ ਆ ਜਾਂਦਾ ਭਲਾ ਉਸ ਤੇ ਹੁਣ ਕੀ ਅਖਤਿਆਰ

ਇਹ ਕਹਾਣੀ ਇਕ ਔਰਤ ਦੇ ਸਮੁੱਚੇ ਜੀਵਨ ਦੀ ਤਸਵੀਰ ਖਿੱਚ ਕੇ ਰੱਖ ਦਿੰਦੀ ਹੈ ਕਿ ਕਿਵੇਂ ਔਰਤ ਦਾ ਬਚਪਨ, ਵਿਆਹ, ਵਿਆਹ ਤੋਂ ਬਾਦ ਉਸ ਦੇ ਪੇਕੇ ਘਰ ਨਾਲ ਕਿਵੇਂ ਰਿਸ਼ਤਾ ਬਦਲ ਜਾਂਦਾ ਹੈ ਇਨ੍ਹਾਂ ਸਥਿਤੀਆਂ ਨੂੰ ਕਹਾਣੀ ਵਿਚ ਬਖੂਬੀ ਪੇਸ਼ ਕੀਤਾ ਗਿਆ ਹੈ ਕੁੜੀ ਬਚਪਨ ਵਿੱਚ ਮਾਂ-ਪਿਉ ਦੇ ਕਹਿਣ ਉਤੇ ਚਲਦੀ ਹੈ, ਪਰ ਆਪਣੇ ਘਰ ਉਪਰ ਆਪਣਾ ਹੱਕ ਮੰਨਦੀ ਹੈ ਭਰਾ ਦੇ ਹੱਕ ਜਤਾਉਣ ਦੇ ਬਾਵਜੂਦ ਵੀ ਉਹ ਆਪਣਾ ਹੱਕ, ਲੜ ਕੇ ਲੈਂਦੀ ਹੈ ਪਰ ਜਦੋਂ ਵਿਆਹ ਕੇ ਸਹੁਰੇ ਜਾਂਦੀ ਹੈ ਤਾਂ ਉਨ੍ਹਾਂ ਦੀ ਇੱਛਾ ਬਿਨਾਂ ਇਕ ਦਿਨ ਵੀ ਪੇਕੇ ਨਹੀਂ ਰਹਿ ਸਕਦੀ ਮਜਬੂਰੀ ਵੱਸ ਮੁੰਨੀ ਵੀ ਆਪਣੀ ਮਜਬੂਰੀ ਦਸਦੀ ਹੋਈ, ਉਥੇ ਰਹਿਣ ਤੋਂ ਨਾਂਹ ਕਰ ਦੇਂਦੀ ਹੈ ਅਤੇ ਕਹਿੰਦੀ ਹੈ ਕਿ

ਮੈਂ ਜ਼ਰੂਰ ਜਾਂਦੀ, ਪਰ ਖਾਲਾ ਉਥੇ ਜਾਣ ਵੱਲੋਂ ਮੈਂ ਪੁੱਛਿਆ ਹੋਇਆ ਨਹੀਂ ਆਪਣੀ ਮਰਜ਼ੀ ਨਾਲ ਚਲੇ ਜਾਉ ਤਾਂ ਫੇਰ ਗੁੱਸੇ ਹੋ ਜਾਂਦੇ ਨੇd

ਪ੍ਰਸਿੱਧ ਲੇਖਿਕਾ ਅਜੀਤ ਕੌਰ ਆਪਣੀ ਕਹਾਣੀਆਂ ਵਿਚ ਵੀ ਔਰਤ ਦੀ ਇਸ ਵੇਦਨਾ ਨੂੰ ਪੇਸ਼ ਕੀਤਾ ਹੈ ਉਹ, ਉਸ ਦੇ ਔਰਤ ਹੋਣ ਨੂੰ ਹੀ ਉਸ ਦਾ ਅੱਵਲ ਗੁਨਾਹ ਮੰਨਦੀ ਹੈ ਕਿਉਂਕਿ ਸਾਡੇ ਪਿਤਰਕੀ ਸਮਾਜ ਵਿਚ ਔਰਤ ਨੂੰ ਹਮੇਸ਼ਾ ਦੂਜੈਲਾ ਸਥਾਨ ਹੀ ਪ੍ਰਾਪਤ ਰਿਹਾ ਹੈ ਇਸੇ ਕਰਕੇ ਉਹ ਕਹਿੰਦੀ ਹੈ ਕਿ:-



ਹੱਥਲੀ ਕਹਾਣੀ ਸਮਾਜ ਦੀ ਇਕ ਹੋਰ ਗੰਭੀਰ ਸਮੱਸਿਆ ਨੂੰ ਵੀ ਪੇਸ਼ ਕਰਦੀ ਹੈ ਸਾਡੇ ਸਮਾਜ ਵਿੱਚ ਜਿਸ ਕੁੜੀ ਨੂੰ ਬੋਝ ਮੰਨਿਆ ਜਾਂਦਾ ਹੈ, ਜੰਮਦੇ ਹੀ ਕੁੱਖ 'ਚ ਮਾਰ ਦਿੱਤਾ ਜਾਂਦਾ ਹੈ, ਅਖੀਰ ਤੇ ਉਹੀ ਕੁੜੀ ਮਾਪਿਆਂ ਦਾ ਦਰਦ ਵੰਡਾਉਂਦੀ ਹੈ ਸਮਾਂ ਨਾ ਹੁੰਦਿਆਂ ਹੋਇਆਂ ਵੀ ਉਹ ਸਹੁਰੇ ਤੇ ਪੇਕੇ ਦੋਹਾਂ ਧਿਰਾਂ ਵਿਚ ਤਾਲਮੇਲ ਬਿਠਾ ਲੈਂਦੀ ਹੈ ਇਥੇ ਸਾਨੂੰ ਇਕ ਲੋਕਗੀਤ ਦੀਆਂ ਕੁਝ ਸਤਰਾਂ ਵੀ ਚੇਤੇ ਆਉਂਦੀਆਂ ਹਨ:

ਮਾਂ ਅਤੇ ਧੀ ਦੇ ਪਿਆਰ ਭਰੇ ਰਿਸ਼ਤਿਆਂ ਦਾ ਨਿੱਘ ਵੀ ਕਹਾਣੀ ਵਿਚ ਕਈ ਥਾਈਂ ਦੇਖਣ ਨੂੰ ਮਿਲਦਾ ਹੈ ਜਿਥੇ ਰਿਸ਼ਤਿਆਂ ਵਿਚ ਆਉਂਦੀ ਦੂਰੀ ਦੇ ਬਾਵਜੂਦ ਮਾਂ ਅਤੇ ਧੀ ਦਾ ਪਿਆਰ ਭਰਿਆ ਰਿਸ਼ਤਾ ਕਾਇਮ ਰਹਿੰਦਾ ਹੈ:-

ਮੈਨੂੰ ਹੀ ਨਹੀਂ, ਹਰ ਇਕ ਮਾਂ ਨੂੰ ਧੀ ਨਾਲ ਉਹੋ ਜਿਹੀ ਈ ਪ੍ਰੀਤ ਹੁੰਦੀ ਹੈ

ਪਰ ਪੁੱਤਰ ਜੋ ਮਾਂ-ਪਿਉ ਦੀਆਂ ਪਦਾਰਥਕ ਵਸਤਾਂ ਦੇ ਹੱਕਦਾਰ ਬਣਦੇ ਹਨ, ਵਾਰਸ ਹੁੰਦੇ ਨੇ, ਲੋੜ ਪੈਣ ਤੇ ਮਾਪਿਆਂ ਦੀ ਸੇਵਾ, ਸੰਭਾਲ ਅਤੇ ਨਿੱਘਾ ਪਿਆਰ ਦੇਣ ਤੋਂ ਅਸਮੱਰਥ ਹੁੰਦੇ ਹਨ ਆਪਣੇ ਮਾਪਿਆਂ ਪ੍ਰਤੀ ਫਰਜ਼ ਤੋਂ ਅਣਜਾਨ ਹੋ ਜਾਂਦੇ ਹਨ ਇਸ ਦੀ ਪੇਸ਼ਕਾਰੀ ਕਹਾਣੀ ਵਿਚ ਪੁੱਤਰ ਪਾਤਰ ਰਾਹੀਂ ਕੀਤੀ ਗਈ ਹੈ

ਅਜੋਕੇ ਵਿਸ਼ਵੀਕਰਨ ਦੇ ਦੌਰ ਵਿਚ, ਪਦਾਰਥਵਾਦ ਤੇ ਹੋਰ ਪੈਸਾ ਕਮਾਉਣ ਦੀ ਹਵਸ ਕਾਰਣ, ਮੱਨੁਖੀ ਮਨ ਚੋਂ ਮਾਂ ਦੇ ਪਿਆਰ ਪ੍ਰਤੀ ਕੋਮਲ ਭਾਵ ਅਤੇ ਮਾਂ ਪ੍ਰਤੀ ਫਰਜ਼ ਆਦਿ ਸਭ ਮਨਫੀ ਹੋ ਗਏ ਹਨ ਮੁੰਨੀ ਦਾ ਭਰਾ ਆਪਣੀ ਮਾਂ ਨਾਲ ਪਰਾਇਆ ਵਾਂਗ ਸਲੂਕ ਕਰਦਾ ਹੈ ਜਿਸ ਮਾਂ ਨੇ ਸਾਰੀ ਉਮਰ ਉਸ ਨੂੰ ਪਾਲਿਆ ਅਤੇ ਅੱਜ ਓਹ ਉਸ ਦੇ ਬੱਚਿਆਂ ਨੂੰ ਵੀ ਪਾਲ ਰਹੀ ਹੈ ਉਸੇ ਮਾਂ ਪ੍ਰਤੀ ਉਸਦਾ ਵਤੀਰਾ ਨਿਰਾਸ਼ਾਜਨਕ ਹੈ ਉਸ ਦੀ ਨਾ ਮਾਂ ਨਾਲ ਸਾਂਝ ਹੈ ਅਤੇ ਨਾ ਹੀ ਭੈਣ ਨਾਲ ਇਸੇ ਕਰਕੇ ਮਾਂ ਦੇ ਬਾਰ ਬਾਰ ਕਹਿਣ ਤੇ ਵੀ ਉਹ ਭੈਣ ਨੂੰ ਮਿਲਣ ਨਹੀਂ ਜਾਂਦਾ

ਜਿਥੋਂ ਤੱਕ ਇਸ ਕਹਾਣੀ ਦੀ ਬਣਤਰ ਦਾ ਸਵਾਲ ਹੈ ਤਾਂ ਇਸ ਦੀ ਬਿਰਤਾਂਤਕ ਉਸਾਰੀ ਲਈ ਲੇਖਕ ਨੇ ਸਹਿਜਤਾ ਅਤੇ ਸਰਲਤਾ ਤੋਂ ਕੰਮ ਲਿਆ ਹੈ ਕਹਾਣੀ ਦਾ ਸਿਰਲੇਖ ਢੁੱਕਵਾ ਹੈ ਜੋ ਅਜੋਕੇ ਸਮਾਜਕ ਜੀਵਨ ਵਿਚ ਘਰਾਂ ਦੇ ਬਦਲਦੇ ਸਮੀਕਰਣ ਨੂੰ ਪੇਸ਼ ਕਰਦਾ ਹੈ ਕਹਾਣੀ ਵਿਚ ਪਿਛਲਝਾਤ ਦੀ ਜੁਗਤ ਰਾਹੀਂ ਬਿਰਤਾਂਤ ਦੀ ਉਸਾਰੀ ਕੀਤੀ ਗਈ ਹੈ ਅਤੇ ਇਹ ਕਹਾਣੀ, ਵਰਤਮਾਨ, ਭੂਤਕਾਲ, ਫੇਰ ਭੂਤਕਾਲ ਤੇ ਵਰਤਮਾਨ ਕਾਲ ਦੇ ਸਮੇਂ ਵਿਚ ਵਿਚਰਦੀ ਦਿਖਾਈ ਦਿੰਦੀ ਹੈ ਧਾਰੀਵਾਲ ਨੇ ਬੜੀ ਸਾਦੀ ਤੇ ਸਰਲ ਭਾਸ਼ਾ ਰਾਹੀਂ ਡੂੰਘੇ ਮਨ ਦੀਆਂ ਮਨੋ ਸਥਿਤੀਆਂ ਨੂੰ ਪੇਸ਼ ਕੀਤਾ ਹੈ ਕਿਤੇ-ਕਿਤੇ ਉਹ ਲੋਕ ਗੀਤਕ ਭਾਸ਼ਾ ਦੀ ਵਰਤੋਂ ਵੀ ਕਰਦਾ ਹੈ:-

ਮਾਪੇ
ਲਾਡਾਂ ਨਾਲ ਪਾਲ ਕੇ ਧੀਆਂ
ਹੋ ਜਾਣ ਪਰਾਏ ਆਪੇ

ਇਉਂ ਇਹ ਕਹਾਣੀ ਅਜੋਕੇ ਵਿਸ਼ਵੀਕਰਨ ਦੇ ਦੌਰ ਵਿਚ, ਜਦੋਂ ਤਕਨਾਲੋਜੀ ਰਿਸ਼ਤਿਆਂ ਨੂੰ ਹੋਰ ਨੇੜ੍ਹੇ ਕਰਨ ਦੇ ਆਹਰ ਵਿਚ ਲੱਗੀ ਹੈ, ਭਾਵੁਕ ਤੌਰ ਤੋਂ ਇਕ ਦੂਜੇ ਤੋਂ ਦੂਰ ਹੋ ਗਏ ਰਿਸ਼ਤਿਆਂ ਦੀ ਗੱਲ ਕਰਦੀ ਹੈ ਅਤੇ ਇਸ ਗੱਲ ਵੱਲ ਸੰਕੇਤ ਕਰਦੀ ਹੈ ਕਿ

ਕਿਵੇਂ ਇਕੋ ਘਰ ਵਿਚ ਰਹਿੰਦੇ ਲੋਕ, ਇਕ ਦੂਜੇ ਤੋਂ ਅਸੰਤੁਸ਼ਟ ਹੋ ਕੇ ਅੰਤਰਮੁਖੀ ਹੋ ਗਏ ਹਨ  ਪਦਾਰਥਵਾਦੀ ਜੀਵਨ-ਜਾਚ ਦੇ ਕਾਰਨ ਅੱਜ ਘਰ ਦੇ ਅਰਥ ਬਦਲ ਗਏ ਹਨ ਅਤੇ ਹੁਣ ਘਰ ਵਿਚਲੇ ਇਹ ਰਿਸ਼ਤੇ, ਬਹੁਤੇ ਪੈਸਿਆਂ ਨਾਲ ਜੁੜ ਕੇ ਰਹਿ ਗਏ ਹਨ  ਇਹੀ ਕਾਰਨ ਹੈ ਕਿ ਰਿਸ਼ਤਿਆਂ ਵਿਚਲੀ ਭਾਵਨਾਤਮਕ ਸਾਂਝ ਖਤਮ ਹੋਣ ਦੇ ਕਾਰਨ, ਘਰ ਦੀਆਂ ਮਾਂਵਾਂ ਅਤੇ ਧੀਆਂ ਦਾ ਜੀਵਨ ਇਕ ਖਲਾਅ ਨਾਲ ਜੁੜ ਜਾਂਦਾ ਹੈ  ਵਪਾਰੀਕਰਨ ਦੇ ਇਸ ਜੁੱਗ ਵਿਚ, ਰਿਸ਼ਤਿਆਂ ਦੀ ਨੇੜ੍ਹਤਾ ਦੀ ਥਾਂ ਤੇ ਖਿੰਡਰ-ਪੁੰਡਰ ਜਾਣਾ ਹੀ ਇਸ ਕਹਾਣੀ ਦਾ ਦੁਖਾਂਤ ਹੋ ਨਿਬੜਦਾ ਹੈ  ਇਸ ਪ੍ਰਕਾਰ ਇਹ ਕਹਾਣੀ ਸਾਡੇ ਸਮਾਜ ਦੇ ਕੌੜੇ ਯਥਾਰਥ ਨੂੰ ਪੇਸ਼ ਕਰਦੀ, ਮੱਨੁਖੀ ਜੀਵਨ ਅਤੇ ਰਿਸ਼ਤਿਆਂ ਦੇ ਗਹਿਰੇ ਮਸਲਿਆਂ ਨੂੰ ਉਸਾਰ ਦਿੰਦੀ ਹੈ ਅਤੇ ਇਹ ਹੀ ਇਸ ਕਹਾਣੀ ਦੀ ਖ਼ੂਬਸੂਰਤੀ ਬਣ ਜਾਂਦੀ ਹੈ

ਹਵਾਲੇ


1- ਪ੍ਰਿ. ਤੇਜਾ ਸਿੰਘ, ਘਰ ਦਾ ਪਿਆਰ, ਕਸਤੂਰੀ ਲਾਲ ਐਂਡ ਸਨਜ਼, ਅੰਮ੍ਰਿਤਸਰ, 2009, ਪੰਨਾ- 9.

2- ਖ਼ਾਲਿਦ ਫ਼ਰਹਾਦ ਧਾਰੀਵਾਲ, ਘਰ, ਪੰਨਾ-284.

3- ਖ਼ਾਲਿਦ ਫ਼ਰਹਾਦ ਧਾਰੀਵਾਲ, ਘਰ, ਪੰਨਾ-284.

4- ਖ਼ਾਲਿਦ ਫ਼ਰਹਾਦ ਧਾਰੀਵਾਲ, ਘਰ, ਪੰਨਾ-285.

5- ਖ਼ਾਲਿਦ ਫ਼ਰਹਾਦ ਧਾਰੀਵਾਲ, ਘਰ, ਪੰਨਾ-285.

6- ਉਹੀ, ਪੰਨਾ-286

7- ਉਹੀ, ਪੰਨਾ-287.

8- ਡਾ. ਹਰਚੰਦ ਸਿੰਘ ਸਰਹਿੰਦੀhttps://www.punjabitribuneonline.com/ / Mar 08, 2014

9- https://www.punjabi-kavita.com/PunjabiLokGeet.php

10- ਖ਼ਾਲਿਦ ਫ਼ਰਹਾਦ ਧਾਰੀਵਾਲ, ਘਰ, ਪੰਨਾ-284.

11- ਖ਼ਾਲਿਦ ਫ਼ਰਹਾਦ ਧਾਰੀਵਾਲ, ਘਰ, ਪੰਨਾ-286.



ਅਸੋਸੀਏਟ ਪ੍ਰੋਫੈਸਰ

ਪੰਜਾਬੀ ਵਿਭਾਗ

ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਆਫ ਕਾਮਰਸ

ਦਿੱਲੀ ਯੂਨੀਵਰਸਿਟੀ

ਮੋ - 8700416670

ਈਮੇਲ-kaur.taranjeet@sggscc.ac.in




## ਇਕੱਲਤਾ ਦਾ ਸੂਖ਼ਮ ਬਿਰਤਾਂਤ: ਮਾਸ, ਮਿੱਟੀ ਤੇ ਮਾਇਆ


-ਡਾ. ਗੁਰਮੀਤ ਕੌਰ


ਪੰਜਾਬੀ ਕਹਾਣੀ ਮੁੱਢ ਤੋਂ ਹੀ ਆਪਣੇ ਵਿੱਚ ਵਿਅਕਤੀਗਤ ਸੰਕਟਾਂ ਦੇ ਵਿਕੋਲਿਤਰੇ ਵਿਸ਼ਿਆਂ ਦੀ ਤਰਜ਼ਮਾਨੀ ਕਰਦੀ ਰਹੀ ਹੈ  ਪੰਜਾਬੀ ਕਹਾਣੀ ਨੇ ਵਿਅਕਤੀਗਤ ਤੇ ਸਮਾਜਿਕ ਪੱਧਰ ਤੇ ਹਰ ਸੰਜੀਦਾ ਤੇ ਭਾਵਪੂਰਤ ਮਸਲੇ ਨੂੰ ਆਪਣਾ ਹਿੱਸਾ ਬਣਾਇਆ ਹੈ  ਸਮੇਂ ਦੀ ਤੇਜ਼ ਰਫ਼ਤਾਰ ਅਤੇ ਗਲੋਬਲੀ ਵਰਤਾਰੇ ਦੇ ਪ੍ਰਚਲਨ ਵਿਚਲੀ ਪੂੰਜੀ ਦੀ ਹੋੜ ਤੇ ਦੌੜ ਨੇ ਵਿਅਕਤੀ ਅੰਦਰ ਬੇਗਾਨਗੀ ਤੇ ਇਕਲਾਪੇ ਜਿਹੇ ਮਨੋ-ਸੰਕਟਾਂ, ਮਨੋ-ਦਵੰਦਾਂ ਜਿਹੇ ਸਰੋਕਾਰਾਂ ਨੂੰ ਨਿਰੰਤਰ ਕਾਰਜਸ਼ੀਲ ਕੀਤਾ ਤੇ ਪੰਜਾਬੀ ਕਹਾਣੀ ਅਜਿਹੇ ਸਰੋਕਾਰਾਂ ਨੂੰ ਬਹੁਤ ਡੂੰਘਾਈਪਰਕ ਰੂਪ ਵਿੱਚ ਪੇਸ਼ ਕਰ ਰਹੀ ਹੈ  ਪੂੰਜੀ ਦੀ ਇਸ ਦੌੜ ਦਾ ਇੱਕ ਹਿੱਸਾ ਆਪਣੀ ਮਾਤਭੂਮੀ ਨੂੰ ਛੱਡ ਵਿਦੇਸ਼ੀ ਧਰਤੀ ਤੇ ਪੈਰ ਜਮਾਉਣ ਨਾਲ ਜੁੜਿਆ ਹੋਇਆ ਹੈ  ਜਿਸ ਕਾਰਨ ਵਿਅਕਤੀ ਅੰਦਰ ਮਾਤਭੂਮੀ ਦਾ ਮੋਹ ਅਤੇ ਪਿੱਛੇ ਰਹਿ ਗਏ ਰਿਸ਼ਤਿਆਂ ਦੀ ਤੋਟ ਨੇ  ਇੱਕਲਤਾ ਨੂੰ ਭਰਿਆ  ਇਹੋ ਜਿਹੇ ਹੀ ਵਿਸ਼ੇ ਨੂੰ ਖਾਲਿਦ ਫਰਹਾਦ ਅਖ਼ਤਰ ਦੀ ਕਹਾਣੀ 'ਮਾਸ, ਮਿੱਟੀ ਤੇ ਮਾਇਆ' ਆਪਣਾ ਆਧਾਰ ਬਣਾਉਂਦੀ ਹੈ

ਕਹਾਣੀਕਾਰ ਦੀ ਇਸ ਕਹਾਣੀ ਵਿਚਲੇ ਬਿਰਤਾਂਤਕ ਪ੍ਰਵਚਨ ਦੀ ਇਹ ਖ਼ਾਸੀਅਤ ਹੈ ਕਿ ਕਹਾਣੀ ਦਾ ਬਿਰਤਾਂਤਕ ਪ੍ਰਵਚਨ ਸ਼ੁਰੂ ਹੀ ਸਵਾਲਾਂ ਤੋਂ ਹੁੰਦਾ ਹੈ:-

'ਮਾਸ-ਨਹੁੰਆਂ ਨਾਲ ਨਿਖੇੜੇ ਹੋਏ ਲਈ ਉਹਦਾ ਲਹੂ ਜੋਸ਼ ਕਿਉਂ ਮਾਰਦਾ?

ਮਿੱਟੀ-ਜਿੱਥੇ ਮੁੜ ਕਦੇ ਪੈਰ ਨਹੀਂ ਧਰਨਾ, ਸੁਫ਼ਨਿਆਂ ਵਿੱਚ ਉੱਥੇ ਕਿਉਂ ਫਿਰਦਾ ਰਹਿੰਦਾ ਏ?

ਮਾਇਆ- ਸੁਖਾਲਿਆਂ ਕਰਦੀ ਏ ਤਾਂ ਫਿਰ ਦੁੱਖ ਵੀ ਕਿਉਂ ਦਿੰਦੀ ਏ?'

ਇਹ ਇਸ ਕਹਾਣੀ ਦਾ ਸਿਰਲੇਖ ਵੀ ਏ, ਇਹ ਸਵਾਲ ਵੀ ਨੇ ਅਤੇ ਇਹ ਅੱਗੋਂ ਹੋਰ ਸਵਾਲਾਂ ਦੇ ਜਨਮਦਾਤਾ ਵੀ ਨੇ  ਇਹਨਾਂ ਸਵਾਲਾਂ ਦੇ ਜਵਾਬਾਂ ਦੀ ਤਲਾਸ਼ ਕਹਾਣੀ ਦਾ ਮੁੱਖ ਪਾਤਰ ਅਖਤਰ ਪੂਰੀ ਕਹਾਣੀ ਵਿੱਚ ਕਰਦਾ ਹੈ ਤੇ ਪਾਤਰ ਦੇ ਨਾਲ ਨਾਲ ਪਾਠਕ ਵੀ ਇਹਨਾਂ ਸਵਾਲਾਂ ਦੇ ਜਵਾਬ ਆਪਣੇ ਕੋਣ ਤੋਂ ਤਲਾਸ਼ਣ ਦੀ ਕੋਸ਼ਿਸ਼ ਕਰਦਾ ਹੈ  ਇਹ ਕਹਾਣੀ ਨਾਲ ਜੁੜੇ ਐਸੇ ਸਵਾਲ ਨੇ ਜਿਹਨਾਂ ਦੇ ਜਵਾਬ ਕਹਾਣੀ ਦੇ ਪਾਤਰ ਅਖ਼ਤਰ ਅੰਦਰ ਬੇਗਾਨਗੀ ਤੇ ਇਕਲਾਪੇ ਨੂੰ ਭਰਦੇ ਹਨ

ਵਿਦੇਸ਼ ਜਾਣ ਦੇ ਹਰ ਵਿਅਕਤੀ ਦੇ ਆਪੋ-ਆਪਣੇ ਕਾਰਨ ਹਨ ਪਰ ਇਕ ਕਾਰਨ ਜੋ ਸਾਰੇ ਵਿਅਕਤੀਆਂ ਦਾ ਸਾਂਝਾ ਹੈ ਉਹ ਹੈ ਮਾਇਆ ਭਾਵ ਪੈਸਾ ਕਮਾਉਣਾ ਵਿਦੇਸ਼ਾਂ ਵਿੱਚ ਕਮਾਈ ਕਰਕੇ ਆਪਣੇ ਵਤਨ ਵਿੱਚ ਪਿੱਛੇ ਰਹਿ ਗਏ ਰਿਸ਼ਤਿਆ ਨੂੰ ਭੇਜਣਾ ਤੇ ਉਥੇ ਜਮੀਨ ਜਾਇਦਾਦ ਤੇ ਹਰ ਐਸ਼ੋ-ਆਰਾਮ ਦਾ ਸਾਮਾਨ ਇੱਕਠਾ ਕਰਨਾ ਜਿਸਦਾ ਸੁਪਨਾ ਹਰ ਵਿਅਕਤੀ ਦੇਖਦਾ ਹੈ  ਕਹਾਣੀ ਦਾ ਪਾਤਰ ਅਖ਼ਤਰ ਵੀ ਆਪਣੇ ਪਰਿਵਾਰ ਆਪਣੇ ਪਿਤਾ ਨੂੰ ਸੁਖਾਲਿਆਂ ਕਰਨ ਲਈ ਤੇ ਉਸਦੀ ਪੈਂਠ ਸ਼ਰੀਕਾਂ ਵਿੱਚ ਉੱਚੀ ਕਰਨ ਲਈ ਇੰਗਲੈਂਡ ਪਹੁੰਚਦਾ ਹੈ  ਇਸਦਾ ਕਾਰਨ ਉਹ ਆਪਣੇ ਨਾਲ ਜੁੜੇ ਉਸ ਵਾਕਿਆ ਨੂੰ ਯਾਦ ਕਰਕੇ ਪਿੱਛਲਝਾਤ ਦੀ ਤਕਨੀਕ ਜ਼ਰੀਏ ਪਾਠਕ ਤਕ ਪਹੁੰਚਦਾ

ਕਰਦਾ ਹੈ  ਦਸ ਸਾਲ ਦੀ ਉਮਰ ਵਿੱਚ ਅਖ਼ਤਰ ਦੇ ਪੈਰ ‘ਤੇ ਲੜੇ ਸੱਪ ਦਾ ਇਲਾਜ ਕਰਾਉਣ ਲਈ ਉਸਦਾ ਪਿਓ ਉਸਨੂੰ ਮਾਂਦਰੀ ਕੋਲ ਮੋਢੇ ਚੱਕ ਕੇ ਲੈ ਕੇ ਜਾਂਦਾ ਹੈ ਕਿਉਂਕਿ ਉਸ ਕੋਲ ਕੋਈ ਸਵਾਰੀ ਨਹੀਂ  ਤਾਏ ਰਹਿਮੇ ਦੁਆਰਾ ਨੂਰੇ ਤੋਂ ਸਾਇਕਲ ਮੰਗ ਕੇ ਲਿਜਾਣ ਦੇ ਜਵਾਬ ਵਜੋਂ ਬੋਲਿਆ ਉਸਦੇ ਪਿਓ ਦਾ ਡਾਇਲਾਗ ਉਸਦੀ ਅੰਦਰਲੀ ਗੈਰਤ ਤੇ ਸਾਧਨਹੀਣਤਾ ਨੂੰ ਮਜਬੂਰੀ ਵਜੋਂ ਹੀ ਨਹੀਂ ਨਸ਼ਰ ਕਰਦਾ ਸਗੋਂ ਉਸਦੀ ਸਵੈ-ਹੋਂਦ ਦੇ ਸਮੱਗਰ ਰੂਪ ਦੀ ਤਰਜ਼ਮਾਨੀ ਵੀ ਕਰਦਾ ਹੈ:-

“ਭਲਾ-ਔਲਾਦ ਦਾ ਵੀ ਕੋਈ ਭਾਰ ਹੁੰਦਾ ਏ ਰਹਮਿਆ
ਖੋਭੇ ਵਿਚੋਂ ਪੈਰ ਪੁੱਟਦੇ ਪਿਓ ਨੇ ਹਫ਼ੀ ਆਵਾਜ਼ ਵਿੱਚ ਅੱਗੋ ਕਿਹਾ ਸੀ
ਪਿਓ ਉਹਦੇ ਨੂੰ ਸ਼ਰੀਕਾਂ ਕੋਲੋਂ ਸਾਇਕਲ ਮੰਗਣਾ ਚੰਗਾ ਨਹੀਂ ਸੀ ਲੱਗਦਾ ‘

ਅਖ਼ਤਰ ਦੇ ਮਨ ਅੰਦਰ ਪਿਆ ਬਚਪਨ ਵਿਚਲਾ ਇਹ ਵਾਕਿਆ ਉਸਦੇ ਇੰਗਲੈਂਡ ਜਾਣ ਦਾ ਆਧਾਰ ਬਣਦਾ ਹੈ  ‘ਪਿਓ ਦੀ ਹਫ਼ੀ ਆਵਾਜ’ ਅਤੇ ‘ਔਲਾਦ ਨੂੰ ਭਾਰ ਨਾ ਮੰਨਣ’ ਜਿਹੇ ਸੰਬੋਧਨੀ ਸ਼ਬਦ ਤੇ ਕਾਰਜ ਅਖ਼ਤਰ ਦੇ ਉਸ ਪਰਿਵਾਰਕ ਪਿਛੋਕੜ ਦੀ ਕਨਸੋਅ ਦੇ ਰਹੇ ਹਨ ਜੋ ਸਾਧਨ ਵਿਹੂਣਾ ਹੈ ਪਰ ਰਿਸ਼ਤਿਆ ਦਾ ਮੋਹ ਡੂੰਘ ਤੋਂ ਹੈ  ਆਪਣੇ ਪਰਿਵਾਰ ਦੀ ਇਸ ਸਾਧਨ-ਵਿਹੂਣਤਾ ਨੂੰ ਦੂਰ ਕਰਨ ਲਈ ਅਖ਼ਤਰ ਇੰਗਲੈਂਡ ਤਾਂ ਪਹੁੰਚ ਜਾਂਦਾ ਹੈ ਪਰ ਪਰਿਵਾਰਕ ਵਿਛੋੜੇ ਕਾਰਨ ਉਸ ਅੰਦਰਲਾ ਇੱਕਲਾਪਣ ਤੇ ਬੇਗਾਨਗੀ ਵੀ ਨਾਲ ਹੀ ਇੰਗਲੈਂਡ ਪਹੁੰਚਦੀ ਹੈ  ਪਿਓ ਦੀ ਮੌਤ ਦੀ ਖ਼ਬਰ ਉਸਨੂੰ ਵਿਦੇਸ਼ ਬੈਠੇ ਹੋਣ ਕਾਰਨ ਸਹਿਜੇ-ਸਹਿਜੇ ਦੱਸੀ ਜਾਂਦੀ ਹੈ  ਜਿਸ ਪਿਓ ਦੇ ਬੋਲ ਪੁਗਾਉਣ ਤੇ ਉਸਦੀ ਪੈਂਠ ਸ਼ਰੀਕਾਂ ਵਿੱਚ ਬਣਾਉਣ ਖ਼ਾਤਿਰ ਉਹ ਵਿਦੇਸ਼ ਜਾਂਦਾ ਹੈ, ਅੰਤਿਮ ਸਮੇਂ ਉਸੇ ਪਿਓ ਦੇ ਉਹ ਆਖਰੀ ਦਰਸ਼ਨ ਨਹੀਂ ਕਰ ਪਾਉਂਦਾ, ਉਸਨੂੰ ਆਪਣੇ ਹੱਥਾਂ ਨਾਲ ਕਬਰ ਵਿੱਚ ਨਹੀਂ ਦਫ਼ਨਾ ਪਾਉਂਦਾ ਏਥੇ ਕਹਾਣੀ ਵਿੱਚ ਸਮਝਣ ਵਾਲੀ ਗੱਲ ਇਹ ਹੈ ਕਿ ਅਖ਼ਤਰ ਦੇ ਵਿਦੇਸ਼ ਪਹੁੰਚਣ ਤੇ ਉਸ ਕੋਲ ਮਾਇਆ ਹੈ, ਮਾਇਆ ਨੇ ਸੌਖਾ ਵੀ ਕਰ ਦਿੱਤਾ ਪਰ ਨਾਲ ਹੀ ਰਿਸ਼ਤਿਆਂ ਤੋਂ ਦੂਰ ਕਰ ਦਿੱਤਾ, ਰਿਸ਼ਤਿਆਂ ਦੇ ਦੁੱਖ ਵਿੱਚ ਸ਼ਾਮਿਲ ਹੋਣ ਤੋਂ ਵਾਂਝੇ ਕਰ ਦਿੱਤਾ  ਏਥੇ ਹੀ ਨਹੀਂ ਕਹਾਣੀ ਇਸ ਤੋਂ ਹੋਰ ਅੱਗੇ ਜਾ ਕੇ ਅਖ਼ਤਰ ਦੀ ਤ੍ਰਾਸਦੀ ਨੂੰ ਹੋਰ ਡੂੰਘਾ ਤੇ ਹਿਰਦੇਵੇਧਕ ਬਣਾਉਂਦੀ ਹੈ ਕਿ ਅਖ਼ਤਰ ਕੋਲ ਮਾਇਆ ਤਾਂ ਹੈ ਪਰ ਆਪਣੇ ਪਿਓ ਦੀ ਮੌਤ ਦਾ ਦੁੱਖ ਸਾਂਝਾ ਕਰਨ ਲਈ ਕੋਈ ਵਿਅਕਤੀ ਨਹੀਂ  ਅਖ਼ਤਰ ਆਪਣੇ ਇਸ ਦੁੱਖ ਨੂੰ ਕਿਸ ਨਾਲ ਸਾਂਝਾ ਕਰੇ ਕਹਾਣੀ ਵਿੱਚ ਇਹ ਸਭ ਤੋਂ ਵੱਡਾ ਸਵਾਲ ਬਣ ਜਾਂਦਾ ਹੈ  ਵਿਦੇਸ਼ੀ ਧਰਤੀ ਤੇ ਓਪਰੀ ਮਿੱਟੀ ਵਿਚ ਓਪਰੇ ਬੰਦਿਆਂ ਵਿਚਕਾਰ ਘਿਰਿਆ ਉਹ ਓਪਰਾਪਨ ਮਹਿਸੂਸ ਕਰ ਇਕੱਲਤਾ ਦਾ ਭਾਗੀਦਾਰ ਬਣਦਾ ਹੈ  ਪਿਓ ਦੀ ਮੌਤ ਦਾ ਦੁੱਖ ਬਹੁਤ ਵੱਡਾ ਹੈ  ਜਿਸਦਾ ਕਥਾਰਸਿਸ ਹੋਣਾ ਬਹੁਤ ਜ਼ਰੂਰੀ ਹੈ ਪਰ ਦੁੱਖ ਸਾਂਝਾ ਕਰਨ ਲਈ ਕੋਈ ਵਿਅਕਤੀ, ਕੋਈ ਆਪਣਾ ਉਸ ਕੋਲ ਮੌਜੂਦ ਨਹੀਂ  ਅਖੀਰ ਉਹ ਕੰਧ ‘ਤੇ ਪੈ ਰਹੇ ਆਪਣੇ ਪਰਛਾਵੇਂ ਨੂੰ ਦੂਜਾ ਵਿਅਕਤੀ ਮੰਨ ਉਸਦੇ ਗਲ ਲੱਗ ਆਪਣੇ ਦੁੱਖ ਦਾ ਕਥਾਰਸਿਸ ਕਰਦਾ ਹੈ:-

“ਕਿਸਦੇ ਗਲ ਲੱਗ ਕੇ ਰੋਏ ਪਰ ਅਜਿਹਾ ਕੋਈ ਮਿਲਿਆ ਨਹੀਂ ਸੀ  ਅਖੀਰ ਕੰਧ ਤੇ ਨਜ਼ਰੀਂਦੇ ਆਪਣੇ ਹੀ ਪਰਛਾਵੇਂ ਨੂੰ ਦੂਜਾ ਵਿਅਕਤੀ ਮੰਨ ਕੇ ਉਸ ਨਾਲ ਇਹ



ਦੁੱਖ ਸਾਂਝਾ ਕਰ ਲਿਆ ਤੇ ਕੰਧ ਨਾਲ ਸਿਰ ਟਿਕਾ ਕੇ ਉਦੋਂ ਤੀਕ ਰੋਂਦਾ ਰਿਹਾ ਜਦੋਂ ਤੀਕ ਦਿਲ ਦਾ ਬੋਝ ਹਲਕਾ ਨਹੀਂ ਹੋ ਗਿਆ  ਇਸ ਤੋਂ ਬਿਨਾਂ ਹੋਰ ਚਾਰਾ ਵੀ ਕੀ ਸੀ?“

ਆਪਣੀ ਮਾਤਭੂਮੀ ਆਪਣੀ ਮਿੱਟੀ ਛੱਡ ਵਿਦੇਸ਼ੀ ਧਰਤੀ ਤੇ ਰਹਿ ਰਹੇ ਵਿਅਕਤੀ ਦੀ ਇਹ ਹੋਣੀ, ਇਹ ਤ੍ਰਾਸਦੀ ਬਹੁਤ ਹੀ ਹਿਰਦੇਵੇਧਕ ਹੈ  ਮਾਇਆ ਹੈ, ਪਰ ਸੰਤੁਸ਼ਟੀ ਨਹੀਂ, ਸਿਰਫ ਇੱਕਲਤਾ ਹੈ  ਦੁੱਖ ਹੈ ਪਰ ਸਾਂਝਾ ਕਰਨ ਲਈ ਕੋਈ ਵਿਅਕਤੀ ਨਹੀਂ  ਉਸਦਾ ਆਪਣਾ ਪਰਛਾਵਾਂ ਹੀ ਦੂਜਾ ਵਿਅਕਤੀ ਬਣ ਉਸਦੇ ਦੁੱਖ ਦਾ ਕਥਾਰਸਿਸ ਕਰਨ ਲਈ ਆਪਣਾ ਮੋਢਾ ਦਿੰਦਾ ਹੈ  ਭਾਵ ਬੇਗਾਨੀ ਧਰਤੀ ਤੇ ਬੇਗਾਨੀ ਮਿੱਟੀ ਵਿਚ ਵਿਅਕਤੀ ਆਪ ਹੀ ਦੋ ਵਿਅਕਤੀਆਂ ਦੇ ਤੌਰ ਤੇ ਕਾਰਜਸ਼ੀਲ ਰਹਿੰਦਾ ਹੈ  ਆਪਣੀ ਇੱਕ ਹੋਂਦ ਨੂੰ ਦੋ ਹੋਂਦਾਂ ਮੰਨਣ ਲਈ ਮਜਬੂਰ ਹੈ  ਇਹ ਬੜੀ ਅਜੀਬ ਸਥਿਤੀ ਹੈ  ਤਾਂ ਕੀ ਇਹ ਸੱਚ ਹੈ ਕਿ ਮਾਇਆ ਸੌਖਾ ਤਾਂ ਕਰਦੀ ਹੈ ਪਰ ਨਾਲ ਹੀ ਇੱਕਲਾ ਵੀ ਕਰਦੀ ਹੈ

ਵਿਦੇਸ਼ੀ ਧਰਤੀ ਦੀ ਓਪਰੀ ਮਿੱਟੀ ਵਿਚੋਂ ਮਾਇਆ ਇਕੱਠੀ ਕਰ ਆਪਣੇ ਵਤਨ ਵਿੱਚ ਪਿਛੇ ਰਹਿ ਗਏ ਰਿਸ਼ਤਿਆਂ ਲਈ ਖੁਸ਼ੀਆਂ ਇੱਕਠੀਆਂ ਕਰਨ ਦੇ ਕਾਰਜ ਵਿੱਚ ਅਖ਼ਤਰ ਇੱਕਲਤਾ ਦੇ ਸੰਤਾਪ ਨੂੰ ਹੰਢਾਉਂਦਾ ਹੈ  ਆਪਣੇ ਇਸ ਇਕਲਾਪੇ ਨੂੰ ਭਰਨ ਅਤੇ ਨਵੀਂ ਧਰਤੀ ਤੇ ਨਵੇਂ ਰਿਸ਼ਤਿਆਂ ਨੂੰ ਬਣਾਉਣ ਲਈ ਅਖ਼ਤਰ ਇੰਗਲੈਂਡ ਦੀ ਮੂਲ ਨਿਵਾਸੀ ਕੈਥਰੀਨ ਨਾਲ ਵਿਆਹ ਰਚਾਉਂਦਾ ਹੈ  ਪਰ ਇਸ ਵਿਆਹ ਦਾ ਰੂਪ ਸਮਝੌਤਾ ਰੂਪੀ ਹੈ  ਇਹ ਵਿਆਹ ਅਖ਼ਤਰ ਅੰਦਰਲੀ ਇੱਕਲਤਾ ਨੂੰ ਖਾਰਜ ਨਹੀਂ ਕਰਦਾ ਸਗੋਂ ਹੋਰ ਡੂੰਘੇਰਾ ਕਰਦਾ ਹੈ  ਕਿਉਂਕਿ ਅਖ਼ਤਰ ਤੇ ਕੈਥਰੀਨ ਦੀ ਮੂਲ ਮਿੱਟੀ ਵਿੱਚ ਫਰਕ ਹੈ  ਇਹ ਵਿਆਹ ਅਖ਼ਤਰ ਦੀ ਮੂਲ ਮਿੱਟੀ ਦੀਆਂ ਰਸਮਾਂ ਰੀਤਾਂ ਤੋ ਬਿਨਾਂ ਰਚਾਇਆ ਜਾਂਦਾ ਹੈ  ਇਹ ਉਸਦੀ ਇੱਕਲਤਾ ਨੂੰ ਹੋਰ ਡੂੰਘਾ ਕਰਦਾ ਹੈ  ਏਥੇ ਕਹਾਣੀ ਕਾਰ ਵਿਆਹ ਦੀ ਪਰਿਭਾਸ਼ਾ ਨੂੰ ਸਿਰਜਤ ਕਰਦਾ ਨਜ਼ਰੀ ਪੈਂਦਾ ਹੈ:-

“ਨਿਕਾਹ ਦੋ ਜਿਸਮਾਂ ਦੇ ਮੇਲ ਦਾ ਇਜ਼ਾਜ਼ਤਨਾਮਾ ਈ ਨਹੀ ਹੁੰਦਾ, ਸਗੋਂ ਗੂੜੇ ਸਾਂਗੇ ਦਾ ਮੁੱਢ ਵੀ ਹੁੰਦਾ ਹੈ  ਜੀਹਨੇ ਆਪ ਅੱਗੋਂ ਕਈ ਰਿਸ਼ਤਿਆਂ ਨੂੰ ਜਨਮ ਦੇਣਾ ਹੁੰਦਾ ਹੈ “

ਪਰ ਸਮੱਸਿਆ ਤਾਂ ਏਥੇ ਹੀ ਹੈ  ਅਖ਼ਤਰ ਤੇ ਕੈਥਰੀਨ ਦੀ ਮੂਲ ਮਿੱਟੀ ਵਿਚਲਾ ਫਰਕ ਰਿਸ਼ਤਿਆਂ ਵਿਚਲੇ ਫਰਕ ਨੂੰ ਵੀ ਸਿਰਜਤ ਕਰੇਗਾ ਕਿਉਂਕਿ ਹਰ ਮਿੱਟੀ ਦੇ ਆਪੋ-ਆਪਣੇ ਰਿਸ਼ਤੇ ਹੁੰਦੇ ਹਨ  ਇਸੇ ਕਾਰਨ ਅਖ਼ਤਰ ਤੇ ਕੈਥਰੀਨ ਦੇ ਰਿਸ਼ਤਿਆਂ ਵਿੱਚ ਵੀ ਫਰਕ ਰਹੇਗਾ  ਦੋਂ ਅਲੱਗ ਅਲੱਗ ਸਭਿਆਚਾਰਾਂ ਨਾਲ ਜੁੜੀਆਂ ਮਿੱਟੀਆਂ ਵਿਚਾਲੇ ਵਿਅਕਤੀਆਂ ਦਾ ਵਿਆਹ ਰੂਪੀ ਕਾਰਜ ਜ਼ਰੀਏ ਇੱਕ ਹੋਣਾ ਜ਼ਰੂਰੀ ਨਹੀਂ ਬਹੁਤੇਰੇ ਰਿਸ਼ਤਿਆਂ ਦੇ ਪਨਪਣ ਦਾ ਆਗਾਜ ਕਰੇ  ਇਹ ਰਿਸ਼ਤਿਆਂ ਵਿਚਲੀ ਅਪਣਤ ਅਤੇ ਸਾਂਝ ਉੱਪਰ ਅੰਕੁਸ਼ ਵੀ ਲਾ ਸਕਦਾ ਹੈ  ਜਿਵੇਂ ਕਿ ਇਸ ਕਹਾਣੀ ਵਿੱਚ ਵਾਪਰਦਾ ਹੈ  ਕੈਥਰੀਨ ਤੇ ਬੱਚਿਆਂ ਦੀ ਅਖ਼ਤਰ ਦੀ ਮੂਲ ਮਿੱਟੀ ਵਿਚ ਵਸ ਰਹੇ ਜਿਊਂਦੇ ਤੇ ਮਰ ਚੁੱਕੇ ਵਿਅਕਤੀਆਂ ਤੇ ਰਿਸ਼ਤਿਆ ਨਾਲ ਕੋਈ ਮੋਹ ਵਾਲੀ ਸਾਂਝ ਨਹੀਂ  ਕਿਉਂਕਿ ਕੋਈ ਵੀ ਵਿਅਕਤੀ ਜਿਸ ਧਰਤੀ ਉੱਪਰ ਜਨਮ ਲੈਂਦਾ ਤੇ ਵੱਡਾ ਹੁੰਦਾ ਏ, ਉਹ ਉਸੇ ਧਰਤੀ ਦੇ ਰਿਸ਼ਤਿਆਂ ਤੇ ਸਭਿਆਚਾਰ ਨੂੰ ਆਪਣਾਉਂਦਾ ਹੈ  ਤੇ ਉਸੇ ਮਿੱਟੀ ਨਾਲ ਉਸਦਾ ਰਿਸ਼ਤਾ ਨਹੁੰ ਤੇ ਮਾਸ

ਵਾਲਾ ਹੁੰਦਾ ਹੈ ਇਸੇ ਕਾਰਨ ਕੈਥਰੀਨ ਤੇ ਬੱਚੇ ਇੰਗਲੈਂਡ ਦੇ ਮੂਲ ਨਿਵਾਸੀ ਹੋਣ ਦੇ ਨਾਤੇ ਉਸ ਮਿੱਟੀ ਨਾਲ ਤਾਂ ਆਪਣੀ ਸਾਂਝ ਦਰਸਾਉਂਦੇ ਹਨ ਪਰ ਅਖ਼ਤਰ ਦੀ ਮੂਲ ਪਾਕਿਸਤਾਨੀ ਧਰਤੀ ਨਾਲ ਉਹਨਾਂ ਦੀ ਕੋਈ ਸਾਂਝ ਨਹੀਂ

ਏਥੇ ਅਖ਼ਤਰ ਦੀ ਇਕੱਲਤਾ ਦਾ ਸੰਕਟ ਹੋਰ ਡੂੰਘਾ ਹੋ ਜਾਂਦਾ ਹੈ ਨਵੇਂ ਰਿਸ਼ਤਿਆਂ ਵਿੱਚੋਂ ਪਿੱਛੇ ਰਹਿ ਗਏ ਰਿਸ਼ਤਿਆਂ ਦੀ ਤਲਾਸ਼ ਅਕਾਰਥ ਜਾਂਦੀ ਹੈ ਇਥੇ ਅਖ਼ਤਰ ਲਈ ਫੇਰ ਇਹ ਸਵਾਲ ਖੜਾ ਹੋ ਜਾਂਦਾ ਹੈ ਕਿ ਉਹ ਪਿੱਛੇ ਰਹਿ ਗਏ ਰਿਸ਼ਤਿਆਂ ਨੂੰ ਕਿਵੇਂ ਆਪਣੀ ਮੌਜੂਦਾ ਜ਼ਿੰਦਗੀ ਵਿੱਚ ਸ਼ਾਮਿਲ ਕਰੀਂ ਰੱਖੇ? ਤਾਂ ਇਸਦਾ ਹੱਲ ਉਹ ਡਰਾਇੰਗ ਰੂਮ ਵਿੱਚ ਆਪਣੇ ਪਿਛੇ ਰਹਿ ਗਏ ਰਿਸ਼ਤਿਆਂ ਦੀਆਂ ਫੋਟੋਆਂ ਫਰੇਮ ਕਰਵਾ ਕੇ ਟੰਗਣ ਵਿਚੋਂ ਕੱਢਦਾ ਹੈ ਜੋ ਉਸਨੂੰ ਥੋੜ ਚਿਰਾ ਸਕੂਨ ਦਿੰਦੀਆਂ ਹਨ ਪਰ ਉਸ ਦੁਆਰਾ ਟੰਗੀਆਂ ਫੋਟੋਆਂ ਉਸਦੀ ਪਤਨੀ ਕੈਥਰੀਨ ਅਤੇ ਬੱਚਿਆਂ ਲਈ ਵਿਅੰਗ ਅਤੇ ਤਨਜ਼ ਦਾ ਸ਼ਿਕਾਰ ਬਣਦੀਆਂ ਹਨ ਜੋ ਉਹਨਾਂ ਦੀ ਮੂਲ ਮਿੱਟੀ ਤੇ ਅਖ਼ਤਰ ਦੀ ਮੂਲ ਮਿੱਟੀ ਵਿਚਲੇ ਫਰਕ ਨੂੰ ਦਰਸਾਉਂਦੀਆਂ ਹਨ

ਏਥੇ ਕਹਾਣੀ ਵਿੱਚ ਇਕ ਨੁਕਤਾ ਹੋਰ ਸਮਝਣ ਵਾਲਾ ਹੈ ਕਿ ਪਹਿਲਾਂ ਅਖ਼ਤਰ ਆਪਣੇ ਪਿਤਾ ਦੀ ਮੌਤ ਦੇ ਦੁੱਖ ਨੂੰ ਕੰਧ ਉੱਪਰ ਪੈ ਰਹੇ ਆਪਣੇ ਪਰਛਾਵੇਂ ਨੂੰ ਦੂਜਾ ਵਿਅਕਤੀ ਮੰਨ ਘੱਟ ਕਰਨ ਦੀ ਕੋਸ਼ਿਸ਼ ਕਰਦਾ ਹੈ ਉਦੋਂ ਉਹ ਇੱਕਲਾ ਸੀ ਪਰ ਹੁਣ ਉਸ ਕੋਲ ਪਤਨੀ ਤੇ ਬੱਚੇ ਪਰਿਵਾਰ ਰੂਪ ਵਿੱਚ ਮੌਜੂਦ ਹਨ ਪਰ ਫਿਰ ਵੀ ਉਹ ਸਕੂਨ ਕੰਧ ਤੇ ਫੋਟੋਆਂ ਟੰਗ ਕੇ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ ਇਸਦਾ ਭਾਵ ਉਹ ਹੁਣ ਵੀ ਇੱਕਲਾ ਹੀ ਹੈ ਉਸਦੇ ਇਹਨਾਂ ਦੋਵਾਂ ਕਾਰਜਾਂ ਵਿੱਚ ਕੰਧ ਦਾ ਚਿਹਨ ਸਾਂਝੇ ਰੂਪ ਵਿੱਚ ਕਾਰਜਸ਼ੀਲ ਹੈ ਭਾਵ ਕਿ ਉਹ ਹੁਣ ਵੀ ਬੇਜਾਨ ਚੀਜਾਂ ਵਿੱਚੋਂ ਵਿਅਕਤੀਗਤ ਹੋਂਦ ਦੀ ਤਲਾਸ਼ ਕਰ ਆਪਣੇ ਇਕਲਾਪੇ ਨੂੰ ਦੂਰ ਕਰਨ ਦੇ ਆਹਰ ਵਿੱਚ ਹੈ ਹੁਣ ਵੀ ਪਰਿਵਾਰ ਦੇ ਹੁੰਦੇ ਹੋਏ ਉਸ ਕੋਲ ਗੱਲ ਕਰਨ ਵਾਲਾ ਕੋਈ ਨਹੀਂ ਇਹ ਸਥਿਤੀ ਵੀ ਬੜੀ ਅਜੀਬ ਹੈ ਜਾਂ ਕਹਿ ਸਕਦੇ ਹਾਂ ਕਿ ਅਖ਼ਤਰ ਦੀ ਓਪਰੀ ਮਿੱਟੀ ਵਿਚਲੀ ਪਰਿਵਾਰਕ ਹੋਂਦ ਵਿੱਚੋਂ ਮੂਲ ਪਰਿਵਾਰ ਦੀ ਤਲਾਸ਼ ਦੀ ਦਿਸ਼ਾ ਹੀ ਗਲਤ ਹੈ ਕਿਉਂਕਿ ਡਰਾਇੰਗ ਰੂਮ ਦਾ ਸੰਕਲਪ ਹੀ ਨਵੀਨ ਸ਼ੈਲੀ ਦੇ ਉਹਨਾਂ ਘਰਾਂ ਦਾ ਚਿਹਨ ਹੈ ਜੋ ਮਾਇਆ ਦੇ ਸਿਰ ਤੇ ਉਸਾਰੇ ਜਾਂਦੇ ਹਨ ਅਖ਼ਤਰ ਨਵੀਨਤਾ ਵਿਚੋਂ ਪੁਰਾਤਨਤਾ ਦੀ ਤਲਾਸ਼ ਕਰ ਰਿਹਾ ਹੈ ਨਵੇਂ ਰਿਸ਼ਤਿਆਂ ਵਿਚੋਂ ਪੁਰਾਣੇ ਰਿਸ਼ਤਿਆਂ ਦੀਆਂ ਤੰਦਾਂ ਲੱਭ ਰਿਹਾ ਹੈ ਨਵੀਂ ਮਿੱਟੀ ਵਿੱਚੋਂ ਪੁਰਾਣੀ ਮੂਲ ਮਿੱਟੀ ਦੀ ਤਲਾਸ਼ ਕਰ ਰਿਹਾ ਹੈ ਪਰ ਉਸਨੂੰ ਅਜਿਹਾ ਕੁਝ ਨਹੀਂ ਲੱਭਦਾ ਜਿੱਥੋਂ ਅਖ਼ਤਰ ਸਭ ਕੁਝ ਲੱਭ ਰਿਹਾ ਹੈ ਉੱਥੇ ਸਿਰਫ ਮਾਇਆ ਹੈ, ਪ੍ਰੈਕਟੀਕਲ ਜਿੰਦਗੀ ਹੈ, ਮਿੱਟੀ ਨਹੀਂ ਉਸਦੀ ਤਲਾਸ਼ ਦੀ ਗਲਤ ਦਿਸ਼ਾ ਹੀ ਉਸਦੇ ਇਕਲਾਪੇ ਦਾ ਕਾਰਨ ਬਣਦੀ ਹੈ ਉਹ ਆਪਣੇ ਭੂਤ ਨਾਲ ਜੁੜਿਆ ਹੋਣ ਕਰਕੇ ਵਰਤਮਾਨ ਵਿੱਚ ਖਿੱਲਰੇ ਰੂਪ ਵਿੱਚ ਵਿਚਰ ਰਿਹਾ ਹੈ ਤੇ ਭਵਿੱਖ ਨੂੰ ਪ੍ਰਸ਼ਨਚਿੰਨਤ ਕਰ ਰਿਹਾ ਹੈ

ਵਿਦੇਸ਼ੀ ਤੇ ਮੂਲ ਮਿੱਟੀ ਵਿਚਲੇ ਵਖਰੇਵੇਂ ਕਾਰਨ ਸਿਰਫ਼ ਰਿਸ਼ਤਿਆਂ ਵਿਚਲੀ ਸੰਜੀਦਗੀ ਵਿੱਚ ਹੀ ਫਰਕ ਨਹੀਂ ਵਾਪਰਦਾ ਸਗੋਂ ਅਖ਼ਤਰ ਤੇ ਉਸ ਵਾਂਗ ਹੀ ਵਿਦੇਸ਼ੀ



ਧਰਤੀ ਤੇ ਭੂ-ਹੇਰਵਾ ਨੂੰ ਹੰਢਾ ਰਿਹਾ ਉਸਦਾ ਦੋਸਤ ਰਾਜੂ ਆਪਣੀ ਭਾਸ਼ਾ ਦੇ ਪਿੱਛੇ ਛੁਟ ਜਾਣ ਕਾਰਨ ਬੋਲੀ ਹੇਰਵੇ ਦਾ ਵੀ ਸ਼ਿਕਾਰ ਹੰਦਾ ਹੈਃ-

"ਯਾਰਾ ਸਾਰਾ ਦਿਨ ਅੰਗਰੇਜ਼ੀ ਬੋਲ-ਬੋਲ ਕੇ ਮੂੰਹ ਥੱਕ ਜਾਂਦਾ ਏ, ਆਪਣੀ ਬੋਲੀ ਤਾਂ ਸਾਲੇ ਅੰਗਰੇਜ਼ਾਂ ਨੂੰ ਗਾਲ੍ਹਾਂ ਕੱਢਣ ਦੇ ਈ ਕੰਮ ਆਉਂਦੀ ਏ, ਏਥੇ ਤਾਂ ਆਪਣੀ ਬੋਲੀ ਸੁਣਨ ਨੂੰ ਵੀ ਸਹਿਕ ਜਾਈਦਾ ਏ "

ਮਿੱਟੀ ਵਿਚਲਾ ਫਰਕ ਸਿਰਫ ਸਭਿਆਚਾਰਕ ਰਵਾਇਤਾਂ ਅਤੇ ਰਿਸ਼ਤਿਆਂ ਵਿਚ ਹੀ ਬਦਲਾਵ ਨਹੀਂ ਲੈ ਕੇ ਆਉਂਦਾ ਸਗੋਂ ਭਾਸ਼ਾਈ ਸੰਚਾਰ ਨੂੰ ਵੀ ਪ੍ਰਭਾਵਿਤ ਕਰਦਾ ਹੈ ਕਿਉਂਕਿ ਹਰ ਮਿੱਟੀ ਦਾ ਆਪਣਾ ਸਭਿਆਚਾਰ ਰਿਸ਼ਤਾ ਨਾਤਾ ਪ੍ਰਬੰਧ ਤੇ ਭਾਸ਼ਾਈ ਉਸਾਰ ਹੈ ਤੇ ਵਿਅਕਤੀ ਨੂੰ ਉਸ ਮਿੱਟੀ ਮੁਤਾਬਿਕ ਹੀ ਢਲਣਾ ਪੈਂਦਾ ਹੈ ਜਿਸ ਮਿੱਟੀ ਵਿਚ ਉਹ ਰਹਿ ਰਿਹਾ ਹੈ,ਮਿੱਟੀ ਵਿਅਕਤੀ ਮੁਤਾਬਿਕ ਨਹੀਂ ਢਲਦੀ

ਰਤੀ ਚਾਹੇ ਕੋਈ ਵਿਅਕਤੀ ਬਦਲੇ ਆਪਣੀ ਮਿੱਟੀ ਦੀ ਖਿੱਚ ਉਸ ਅੰਦਰ ਬਣੀ ਰਹਿੰਦੀ ਹੈ ਪਰ ਇਹ ਖਿੱਚ ਅਸਲ ਮਿੱਟੀ ਦੇ ਨਾਲ ਨਾਲ ਉਸ ਵਿਚੋਂ ਉਪਜੇ ਮਾਸ ਭਾਵ ਰਿਸ਼ਤਿਆਂ ਦੀ ਹੁੰਦੀ ਹੈ ਜਿੱਥੇ ਰਿਸ਼ਤਿਆਂ ਦੀ ਖਿੱਚ ਹੁੰਦੀ ਹੈ ਉੱਥੇ ਓਪਰੀ ਮਿੱਟੀ ਵੀ ਆਪਣੀ ਬਣ ਜਾਂਦੀ ਹੈ ਜਿਵੇਂ ਇਸ ਕਹਾਣੀ ਵਿੱਚ ਅਖ਼ਤਰ ਦੁਆਰਾ ਰਾਜੂ ਨੂੰ ਸੁਣਾਇਆ ਗਿਆ ਗੋਰੇ ਸਾਈਮਨ ਦਾ ਕਥਾ ਬਿਰਤਾਂਤ ਗੋਰਾ ਸਾਈਮਨ ਭਾਰਤ ਆਜ਼ਾਦ ਹੋਣ ਮਗਰੋਂ ਅੰਗਰੇਜ਼ਾਂ ਨਾਲ ਵਾਪਿਸ ਇੰਗਲੈਂਡ ਨਹੀਂ ਜਾਂਦਾ ਕਿਉਂਕਿ ਲਾਹੌਰ ਦੇ ਕਬਰਿਸਤਾਨ ਵਿੱਚ ਉਸਦੀ ਪਤਨੀ ਡਾਇਨਾ ਤੇ ਦੋ ਬਾਲ ਅਲਜੈਬਥ ਤੇ ਬੈਂਜਾਮਨ ਦਫਨ ਨੇ ਇਸੇ ਕਾਰਨ ਲਾਹੌਰ ਦੀ ਮਿੱਟੀ ਦੀ ਖਿੱਚ ਉਸਨੂੰ ਵਾਪਿਸ ਨਹੀਂ ਜਾਣ ਦਿੰਦੀ ਕਿਉਂਕਿ ਸਾਈਮਨ ਦਾ ਮਨ ਉਸਦੀ ਸੁਰਤ ਲਾਹੌਰ ਦੀ ਮਿੱਟੀ ਵਿੱਚ ਦਫ਼ਨ ਆਪਣੇ ਰਿਸ਼ਤਿਆਂ ਨਾਲ ਜੁੜੀ ਹੋਈ ਹੈ ਉਹ ਰੁੱਖਾਂ ਨਾਲ ਸੰਵਾਦ ਰਚਾਉਂਦਾ ਹੋਇਆ ਪਾਗਲ ਹੋ ਪਾਗਲਖਾਨੇ ਪਹੁੰਚ ਜਾਂਦਾ ਹੈ ਉਸਦੀ ਗੱਲ, ਉਸਦੀ ਭਾਸ਼ਾ ਸਮਝਣ ਵਾਲਾ ਉਸ ਕੋਲ ਕੋਈ ਵਿਅਕਤੀ ਨਹੀਂ ਜਿਹਨਾਂ ਨੂੰ ਉਸਦੀ ਭਾਸ਼ਾ ਸਮਝ ਵਿੱਚ ਆਉਂਦੀ ਹੈ ਉਹਨਾਂ ਕੋਲ ਉਸਦੀ ਗੱਲ ਸੁਣਨ ਦੀ ਵਿਹਲ ਨਹੀਂ ਇਸੇ ਕਾਰਨ ਉਹ ਇਕਲਾਪੇ ਦਾ ਸ਼ਿਕਾਰ ਹੋ ਪਾਗਲ ਤਾਂ ਹੋ ਜਾਦਾ ਹੈ ਪਰ ਮਿੱਟੀ ਮੋਹ ਨਹੀਂ ਤਿਆਗ ਪਾਉਂਦਾ ਕਿਉਂਕਿ ਏਥੇ ਉਸਦੇ ਆਪਣੇ ਅੰਸ਼ ਦਫ਼ਨ ਨੇ ਏਥੇ ਅਖ਼ਤਰ ਤੇ ਸਾਈਮਨ ਵਿਚਕਾਰ ਬਹੁਤ ਸਾਰੀਆਂ ਸਾਂਝੀਆਂ ਕੜੀਆਂ ਹਨ

ਅਖ਼ਤਰ ਇੰਗਲੈਂਡ ਜਾਂਦਾ ਹੈ ਤੇ ਸਾਈਮਨ ਭਾਰਤ ਆਉਂਦਾ ਹੈ

ਭਾਵ ਦੋਵੇਂ ਆਪਣੀ ਮੂਲ ਮਿੱਟੀ ਨੂੰ ਛੱਡਦੇ ਹਨ ਤੇ ਇਕੱਲਤਾ ਦਾ ਸ਼ਿਕਾਰ ਹੁੰਦੇ ਹਨ

ਅਖ਼ਤਰ ਆਪਣੇ ਪਿਤਾ ਦੀ ਮੌਤ ਦਾ ਦੁੱਖ ਕੰਧ ਤੇ ਪਏ ਆਪਣੇ ਪਰਛਾਵੇਂ ਨਾਲ ਸਾਂਝਾ ਕਰਦਾ ਹੈ ਤੇ ਸਾਈਮਨ ਆਪਣੇ ਪਰਿਵਾਰ ਦੀ ਮੌਤ ਦਾ ਦੁੱਖ ਰੁੱਖਾਂ ਨਾਲ ਸਾਂਝਾ ਕਰਦਾ ਹੈ ਭਾਵ ਦੋਵਾਂ ਕੋਲ ਆਪਣੇ ਦੁੱਖ ਨੂੰ ਸਾਂਝਾ ਕਰਨ ਲਈ ਕੋਈ ਸਰੀਰਕ ਹੋਂਦ ਵਾਲਾ ਵਿਅਕਤੀ ਨਹੀਂ

ਅਖ਼ਤਰ ਦੀ ਗੱਲ ਸੁਣਨ ਲਈ ਇੰਗਲੈਂਡ ਵਿੱਚ ਕਿਸੇ ਕੋਲ ਵਿਹਲ ਨਹੀਂ ਤੇ ਸਾਈਮਨ ਦੀ ਗੱਲ ਸੁਣਨ ਲਈ ਲਾਹੌਰ ਵਿੱਚ ਕਿਸੇ ਕੋਲ ਵਿਹਲ ਨਹੀਂ

ਏਥੇ ਦੋ ਪਾਤਰਾਂ ਦੇ ਅਲੱਗ-ਅਲੱਗ ਬਿਰਤਾਂਤ ਇਕੱਠੇ ਹੋ ਇਕ ਕਥਾ ਬਿਰਤਾਂਤ ਦੀ ਸਿਰਜਣਾ ਕਰ ਰਹੇ ਹਨ ਇਹਨਾਂ ਦੋਵਾਂ ਪਾਤਰਾਂ ਨਾਲ ਜੁੜੇ ਬਿਰਤਾਂਤਕ ਪਾਸਾਰ ਭਾਵੇਂ ਮਿੱਟੀਆਂ ਦੇ ਵਖਰੇਵੇਂ ਵਿੱਚ ਵਾਪਰਦੇ ਹਨ ਪਰ ਹਨ ਇਕੋ ਜਿਹੇ ਹੀ ਜਿਹਨਾਂ ਵਿੱਚੋਂ ਇਹਨਾਂ ਦੋਵਾਂ ਪਾਤਰਾਂ ਦੇ ਕਿਰਦਾਰ ਦੀ ਉੱਤਮਤਾ, ਸਦਾਚਾਰਕਤਾ, ਪਰਿਵਾਰਕ ਸਨੇਹ ਅਤੇ ਮਿੱਟੀ ਮੋਹ ਦਾ ਭਾਵੁਕ ਬਿਰਤਾਂਤ ਉਸਰਦਾ ਹੈ ਇਹਨਾਂ ਵਰਗਾ ਹੀ ਇਸ ਕਹਾਣੀ ਦਾ ਇੱਕ ਹੋਰ ਪਾਤਰ ਰਾਜੂ ਹੈ ਜੋ ਅਖ਼ਤਰ ਦੀ ਤਰ੍ਹਾਂ ਆਪਣੀ ਮੂਲ ਮਿੱਟੀ ਨੂੰ ਸੰਵਾਰਨ ਲਈ ਓਪਰੀ ਮਿੱਟੀ ਵਿੱਚੋਂ ਆਪਣੇ ਨਕਸ਼ਾਂ ਦੀ ਤਲਾਸ਼ ਕਰਦਾ ਹੈ ਪਰ ਇੱਛਾ ਉਸ ਦੀ ਵੀ ਉੱਥੇ ਪਈ ਹੈ ਕਿ ਮਰਨ ਤੋਂ ਬਾਅਦ ਉਸਨੂੰ ਉਸਦੀ ਮੂਲ ਮਿੱਟੀ ਵਿੱਚ ਦਫਨ ਕੀਤਾ ਜਾਵੇ ਜਿੱਥੇ ਉਸਦੇ ਆਪਣੇ ਰਿਸ਼ਤਿਆਂ ਦੀ ਹੋਂਦ ਬਰਕਰਾਰ ਹੈ

ਇਹ ਕਹਾਣੀ ਜਿੱਥੇ ਇਕ ਪਾਸੇ ਅਖ਼ਤਰ, ਰਾਜੂ ਤੇ ਸਾਈਮਨ ਦੇ ਕਥਾ ਬਿਰਤਾਂਤ ਜ਼ਰੀਏ ਅਜਿਹੇ ਪਾਤਰਾਂ ਦੀ ਸਿਰਜਣਾ ਕਰ ਰਹੀ ਜੋ ਮਾਇਆ ਨਾਲ ਜੁੜ ਕੇ ਵੀ ਮਿੱਟੀ ਮੋਹ ਨਹੀਂ ਤਿਆਗ ਪਾਉਂਦੇ ਉੱਥੇ ਇਕ ਅਜਿਹਾ ਪਾਤਰ ਵੀ ਕਹਾਣੀ ਵਿੱਚੋਂ ਉਭਰਦਾ ਹੈ ਜੋ ਮਿੱਟੀ ਨਾਲ ਨਹੀਂ ਸਗੋਂ ਸਿਰਫ਼ ਮਾਇਆ ਨਾਲ ਜੁੜਿਆ ਹੋਇਆ ਹੈ

"ਮਨਸ਼ਾ ਅਕਸਰ ਕਹਿੰਦਾ, ਇਹ ਮਿੱਟੀ, ਮੋਹ, ਮਰਿਆਦਾ ਕੀ ਏ, ਮੈਂ ਨਹੀਂ ਜਾਣਦਾ ਮੈਨੂੰ ਤੇ ਬਸ ਮਿੱਟੀ, ਮਾਸ ਤੇ ਮਾਇਆ ਦਾ ਪਤਾ ਏ ਗਲੋਬਲਾਈਜੇਸ਼ਨ ਦੇ ਦੌਰ ਵਿੱਚ ਵੀ ਬੰਦੇ ਨੂੰ ਪੁਰਾਣੇ ਹੱਦ ਬੰਨਿਆਂ ਵਿਚ ਕੈਦ ਨਹੀਂ ਹੋਣਾ ਚਾਹੀਦਾ ਰਾਜੂ ਤੇ ਅਖ਼ਤਰ ਮਨਸ਼ੇ ਨੂੰ ਦੇਖ ਕੇ ਸੋਚਦੇ ਕਿ ਬੰਦਾ ਏਨਾ ਬੇਫਿਕਰ ਵੀ ਹੋ ਸਕਦਾ ਏ? ਕਿਉਂਕਿ ਮਨਸ਼ੇ ਨੇ ਆਪਣੀ ਔਲਾਦ ਦੀ ਕਦੇ ਪਰਵਾਹ ਨਹੀ ਕੀਤੀ, ਨਾ ਈ ਪਿੱਛੇ ਮੌਜੂਦ ਆਪਣੇ ਖਾਨਦਾਨ ਦੀ ਉਹ ਜੋ ਵੀ ਕਮਾਉਂਦਾ, ਸ਼ਰਾਬ ਪੀਣ ਜਾਂ ਵੈਸ਼ਿਆ ਔਰਤਾਂ ਨਾਲ ਸੌਣ 'ਤੇ ਖਰਚ ਕਰ ਦਿੰਦਾ "

ਇਹ ਮਾਇਆ ਦਾ ਬੜਾ ਅਜੀਬ ਵਰਤਾਰਾ ਏ ਜੋ ਬੰਦੇ ਨੂੰ ਮਿੱਟੀ ਨਾਲੋਂ ਮੂਲੋਂ ਹੀ ਤੋੜ ਦਿੰਦਾ ਏ ਐਸ਼ਪ੍ਰਸਤੀ ਜਿਹਨਾਂ ਦੀ ਜ਼ਿੰਦਗੀ ਦਾ ਹਿੱਸਾ ਬਣ ਜਾਂਦੀ ਏ ਪਾਤਰਾਂ ਦੀ ਇਸ ਤਰ੍ਹਾਂ ਦੀ ਪੇਸ਼ਕਾਰੀ ਜ਼ਰੀਏ ਕਹਾਣੀ ਵਿਅਕਤੀਗਤ ਕਿਰਦਾਰਾਂ ਦੇ ਬਹੁਭਾਂਤੀ ਚਰਿੱਤਰ ਦਾ ਬਿਰਤਾਂਤ ਵੀ ਪੇਸ਼ ਕਰਦੀ ਹੈ

ਇਹ ਕਹਾਣੀ ਜਿੱਥੇ ਪਾਤਰਾਂ ਦੇ ਕਿਰਦਾਰਾਂ ਦੀ ਵਿਵਿਧਤਾ ਦੀ ਪੇਸ਼ਕਾਰੀ ਕਰ ਰਹੀ ਹੈ ਉੱਥੇ ਦੋ ਅਲੱਗ-ਅਲੱਗ ਮਿੱਟੀਆਂ ਦੇ ਫਰਕ ਜ਼ਰੀਏ ਦੋਵਾਂ ਵਿਚਕਾਰਲੇ ਲੋਕਧਾਰਾਈ ਅੰਸ਼ਾਂ ਤੇ ਨਵੀਂ ਤੇ ਪੁਰਾਣੀ ਪੀੜੀ ਦੇ ਫਰਕ ਦੀ ਨਿਸ਼ਾਨਦੇਹੀ ਵੀ ਕਰਦੀ ਹੈ ਅਤੇ ਵਿਅਕਤੀ ਦੇ ਮਿੱਟੀ ਅਨੁਸਾਰੀ ਸੁਹਜ-ਸੁਆਦਾਂ, ਅਤੇ ਚਰਿੱਤਰ ਨਿਰਮਾਣਕਾਰੀ ਵੀ ਕਰਦੀ ਹੈ ਰਾਜੂ ਆਪਣੀ ਮੂਲ ਮਿੱਟੀ ਮੋਹ ਅਤੇ ਸੁਹਜ ਅਨੁਸਾਰ ਅਖ਼ਤਰ ਦੇ ਬੱਚਿਆਂ ਲਈ ਸੌਗਾਤਾਂ ਲੈ ਕੇ ਆਉਂਦਾ ਹੈ ਪਰ ਉਹ ਇਹਨਾਂ ਸੌਗਾਤਾਂ ਦੇ ਉਲਟ ਵਿਚਰਦੇ ਹਨ ਪਿੰਕੀ ਲਈ ਉਹ ਕਰੋਸ਼ੀਆ, ਧਾਗੇ ਤੇ ਕਸ਼ੀਦਕਾਰੀ ਦੀ ਗਾਈਡ ਲੈ ਕੇ ਆਉਂਦਾ ਹੈ ਪਰ ਉਹ ਨਵੀਨ ਸ਼ੈਲੀ ਵਿੱਚ ਢਲੀ ਇਹ ਸਭ ਚੀਜਾਂ ਤੋਂ ਨੱਕ ਬੁੱਲ ਵੱਟਦੀ ਹੈ ਮਾਣੀ ਨੂੰ ਉਹ



ਬਾਂਸਰੀ ਦਿੰਦਾ ਹੈ ਪਰ ਉਹ ਗਿਟਾਰ ਦਾ ਇਛੁੱਕ ਹੈ ਬੌਬੀ ਨੂੰ ਉਹ ਪੰਜਾਬ ਦੀਆਂ ਲੋਕ-ਬਾਤਾਂ ਸੁਣਾਉਂਦਾ ਹੈ ਜਿਹਨਾਂ ਵਿੱਚ ਪਸ਼ੂ, ਜਾਨਵਰ, ਰੁੱਖ ਬੰਦਿਆਂ ਵਾਂਗ ਗੱਲਾਂ ਕਰਦੇ ਹਨ ਪਰ ਬੌਬੀ ਇਹਨਾਂ ਬਾਤਾਂ ਨੂੰ ਨਾਮੰਨਣਯੋਗ, ਝੂਠੀਆਂ ਦੱਸਦਾ ਹੋਇਆ ਕਹਿੰਦਾ ਹੈ:-

"ਤੁਸੀਂ ਮੇਰੀ ਯੁੱਗ ਦੀ ਬਾਤ ਸੁਣਾਓ "

ਇਹ ਪੀੜੀ ਪਾੜਾ, ਮਿੱਟੀਆਂ ਦਾ ਫਰਕ ਦੋ ਅਲੱਗ-ਅਲੱਗ ਸਭਿਆਚਾਰਾਂ ਦੀ ਰਹਿਣੀ-ਬਹਿਣੀ ਤੇ ਸੋਚ ਦੀ ਵੱਖਰਤਾ ਆਪੋ-ਆਪਣੀ ਮਿੱਟੀ ਵਿੱਚ ਉਸ ਰਹਿਤਲ ਨਾਲ ਪ੍ਰਣਾਈ ਹੈ ਜਿੱਥੇ ਵਿਅਕਤੀ ਜਨਮ ਲੈਂਦਾ ਤੇ ਵੱਡਾ ਹੁੰਦਾ ਹੈ ਅਖ਼ਤਰ ਅਤੇ ਰਾਜੂ ਦੀ ਦੋ ਵੱਖਰਤਾਵਾ ਨੂੰ ਇੱਕਠਾ ਚਲਾਉਣ ਦੀ ਇਹ ਨਾਮੁਮਕਿਨ ਜਿਹੀ ਕੋਸ਼ਿਸ਼ ਹੈ ਪਰ ਇਹ ਸੰਭਵ ਨਹੀਂ ਦੋ ਕਲਚਰ ਇੱਕਠੇ ਨਹੀਂ ਚੱਲ ਸਕਦੇ ਇੱਕ ਕਲਚਰ ਦੂਜੇ ਉੱਪਰ ਥੋਪਿਆ ਨਹੀਂ ਜਾ ਸਕਦਾ ਇਸੇ ਕਾਰਨ ਦੋਵਾਂ ਧਿਰਾਂ ਦੇ ਸੁਹਜ-ਸੁਆਦਾਂ ਵਿੱਚੋਂ ਵਿਰੋਧ ਝਲਕਦਾ ਹੈ ਅਖ਼ਤਰ ਆਪਣੀ ਮੂਲ ਮਿੱਟੀ ਵਿਚਲੀ ਜੀਵੰਤ ਹੋਂਦ ਨੂੰ ਸਵੀਕਾਰ ਕਰਦਾ ਹੋਇਆ ਨਵੇਂ ਯੁੱਗ ਉੱਪਰ ਸਵਾਲ ਖੜਾ ਕਰਦਾ ਹੈ:-

'ਜਿੱਥੇ ਬੰਦਾ ਬੰਦੇ ਨਾਲ ਬਾਤ ਨਹੀਂ ਕਰਦਾ, ਅਜਿਹੇ ਗੂੰਗੇ ਯੁੱਗ ਦੀ ਉਹ ਕੀ ਬਾਤ ਸੁਣਾਉਂਦੇ, ਇਸੇ ਲਈ ਉਹ ਦੜ ਵਟ ਜਾਂਦੇ '

ਸਵਾਲ ਇਹ ਹੈ ਕਿ ਅਖ਼ਤਰ ਤੇ ਰਾਜੂ ਦੀ ਨਜ਼ਰ ਵਿੱਚ ਗੂੰਗਾ ਯੁੱਗ ਕਿਹੜਾ ਹੈ? ਕੀ ਮਾਇਆ ਦਾ ਯੁੱਗ ਗੂੰਗਾ ਹੈ? ਜੇ ਵਿਦੇਸ਼ ਵਿੱਚ ਮਾਇਆ ਹੈ ਤੇ ਨਾਲ ਹੀ ਇੱਕਲਤਾ ਵੀ ਹੈ, ਕੋਈ ਗੱਲ ਸੁਣਨ ਵਾਲਾ ਨਹੀਂ ਜੇ ਅਜਿਹਾ ਸਿਰਫ ਵਿਦੇਸ਼ੀ ਧਰਤੀ ਤੇ ਵਾਪਰਦਾ ਹੈ ਤਾਂ ਸਵਾਲ ਇਹ ਹੈ ਕਿ ਅਖ਼ਤਰ ਦੀ ਮੂਲ ਧਰਤੀ ਤੇ ਸਾਈਮਨ ਪਾਗਲ ਕਿਉਂ ਹੋ ਗਿਆ ਸੀ? ਕੀ ਉਥੇ ਵੀ ਮਾਇਆ ਦਾ ਪਾਸਾਰ ਏਨਾ ਵਧ ਗਿਆ ਕਿ ਸਾਰੇ ਗੂੰਗੇ ਹੋ ਗਏ? ਇਸਦਾ ਭਾਵ ਇਹ ਹੋਇਆ ਕਿ ਗਲੋਬਲਾਈਜੇਸ਼ਨ ਵਿਚਲੀ ਮਾਇਆ ਦੀ ਹੋੜ ਦੌੜ ਬੰਦੇ ਨੂੰ ਗੂੰਗਾ ਕਰ ਬੰਦੇ ਨੂੰ ਬੰਦੇ ਨਾਲੋਂ ਅਲੱਗ ਕਰ ਰਹੀ ਹੈ ਭਾਵ ਸਾਰਾ ਸੰਸਾਰ ਹੀ ਗੂੰਗਿਆਂ ਵਿਚ ਤਬਦੀਲ ਹੋ ਗਿਆ ਹੈ ਕਿਉਂਕਿ ਜੇਕਰ ਵਿਦੇਸ਼ੀ ਮਿੱਟੀ ਵਿਚ ਅਖ਼ਤਰ ਕੋਲ ਆਪਣੇ ਪਿਤਾ ਦੀ ਮੌਤ ਦਾ ਦੁੱਖ ਸਾਂਝਾ ਕਰਨ ਲਈ ਕੋਈ ਵਿਅਕਤੀ ਨਹੀਂ ਤਾਂ ਸਾਈਮਨ ਕੋਲ ਵੀ ਕੋਈ ਨਹੀਂ ਇਹ ਹੀ ਅਜਬ ਵਰਤਾਰਾ ਹੈ

ਅਖ਼ਤਰ ਸਾਰੀ ਕਹਾਣੀ ਵਿੱਚ ਆਪਣੀ ਮੂਲ ਮਿੱਟੀ ਤੋਂ ਅਲੱਗ ਹੋ ਇਕੱਲਤਾ ਦੇ ਸੰਤਾਪ ਨੂੰ ਹੰਢਾਉਂਦਾ ਹੈ ਉਹ ਕੈਥਰੀਨ ਤੇ ਬੱਚਿਆਂ ਨੂੰ ਕਈ ਵਾਰ ਪੰਜਾਬ ਲੈ ਕੇ ਆਪਣੇ ਰਿਸ਼ਤਿਆਂ ਨਾਲ ਮੇਲ ਕਰਾਉਂਦਾ ਹੈ ਪਰ ਉਹਨਾਂ ਦੀ ਕੋਈ ਵੱਡੀ ਭਾਵੁਕ ਸਾਂਝ ਅਖ਼ਤਰ ਦੇ ਮੂਲ ਰਿਸ਼ਤਿਆਂ ਨਾਲ ਨਹੀ ਉਨਾਂ ਦੀ ਸਾਂਝ ਸਿਰਫ ਅਖ਼ਤਰ ਨਾਲ ਹੈ ਕਿਉਂਕਿ ਅਖ਼ਤਰ ਉਹਨਾਂ ਨਾਲ ਉਹਨਾਂ ਦੀ ਮਿੱਟੀ ਵਿਚ ਰਹਿ ਰਿਹਾ ਹੈ ਪਰ ਅਖ਼ਤਰ ਦਾ ਮਨ ਪਿੱਛੇ ਆਪਣੇ ਵਤਨ ਦੀ ਮਿੱਟੀ ਵਿਚ ਘੁੰਮ ਰਿਹਾ ਹੈ ਇਸੇ ਕਾਰਨ ਉਹ ਪੰਜਾਬ ਗਿਆ ਆਪਣੇ ਵਤਨ ਤੋਂ ਦੋ ਮੁੱਠੀ ਮਿੱਟੀ ਲਿਆ ਕੇ ਆਪਣੇ ਕੋਲ ਰੱਖਦਾ ਹੈ ਅਤੇ ਉਸਦੀ ਇੱਛਾ ਹੈ ਕਿ ਮਰਨ ਤੋਂ ਬਾਅਦ ਇਹ ਦੋ ਮੁੱਠੀ ਮਿੱਟੀ ਉਸਦੇ ਸਿਰ ਹੇਠਾਂ ਕਬਰ ਵਿੱਚ ਵਿਛਾ ਦਿੱਤੀ ਜਾਵੇ ਉਸਦੀ ਇਹ ਇੱਛਾ ਵਿਚਲਾ ਦੋ ਮੁੱਠੀ ਮਿੱਟੀ ਨੂੰ ਸਿਰ ਹੇਠਾਂ

ਵਿਛਾਉਣ ਦਾ ਮੈਟਾਫ਼ਰ ਬਹੁਤ ਗਹਿਰੇ ਅਰਥਾਂ ਦਾ ਧਾਰਨੀ ਹੈ ਸਿਰ ਭਾਵ ਕਪਾਲ ਵਿਅਕਤੀ ਦੀ ਸੁਰਤ ਦੇ ਪ੍ਰਤੀਕ ਵਜੋਂ ਕਹਾਣੀ ਵਿੱਚੋਂ ਉੱਭਰ ਰਿਹਾ ਹੈ ਸਾਰੀ ਕਹਾਣੀ ਵਿੱਚ ਅਖ਼ਤਰ ਦੀ ਸੁਰਤ ਪਿੱਛੇ ਆਪਣੇ ਵਤਨ ਦੀ ਮਿੱਟੀ ਵਿਚ ਘੁੰਮ ਰਹੀ ਹੈ ਮਰਨ ਤੋਂ ਬਾਅਦ ਉਹ ਮਿੱਟੀ ਨਾਲ ਇਕਸੁਰ ਹੋਣਾ ਲੋਚਦਾ ਹੈ ਆਪਣੇ ਵਤਨ ਦੀ ਮਿੱਟੀ ਨੂੰ ਵਿਦੇਸ਼ ਲੈ ਕੇ ਆਉਣ ਤੋਂ ਭਾਵ ਉਹ ਵਾਪਿਸ ਨਹੀਂ ਜਾਵੇਗਾ ਵਿਦੇਸ਼ ਵਿੱਚ ਹੀ ਰਹੇਗਾ ਫਿਰ ਉਸਦਾ ਮਨ, ਉਸ ਦੀ ਸੁਰਤ ਖਿੱਲਰ ਕਿਉਂ ਰਹੀ ਹੈ? ਉਹ ਵਾਪਿਸ ਆਪਣੇ ਵਤਨ ਕਿਉਂ ਨਹੀਂ ਜਾਣਾ ਚਾਹੁੰਦਾ? ਕੀ ਮਾਇਆ ਨੇ ਉਸ ਦੁਆਲੇ ਆਪਣਾ ਜਾਲ ਸੰਘਣਾ ਬੁਣ ਲਿਆ ਹੈ? ਹੁਣ ਵਤਨ ਵਿੱਚ ਵੀ ਮਾਇਆ ਇੱਕਠੀ ਕਰ ਚੁੱਕਿਆ ਹੈ ਫਿਰ ਵਾਪਿਸ ਕਿਉਂ ਨਹੀਂ ਜਾਣਾ ਲੋਚ ਰਿਹਾ ਹੈ ਮਰਨ ਤੋਂ ਬਾਅਦ ਸਿਰ ਹੇਠ ਮਿੱਟੀ ਵਿਛਾਉਣ ਦੀ ਉਸਦੀ ਇੱਛਾ ਕਪਾਲ ਕਿਰਿਆ ਕਰਨ ਜਿਹਾ ਕਾਰਜ ਹੈ ਜਿਸ ਵਿੱਚ ਮਰੇ ਹੋਏ ਵਿਅਕਤੀ ਦੇ ਸਿਰ ਨੂੰ ਕਿਸੇ ਲੱਕੜ ਦੇ ਟੁਕੜੇ ਨਾਲ ਠਕੋਰਿਆ ਜਾਂਦਾ ਹੈ ਇਹ ਇਸ ਲਈ ਕੀਤਾ ਜਾਂਦਾ ਹੈ ਕਿ ਤਾਂ ਕਿ ਮਰ ਚੁੱਕੇ ਵਿਅਕਤੀ ਦੀ ਸੁਰਤ ਪਿੱਛੇ ਨਾ ਰਹਿ ਜਾਵੇ ਇਹ ਮੁਕਤੀ ਦੀ ਕਿਰਿਆ ਹੈ ਇਹ ਰਸਮ ਇਸਲਾਮ ਧਰਮ ਵਿੱਚ ਨਹੀ ਕੀਤੀ ਜਾਂਦੀ ਪਰ ਹੋਰ ਕਈ ਧਰਮਾ ਵਿੱਚ ਇਹ ਰਸਮ ਇਕ ਜਰੂਰੀ ਆਇਦ ਹੈ ਅਖ਼ਤਰ ਦੀ ਇੱਛਾ ਤੇ ਕਪਾਲ ਕਿਰਿਆ ਦਾ ਕਾਰਜ ਵੀ ਸੁਰਤ ਨਾਲ ਜੁੜਿਆ ਹੈ ਅਖ਼ਤਰ ਦੀ ਇਸ ਇੱਛਾ ਤੋਂ ਇਹ ਵੀ ਸਪਸ਼ਟ ਹੋ ਰਿਹਾ ਹੈ ਕਿ ਸਾਰੀ ਕਹਾਣੀ ਵਿੱਚ ਪ੍ਰਤੱਖ ਰੂਪ ਵਿੱਚ ਉਹ ਪਿਛਾਂਹ ਆਪਣੇ ਵਤਨ ਦੀ ਮਿੱਟੀ ਲਈ ਕਲਪਦਾ ਹੈ ਪਰ ਅਪ੍ਰਤੱਖ ਰੂਪ ਵਿਚ ਉਸਦੀ ਸੁਰਤ ਵਿਦੇਸ਼ੀ ਮਿੱਟੀ ਵਿੱਚ ਵੀ ਜੁੜੀ ਹੋਈ ਹੈ, ਕੈਥਰੀਨ ਤੇ ਬੱਚਿਆ ਦੇ ਰੂਪ ਵਿੱਚ ਪਰ ਇਸ ਸੁਰਤ ਦੇ ਚੱਲਦੇ ਮਰਨ ਤੋਂ ਬਾਅਦ ਵਤਨ ਦੀ ਮਿੱਟੀ ਉੱਪਰ ਸਿਰ ਰੱਖ ਕੇ ਕਬਰ ਵਿੱਚ ਪੈਣ ਦੇ ਕਾਰਜ ਵਿੱਚ ਕਿਤੇ ਨਾ ਕਿਤੇ ਸਕੂਨ ਜ਼ਿਆਦਾ ਹੈ ਏਥੇ ਆ ਕੇ ਅਖ਼ਤਰ ਦੇ ਅੰਦਰਲੀ ਦੁਬਿਧਾ ਸਾਫ ਨਜ਼ਰੀਂ ਪੈਂਦੀ ਹੈ ਉਹ ਆਪਣੇ ਪਿੱਤਰੀ ਮੋਹ ਨੂੰ ਇਹਨਾਂ ਬੋਲਾਂ ਜਰੀਏ ਸਪੱਸ਼ਟ ਕਰਦਾ ਹੈ:-

"ਇਹ ਮਿੱਟੀ ਤੇ ਮਾਸ ਦਾ ਵੀ ਅਜੀਬ ਰਿਸ਼ਤਾ ਹੈ

ਜਿੱਥੇ ਤੁਹਾਡਾ ਨਾੜੂਆ ਦੱਬਿਆ ਹੋਵੇ, ਉਹ ਭੂਮੀ ਤੁਹਾਨੂੰ ਆਪਣੇ ਜੁੱਸੇ ਦਾ ਅੰਗ ਜਾਪਦੀ ਏ... ਬੰਦੇ ਦਾ ਜ਼ਮੀਰ ਮਿੱਟੀ ਵਿੱਚ ਏ ਤੇ ਰੂਹ ਜ਼ਮੀਰ ਦਾ ਈ ਦੂਜਾ ਨਾ ਏ '

ਪਰ ਨਾਲ ਹੀ ਉਹਦੇ ਅੰਦਰ ਸਵਾਲਾਂ ਦਾ ਇੱਕ ਯੁੱਧ ਚੱਲਦਾ ਹੈ ਜਿਸਤੋਂ ਉਸਦੀ ਦੁਬਿਧਾ ਵਾਪਸ ਆਪਣੇ ਵਤਨ ਪਰਤਣ ਜਾਂ ਵਿਦੇਸ਼ੀ ਧਰਤੀ ਤੇ ਰਹਿਣ ਦੇ ਨਾਲ-ਨਾਲ ਉਸ ਦੁਆਰਾ ਇਸ ਦੁਬਿਧਾ ਵਿੱਚੋਂ ਬਾਹਰ ਨਿੱਕਲਣ ਦੇ ਲਏ ਗਏ ਫੈਸਲੇ ਦੀ ਜ਼ਸਟੀਫਿਕੇਸ਼ਨ ਵੀ ਪਈ ਹੈ

"ਉਸਦਾ ਏਥੇ ਆਉਣਾ ਤਕਦੀਰ ਦਾ ਸਿਤਮ ਸੀ ਜਾਂ ਕਰਮ?
ਦੌਲਤ ਕਮਾਉਣ ਦਾ ਅਮਲ ਕੀ ਉਸ ਲਈ ਕੋਈ ਸਜਾ ਸੀ?
ਉਹਨੇ ਇਹ ਸਾਰਾ ਕਸ਼ਟ ਕਿਉਂ ਕੱਟਿਆ?
ਤਾਂ ਕੀ ਉਹਦੀ ਉਮਰ ਅਕਾਰਥ ਗਈ?



ਇਹਨਾਂ ਸਾਰੇ ਸਵਾਲਾਂ ਦਾ ਉਸ ਕੋਲ ਇਕ ਹੀ ਜਵਾਬ ਸੀ- ਆਪਣੇ ਲਈ ਤਾਂ ਹਰ ਕੋਈ ਜਿਊਂਦਾ ਏ ਉਹਨੂੰ ਆਪਣੇ 'ਤੇ ਮਾਣ ਏ ਕਿ ਉਹ ਆਪਣੇ ਖਾਨਦਾਨ ਲਈ ਜੀਵਿਆ ਏ?

ਹੁਣ ਆਪਣੇ ਵਤਨ ਨਾ ਜਾਣ ਦੇ ਫੈਸਲੇ 'ਤੇ ਅਖ਼ਤਰ ਨੂੰ ਕੋਈ ਹਿਰਖ਼ ਨਹੀਂ ਸੀ

ਕਿਸੇ ਦੀ ਖਾਤਿਰ ਜਿੱਥੇ ਐਨਾ ਜੀਵਨ ਗੁਜਰ ਗਿਆ, ਉਥੇ ਹੁਣ ਉਹ ਕਿਸੇ ਵਾਸਤੇ ਮਰ ਵੀ ਤਾਂ ਸਕਦਾ ਏ? ਇਹ ਸੋਚਦੇ ਹੋਏ ਉਹ ਉਦਾਸ ਜਿਹਾ ਮੁਸਕਰਾ ਪਿਆ ਤੇ ਇਸ ਪਲ ਉਸਨੂੰ ਸਾਈਮਨ ਚੇਤੇ ਆ ਗਿਆ '

ਏਥੇ ਆ ਕੇ ਕਹਾਣੀ ਦੇ ਸ਼ੁਰੂ ਵਿੱਚ ਮਾਸ ਮਿੱਟੀ ਤੇ ਮਾਇਆ ਨੂੰ ਲੈ ਕੇ ਉਭਰੇ ਸਵਾਲਾਂ ਦੇ ਜਵਾਬ ਸਪਸ਼ਟ ਹੋ ਜਾਂਦੇ ਹਨ ਅਖ਼ਤਰ ਦਾ ਮਾਇਆ ਲਈ ਆਪਣੀ ਮਿੱਟੀ ਨੂੰ ਛੱਡਣਾ ਇਕ ਦੁਖਾਂਤਕ ਵਰਤਾਰਾ ਹੈ ਜਿਸਦੇ ਤਹਿਤ ਉਹ ਪਿੱਛੇ ਛੁੱਟ ਗਏ ਰਿਸ਼ਤਿਆਂ ਲਈ ਸਾਰੀ ਕਹਾਣੀ ਵਿੱਚ ਰੋਂਦਾ ਹੈ ਪਰ ਹਰ ਰਿਸ਼ਤੇ ਦਾ ਆਪਸੀ ਸੰਬੰਧ ਨਹੁੰ ਤੇ ਮਾਸ ਵਾਲਾ ਹੈ ਜੋ ਅਲੱਗ ਵੀ ਹੈ ਪਰ ਨਾਲ ਵੀ ਹੈ ਅਖ਼ਤਰ ਬੇਸ਼ਕ ਪਿੱਛੇ ਛੁਟ ਗਿਆਂ ਲਈ ਕਲਪਦਾ ਏ ਪਰ ਪਤਨੀ ਤੇ ਬੱਚਿਆ ਦੇ ਰੂਪ ਵਿੱਚ ਪਏ ਵਰਤਮਾਨਿਕ ਤੇ ਭਵਿੱਖੀ ਰਿਸ਼ਤਿਆਂ ਦਾ ਮੋਹ ਵੀ ਉਹ ਤਿਆਗ ਨਹੀਂ ਪਾਉਂਦਾ ਨਾੜੂਆ ਜਿਸ ਧਰਤੀ ਵਿੱਚ ਹੈ ਬੇਸ਼ਕ ਉਸ ਤੋਂ ਦੂਰੀ ਦਾ ਸੰਤਾਪ ਬਹੁਤ ਕਸ਼ਟਦਾਇਕ ਹੈ ਪਰ ਉਸ ਨਾੜੂਏ ਤੋਂ ਬਾਅਦ ਉੱਭਰੀ ਤੇ ਵਿਗਸੀ ਜਿੰਦਗੀ ਦੀ ਆਪਣੀ ਵੀ ਇੱਕ ਹੋਂਦ ਹੈ ਅਖ਼ਤਰ ਆਪਣੇ ਖਾਨਦਾਨ ਲਈ ਵਿਦੇਸ਼ੀ ਧਰਤੀ ਤੇ ਸਾਰਾ ਜੀਵਨ ਗੁਜਾਰਦਾ ਏ ਪਰ ਹੁਣ ਉਹ ਆਪਣੇ ਵਰਤਮਾਨਿਕ ਰਿਸ਼ਤਿਆਂ ਲਈ ਵਿਦੇਸ਼ੀ ਧਰਤੀ ਤੇ ਮਰਨ ਲਈ ਵੀ ਤਿਆਰ ਏ ਕਿਉਂਕਿ ਇਹ ਰਿਸ਼ਤੇ ਵੀ ਨਹੁੰ ਮਾਸ ਦੀ ਤਰ੍ਹਾਂ ਹੀ ਹੁੰਦੇ ਹਨ

ਅਸਲ ਵਿੱਚ ਮਾਸ, ਮਿੱਟੀ ਤੇ ਮਾਇਆ ਕਹਾਣੀ ਗੋਲ ਬਿਰਤਾਂਤਕ ਚੱਕਰ ਬਣਾਉਂਦੀ ਹੋਈ ਵਿਅਕਤੀ ਦੀ ਹੋਣੀ, ਤ੍ਰਸਦੀ ਇੱਛਾਵੀ ਸੰਸਾਰ ਅਤੇ ਹਕੀਕਤੀ ਵਰਤਾਰਿਆਂ ਦੇ ਸਨਮੁੱਖ ਹੋ ਤੁਰਨ ਦੀ ਜਾਚ ਸਿਖਾਉਂਦੀ ਹੋਈ ਇਕ ਭਾਵਪਰਤ ਕਹਾਣੀ ਹੈ ਖਾਲਿਦ ਫਰਹਾਦ ਅਖ਼ਤਰ ਮਾਸ, ਮਿੱਟੀ, ਤੇ ਮਾਇਆ, ਦੇ ਚੱਕਰਵਿਊ ਵਿੱਚ ਫਸੇ ਵਿਅਕਤੀ ਦੀਆ ਮਨੋ ਦਿਸ਼ਾਵਾਂ ਤੇ ਮਨੋ ਸੰਤਾਪਾਂ ਦਾ ਬਿਰਤਾਂਤ ਬਹੁਤ ਡੂੰਘਾਈਪਰਕ ਰੂਪ ਵਿੱਚ ਪ੍ਰਸਤੁਤ ਕਰਦਾ ਹੈ ਚਿੰਤਨ ਤੇ ਚੇਤਨਾ ਨੂੰ ਟੁੰਬਦੀ ਇਹ ਕਹਾਣੀ ਪੜਨਯੋਗ ਤੇ ਵਿਚਾਰਨਯੋਗ ਹੈ

**ਮੋਬਾਇਲ ਨੰ: 99152167464**

# ਸਰਮਾਇਦਾਰੀ ਮੁੱਲ-ਪ੍ਰਬੰਧ ਦੇ ਸੰਤਾਪ ਦਾ ਬਿਰਤਾਂਤ : 'ਕਥਾ ਇੱਕ ਕਲਯੁੱਗ ਦੀ'

**-ਡਾ. ਕੰਵਲਜੀਤ ਸਿੰਘ,**

'ਕਥਾ ਇੱਕ ਕਲਯੁੱਗ ਦੀ' ਕਹਾਣੀ ਪਾਕਿਸਤਾਨੀ ਪੰਜਾਬੀ ਕਹਾਣੀਕਾਰ ਖ਼ਾਲਿਦ ਫਰਹਾਦ ਧਾਰੀਵਾਲ ਦੇ ਇਸੇ ਨਾਂ ਹੇਠ ਛਪੇ ਕਹਾਣੀ-ਸੰਗ੍ਰਹਿ ਵਿੱਚ ਦਰਜ ਹੈ। ਖ਼ਾਲਿਦ ਪਾਕਿਸਤਾਨੀ ਪੰਜਾਬੀ ਦੇ ਨਵੇਂ ਕਹਾਣੀਕਾਰਾਂ ਵਿੱਚ ਉੱਘਾ ਸਥਾਨ ਰੱਖਦਾ ਹੈ। ਉਸ ਦੀਆਂ ਕਹਾਣੀਆਂ ਸਮਾਜਿਕ-ਆਰਥਿਕ ਪ੍ਰਬੰਧ ਦੇ ਜਾਗੀਰਦਾਰੀ ਤੋਂ ਸਰਮਾਇਦਾਰੀ ਵਿੱਚ ਪ੍ਰਵੇਸ਼ ਨਾਲ ਤਬਦੀਲ ਹੋਈਆਂ ਕਦਰਾਂ-ਕੀਮਤਾਂ ਨੂੰ ਵਿਸ਼ਾ ਬਣਾਉਂਦੀਆਂ ਹਨ। ਵਿਚਾਰਾਧੀਨ ਕਹਾਣੀ ਇਸੇ ਕਥਨ ਦਾ ਪ੍ਰਮਾਣ ਬਣਦੀ ਹੈ।

ਉੱਤਮ-ਪੁਰਖੀ ਵਿਧੀ ਵਿੱਚ ਲਿਖੀ ਇਸ ਕਹਾਣੀ ਦਾ ਆਰੰਭ ਬਿਰਤਾਂਤ ਸਿਰਜਣ ਦੀ ਪ੍ਰਤੀਕਾਤਮਕ ਸ਼ੈਲੀ ਨਾਲ ਹੁੰਦਾ ਹੈ। 'ਮੈਂ-ਪਾਤਰ' ਨੂੰ ਕਾਲੀ ਤੋਰੀ ਖਾਣ ਦੀ ਆਦਤ ਨਹੀਂ। ਪਹਿਲਾਂ ਉਸ ਦੀ ਮਾਂ ਕਾਲੀ ਤੋਰੀ ਦੀ ਵੇਲ ਨੂੰ ਬਨੇਰੇ 'ਤੇ ਚੜ੍ਹਨ ਤੋਂ ਪਹਿਲਾਂ ਜੜ੍ਹੋਂ ਕੱਪ ਦਿੰਦੀ ਰਹੀ। ਪਰ ਪਿਛਲੇ ਕੁਝ ਵਰ੍ਹਿਆਂ ਤੋਂ ਉਨ੍ਹਾਂ ਦਾ ਪਰਿਵਾਰ ਇਸੇ ਵੇਲ ਦੀ ਛਾਂ ਹੇਠ ਵਕਤ ਕੱਟ ਰਿਹਾ।

ਬਿਰਤਾਂਤ ਕਾਲੀ ਤੋਰੀ ਦੇ ਪ੍ਰਤੀਕ ਨਾਲ ਜੁੜ ਕੇ ਅੱਗੇ ਨੂੰ ਗਤੀਸ਼ੀਲ ਹੁੰਦਾ ਹੈ। ਕਾਲੀ ਤੋਰੀ ਦੀ ਸਬਜ਼ੀ ਹੁਣ ਰੋਜ਼ ਘਰ ਵਿੱਚ ਪੱਕਦੀ ਹੈ। 'ਮੈਂ-ਪਾਤਰ' ਨੂੰ ਮਜ਼ਬੂਰਨ ਉਸ ਨਾਲ ਗਰਾਹੀ ਸੰਘੋਂ ਹੇਠਾਂ ਲੰਘਾਉਣੀ ਪੈਂਦੀ ਹੈ। ਮਾਂ ਲਾਡਲੇ ਪੁੱਤਰ ਦੀ ਬੇਵਸੀ ਦੇਖ ਨਹੀਂ ਸਕਦੀ। ਇਸ ਲਈ ਉਹ ਰੋਟੀ ਪਰੋਸ ਕੇ ਜਲਦੀ-ਜਲਦੀ ਰਸੋਈ ਤੋਂ ਬਾਹਰ ਹੋ ਜਾਂਦੀ ਹੈ।

ਪ੍ਰਤੀਕਾਤਮਕ ਵਰਨਣ ਦੀ ਇਹ ਵਿਧੀ ਸਿਰਫ਼ 'ਮੈਂ-ਪਾਤਰ' ਦੀ ਕਾਲੀ ਤੋਰੀ ਦੀ ਸਬਜ਼ੀ ਦੀ ਨਾ-ਪਸੰਦਗੀ ਨੂੰ ਹੀ ਨਹੀਂ ਦਰਸਾਉਂਦੀ ਬਲਕਿ ਪਰਿਵਾਰ ਦੇ ਕਿਸੇ ਜਾਬਰ ਪਰਿਸਥਿਤੀਆਂ ਦੀ ਲਪੇਟ ਵਿੱਚ ਆ ਜਾਣ ਵੱਲ ਇਸ਼ਾਰਾ ਵੀ ਕਰਦੀ ਹੈ। ਕਿਉਂਕਿ ਪੂਰਾ ਪਰਿਵਾਰ ਪਿਛਲੇ ਕੁਝ ਅਰਸੇ ਤੋਂ ਬਹੁਤਾ ਵਕਤ ਕਾਲੀ ਵੇਲ ਦੀ ਛਾਂ ਹੇਠ ਗੁਜ਼ਾਰ ਰਿਹਾ ਹੈ। ਇਹ ਕਾਲੀਆਂ ਤੇ ਜਾਬਰ ਪਰਿਸਥਿਤੀਆਂ ਕਿਹੜੀਆਂ ਹਨ, ਕਹਾਣੀ ਦਾ ਕਥਾਨਕ ਇਸ ਬਾਰੇ ਕੋਈ ਵਧੇਰੇ ਭੇਦ ਨਹੀਂ ਸਿਰਜਦਾ। ਬਿਰਤਾਂਤ ਦੇ ਥੋੜ੍ਹਾ ਜਿਹਾ ਅੱਗੇ ਤੁਰਨ 'ਤੇ ਸੰਕੇਤ ਮਿਲ ਜਾਂਦਾ ਹੈ, 'ਗ਼ਰੀਬੀ ਦਾ ਗੂੜ੍ਹਾ ਪਰਛਾਵਾਂ ਜਿਹੜਾ ਝੂਠੇ ਹਾਸੇ ਦੇ ਮਖ਼ੌਟਿਆਂ ਹੇਠ ਵੀ ਲੁਕਾਇਆਂ ਨਾ ਲੁਕੇ।' ਇੱਥੇ ਪ੍ਰਾਪਤ ਹੋਇਆ ਸੰਕੇਤ ਅਗਲੇ ਬਿਰਤਾਂਤ ਰਾਹੀਂ ਪਰਤ-ਦਰ-ਪਰਤ ਪ੍ਰਗਟ ਹੋਣਾ ਸ਼ੁਰੂ ਹੋ ਜਾਂਦਾ ਹੈ। ਜੋ ਕਹਾਣੀ ਦੇ ਨਬੇੜੇ ਤੱਕ ਪੁੱਜਦਿਆਂ ਅਣਨਿਵਾਰੀ ਇਤਿਹਾਸਕ ਪਰਿਸਥਿਤੀਆਂ ਦੀਆਂ ਤਬਦੀਲੀਆਂ ਵਿੱਚੋਂ ਮਿਲੇ ਮਾਨਸਿਕ ਸੰਤਾਪ ਤੇ ਗੁੱਜਾ ਤਨਜ਼ ਬਣ ਉਭਰਦਾ ਹੈ।

ਬਿਰਤਾਂਤਕਾਰ ਅੱਜ ਫਿਰ ਸ਼ਹਿਰੋਂ ਨਿਰਾਸ਼ ਮੁੜਿਆ ਹੈ। ਅੱਜ ਫਿਰ ਨੌਕਰੀ ਲਈ ਲਾਈਆਂ ਅਰਜੀਆਂ ਪ੍ਰਵਾਨ ਨਹੀਂ ਹੋਈਆਂ। ਪ੍ਰਵਾਨ ਹੁੰਦੀਆਂ ਵੀ ਕਿਵੇਂ? ਬਿਰਤਾਂਤਕਾਰ ਕੋਲ ਨਾ ਸਿਫ਼ਾਰਸ਼ ਹੈ ਅਤੇ ਨਾ ਰਿਸ਼ਵਤ ਦੇਣ ਲਈ ਪੈਸਾ। ਕਹਾਣੀ ਦਾ ਬਿਰਤਾਂਤ ਕਹਾਣੀ ਦੇ ਸਿਰਲੇਖ ਨੂੰ ਨਾਲ ਲੈ ਤੋਰਦਾ ਹੈ। 'ਕਲਯੁੱਗ' ਵਿੱਚ ਸੋਲਾਂ ਪੜ੍ਹੇ ਨੂੰ ਕੋਈ ਮੁਨਸ਼ੀ ਦੀ



ਨੌਕਰੀ 'ਤੇ ਨਹੀਂ ਰੱਖ ਰਿਹਾ। ਜਦੋਂਕਿ ਪਹਿਲਾਂ ਅੱਠ ਪੜ੍ਹਿਆ ਪਟਵਾਰੀ ਲੱਗ ਜਾਂਦਾ ਸੀ। ਇਹ ਬਿਰਤਾਂਤਕਾਰ ਦਾ ਪਿਉ ਕਹਿੰਦਾ ਹੈ। 'ਕਲਯੁੱਗ' ਵਿੱਚ ਸਿਰਫ਼ ਪੜ੍ਹਾਈ ਦੀ ਬੇਕਦਰੀ ਨਹੀਂ ਹੋਈ ਬਲਕਿ ਪੈਸਾ-ਕੀਮਤਾਂ ਤੋਂ ਬਿਨਾਂ ਕਿਸੇ ਦੀ ਵੀ ਕਦਰ ਨਹੀਂ ਰਹੀ। 'ਕਲਯੁਗੀ' ਪਰਿਸਥਿਤੀਆਂ ਦੇ ਸਿਤਮ ਨੂੰ ਕਹਾਣੀ ਦਾ ਬਿਰਤਾਂਤ ਹੌਲੀ-ਹੌਲੀ ਖੋਲ੍ਹਦਾ ਚਲਿਆ ਜਾਂਦਾ ਹੈ। ਕਹਾਣੀ ਦੇ ਸਿਰਲੇਖ ਵਿੱਚ 'ਕਲਯੁੱਗ' ਸ਼ਬਦ ਤੋਂ ਇੰਝ ਲਗਦਾ ਹੈ ਜਿਵੇਂ ਕਹਾਣੀ ਹਿੰਦੂ ਸਮਾਜ ਦੇ ਮਿਥਿਹਾਸਕ-ਇਤਿਹਾਸ ਪਾਤਰਾਂ ਨਾਲ ਸੰਬੰਧਿਤ ਹੈ। ਪਰ ਕਹਾਣੀ ਵਿੱਚ ਪਾਕਿਸਤਾਨੀ ਪੰਜਾਬ ਦੇ ਮੁਸਲਮਾਨ ਪਾਤਰਾਂ ਦੀ ਬਿਰਤਾਂਤ ਉਸਾਰੀ ਹੋਈ ਹੈ। ਕਹਾਣੀ ਦੀ ਪਾਰਗਾਮੀ ਪਹੁੰਚ ਇਹ ਹੈ ਕਿ ਪਾਕਿਸਤਾਨੀ ਮੁਸਲਮਾਨ ਪਰਿਵਾਰ ਦਾ ਦੁਖਾਂਤ ਨਾ ਸਿਰਫ਼ ਛੋਟੀ ਤੇ ਦਰਮਿਆਨੀ ਕਿਸਾਨੀ ਨਾਲ ਸੰਬੰਧਿਤ ਭਾਰਤੀ ਮਨੁੱਖ ਦਾ ਦੁਖਾਂਤ ਬਣ ਉਭਰਦਾ ਹੈ ਸਗੋਂ ਤੀਸਰੀ ਦੁਨੀਆਂ ਦੀ ਛੋਟੀ ਕਿਰਸਾਨੀ ਦੀ ਆਰਥਿਕ ਤੰਗੀ ਤੇ ਪੀੜਿਤ ਮਾਨਸਿਕਤਾ ਨੂੰ ਵੀ ਪੇਸ਼ ਕਰਦਾ ਹੈ।

ਕਹਾਣੀ ਦਾ ਬਿਰਤਾਂਤ ਪਿੱਛੇ ਵੱਲ ਮੋੜਾ ਕੱਟਦਾ ਹੈ। 'ਮੈਂ-ਪਾਤਰ' ਦੀ ਪੜ੍ਹਾਈ ਪੂਰੀ ਹੋਣ 'ਤੇ ਪਰਿਵਾਰ ਸੁੱਖ ਦਾ ਸਾਹ ਲੈਂਦਾ ਹੈ 'ਚਲੋ ਖਰਚੇ ਦਾ ਇਕ ਦਰ ਬੰਦ ਹੋਇਆ। ਸਗੋਂ ਚਾਰ ਪੈਸੇ ਆਉਣ ਦੀ ਆਸ ਬੱਝੀ।' ਸ਼ਹਿਰੀ ਤੇ ਪੇਂਡੂ ਮੱਧ-ਵਰਗੀ ਪਰਿਵਾਰ ਘਰ ਦੀ ਆਮਦਨ ਦਾ ਵੱਡਾ ਹਿੱਸਾ, ਬਲਕਿ ਬਹੁਤੀ ਵਾਰ ਕਰਜ਼ਾ ਚੁੱਕ ਕੇ, ਬੱਚਿਆਂ ਦੀ ਪੜ੍ਹਾਈ 'ਤੇ ਇਸ ਆਸ ਨਾਲ ਖਰਚ ਕਰਦੇ ਹਨ ਕਿ ਪੜ੍ਹ-ਲਿਖ ਕੇ ਚੰਗੀ ਨੌਕਰੀ ਦੀ ਪ੍ਰਾਪਤੀ ਤੋਂ ਬਾਅਦ ਉਹ ਘਰ ਦਾ ਹੁਲੀਆ ਸਵਾਰ ਦੇਣਗੇ। ਇਨ੍ਹਾਂ ਪਰਿਵਾਰਾਂ ਲਈ ਤ੍ਰਾਸਦੀ ਦੀ ਸਥਿਤੀ ਉਦੋਂ ਬਣ ਨਿਬੜਦੀ ਹੈ ਜਦੋਂ ਨੌਕਰੀ ਖ਼ਾਤਰ ਸੜਕਾਂ 'ਤੇ ਜੁੱਤੀਆਂ ਘਸਾਉਣ ਤੋਂ ਬਾਅਦ ਵੀ ਨੌਜਵਾਨਾਂ ਦੇ ਹੱਥ-ਪੱਲੇ ਕੁਝ ਵੀ ਨਹੀਂ ਪੈਂਦਾ। ਇਹ ਹਾਲਾਤ ਸਿਰਫ਼ ਨੌਜਵਾਨਾਂ ਲਈ ਹੀ ਨਹੀਂ ਬਲਕਿ ਪੂਰੇ ਪਰਿਵਾਰ ਲਈ ਵਿਸ਼ਾਦ-ਪਰਿਸਥਿਤੀਆਂ ਉਤਪੰਨ ਕਰਦੇ ਹਨ ਅਤੇ ਉਨ੍ਹਾਂ ਵਿੱਚ ਮਾਨਸਿਕ ਗੁੰਝਲਾਂ ਪੈਦਾ ਕਰਨ ਦਾ ਜ਼ਰੀਆ ਬਣਦੇ ਹਨ।

'ਮੈਂ-ਪਾਤਰ' ਦਾ ਪਿਤਾ, ਭਰਾ, ਮਾਂ, ਭੈਣ ਤੇ ਉਹ ਖ਼ੁਦ ਮਾਨਸਿਕ ਸੰਤਾਪ ਦੇ ਦੌਰ ਵਿੱਚੋਂ ਗੁਜ਼ਰ ਰਹੇ ਹਨ। 'ਪਿਉ ਬੁਝੀ ਚਿਲਮ ਹੀ ਹੁੱਕਾ ਗੜਕਾਈ ਜਾਂਦਾ ਏ, ... ਹੁੱਕਾ ਈ ਕੀ ਉਹਨੂੰ ਤਾਂ ਕਈ ਵਾਰੀ ਆਪਣੀ ਸੁਰਤ ਵੀ ਨਹੀਂ ਹੁੰਦੀ।' ਉਸ ਦਾ ਮਾਨਸਿਕ ਸੰਤਾਪ ਬਹੁ-ਦਿਸ਼ਾਵੀ ਤੇ ਬਹੁ-ਪਰਤੀ ਹੈ। ਮੁੰਡੇ ਦੀ ਨੌਕਰੀ ਦੀ ਬੇ-ਉਮੀਦੀ ਤੋਂ ਬਿਨਾਂ, ਵਿਹੜੇ ਵਿੱਚ ਫਿਰਦੀ ਵਿਆਹ ਦੀ ਉਮਰ ਲੰਘਾਈ ਜਾ ਰਹੀ ਜਵਾਨ ਧੀ ਦਾ ਸਾਹਮਣਾ ਕਰਨ ਤੋਂ ਉਹ ਬਚਦਾ ਫਿਰਦਾ ਹੈ। ਇਸੇ ਲਈ ਇਕ ਅਰਸੇ ਤੋਂ ਉਹ ਦੁਪਹਿਰ ਦੀ ਰੋਟੀ ਡੇਰੇ 'ਤੇ ਮੰਗਵਾਉਣ ਲੱਗ ਪਿਆ ਹੈ। ਉਸ ਦਾ ਦੁਖਾਂਤ ਸਮਾਜਿਕ-ਆਰਥਿਕ ਪਰਿਸਥਿਤੀਆਂ ਦੀ ਇਤਿਹਾਸਕ ਤਬਦੀਲੀ ਵਿੱਚ ਲੁਪਤ ਹੈ। ਦਰਅਸਲ ਉਹ 'ਉੱਤਮ ਖੇਤੀ, ਮੱਧਮ ਵਪਾਰ, ਨਖਿੱਧ ਨੌਕਰੀ ਭੀਖ ਦਵਾਰ' ਦੀਆਂ ਪਲਟੀਆਂ ਆਰਥਿਕ-ਸਾਂਸਕ੍ਰਿਤਿਕ ਪਰਿਸਥਿਤੀਆਂ ਦਾ ਸ਼ਿਕਾਰ ਹੈ। ਉਹ 'ਉੱਤਮ ਖੇਤੀ' ਯੁੱਗ ਦਾ ਬੰਦਾ ਹੈ। ਖੇਤੀਬਾੜੀ ਉਸ ਦਾ ਕਰਮ ਵੀ ਹੈ ਤੇ ਧਰਮ ਵੀ। ਉਸ ਨੇ ਦਸਾਂ ਵਿੱਘਿਆਂ ਦੀ ਖੇਤੀ ਵਿੱਚੋਂ ਭੈਣਾਂ ਦੇ ਵਿਆਹ ਕੀਤੇ ਅਤੇ ਆਪਣਾ ਵਿਆਹ ਵੀ ਕਰਵਾਇਆ। ਪਰ ਹੁਣ ਖੇਤੀ ਲਾਹੇ ਦਾ ਧੰਦਾ ਨਹੀਂ ਰਹੀ ਬਲਕਿ

ਘਾਟੇ ਦਾ ਸੌਦਾ ਬਣ ਗਈ ਹੈ। ਅਜਿਹੀ ਤਬਦੀਲੀ ਖੇਤੀ ਦੇ ਮਸ਼ੀਨੀਕਰਨ ਨਾਲ ਵਾਪਰੀ। ਸਰਮਾਇਦਾਰੀ ਨੇ ਵਪਾਰਕ ਲਾਹੇ ਖ਼ਾਤਿਰ ਕਿਸਾਨੀ ਦੁਆਲੇ ਮਸ਼ੀਨੀਕਰਨ ਦੇ ਨਸ਼ੇ ਦਾ ਅਜਿਹਾ ਮੱਕੜ-ਜਾਲ ਬੁਣਿਆ ਕਿ ਕਿਸਾਨ ਹੌਲੀ-ਹੌਲੀ ਇਸ ਜਾਲ ਵਿੱਚ ਫਸਦਾ ਚਲਾ ਗਿਆ। ਮਸ਼ੀਨੀਕਰਨ ਤੇ ਖਾਦਾਂ ਦੀ ਬੇਲੋੜੀ ਵਰਤੋਂ ਨਾਲ ਪੈਦਾਵਾਰ ਉੱਤੇ ਕਿਸਾਨ ਦੀ ਲਾਗਤ ਵਧਦੀ ਚਲੀ ਗਈ ਅਤੇ ਮੁਨਾਫ਼ਾ ਨਾ ਬਰਾਬਰ ਰਹਿ ਗਿਆ।

ਬਿਰਤਾਂਤਕਾਰ ਦੇ ਪੂਰੇ ਪਰਿਵਾਰ ਦਾ ਦੁਖਾਂਤ ਜਗੀਰਦਾਰੀ ਕੀਮਤਾਂ ਦੇ ਖੰਡਿਤ ਹੋਣ ਅਤੇ ਪੂੰਜੀਵਾਦੀ ਮੁੱਲਾਂ ਦੇ ਵਿਕਸਿਤ ਹੋਣ ਵਿੱਚ ਨਿਹਿਤ ਹੈ। ਜਗੀਰਦਾਰੀ ਪ੍ਰਬੰਧ ਦਾ ਆਧਾਰ ਜ਼ਮੀਨ ਰਹਿੰਦੀ ਹੈ। ਜ਼ਮੀਨ-ਮੁੱਲ ਦੁਆਲੇ ਹੀ ਪੂਰੀ ਸਮਾਜਿਕ ਬਣਤਰ ਉਸਰਦੀ ਹੈ। ਕਿਸਾਨ ਲਈ ਜ਼ਮੀਨ ਨਾ ਸਿਰਫ਼ ਰੋਜੀ-ਰੋਟੀ ਦਾ ਸਾਧਨ ਬਣਦੀ ਹੈ ਬਲਕਿ ਪਰਿਵਾਰ ਦੇ ਮਾਣ-ਸਨਮਾਨ ਦਾ ਜ਼ਰੀਆ ਵੀ ਹੁੰਦੀ ਹੈ। ਜਗੀਰਦਾਰੀ ਪ੍ਰਬੰਧ ਤੋਂ ਪੂੰਜੀਵਾਦੀ ਢਾਂਚੇ ਵਿੱਚ ਪ੍ਰਵੇਸ਼ ਨਾਲ ਜ਼ਮੀਨ ਦੀ ਥਾਂ ਪੂੰਜੀ/ ਸਰਮਾਇਆ ਆਰਥਿਕ-ਸਮਾਜਿਕ ਪ੍ਰਬੰਧ ਦੇ ਕੇਂਦਰ ਵਿੱਚ ਆ ਜਾਂਦਾ ਹੈ। ਸਰਮਾਇਦਾਰੀ ਵਿੱਚ ਭੂਮੀ ਦੀ ਜਗੀਰਦਾਰੀ ਵਾਲੀ ਅਹਿਮੀਅਤ ਨਹੀਂ ਰਹਿੰਦੀ। ਪਰ ਵੱਡੀ ਕਿਸਾਨੀ ਇਸ ਦੌਰ ਵਿੱਚ ਮਸ਼ੀਨੀਕਰਨ, ਆਧੁਨਿਕ ਤਕਨੀਕਾਂ ਤੇ ਸਰਕਾਰੀ ਯੋਜਨਾਵਾਂ ਦੇ ਸਹਾਰੇ ਜ਼ਮੀਨ ਤੋਂ ਵੱਡਾ ਲਾਹਾ ਪ੍ਰਾਪਤ ਕਰੀ ਜਾਂਦੀ ਹੈ।

ਛੋਟੀ ਤੇ ਦਰਮਿਆਨੀ ਕਿਸਾਨੀ ਕੋਲ ਖੇਤੀ ਦਾ ਆਧੁਨੀਕਰਨ ਤੇ ਸਰਕਾਰੀ ਸਹੂਲਤਾਂ ਤੱਕ ਪੁੱਜਤ ਨਹੀਂ ਹੁੰਦੀ। ਨਤੀਜਨ ਉਹ ਨਿਰੰਤਰ ਨਿਘਰਦੀ ਚਲੀ ਜਾਂਦੀ ਹੈ। ਛੋਟੀ ਕਿਰਸਾਨੀ ਨਾਲ ਸੰਬੰਧਿਤ ਬਹੁਤੇ ਪਰਿਵਾਰ ਮਜ਼ਦੂਰ ਤਬਕੇ ਵਿੱਚ ਤਬਦੀਲ ਹੋਈ ਚਲੇ ਜਾਂਦੇ ਹਨ। ਦਰਮਿਆਨੀ ਕਿਸਾਨੀ ਦੇ ਪਰਿਵਾਰਾਂ ਦਾ ਜ਼ਮੀਨ ਤੋਂ ਮੋਹ ਭੰਗ ਹੋਣਾ ਸ਼ੁਰੂ ਹੋ ਜਾਂਦਾ ਹੈ। ਉਹ ਪਰਿਵਾਰਕ ਗੁਜ਼ਾਰੇ ਲਈ ਹੋਰ ਵਸੀਲਿਆਂ ਵੱਲ ਆਕਰਸ਼ਿਤ ਹੁੰਦੇ ਹਨ। ਬਹੁਤ ਪਰਿਵਾਰ ਕਿਸਾਨੀ ਨਾਲ ਸੰਬੰਧਿਤ ਸਹਾਇਕ ਧੰਦਿਆਂ ਨਾਲੋਂ ਸਰਕਾਰੀ ਤੇ ਪ੍ਰਾਈਵੇਟ ਨੌਕਰੀਆਂ ਵੱਲ ਖਿੱਚੇ ਜਾਂਦੇ ਹਨ। ਪਰ ਪੂੰਜੀਵਾਦੀ ਪ੍ਰਬੰਧ ਨੌਕਰੀ ਦਾ ਝਾਂਸਾ ਤਾਂ ਦਿੰਦਾ ਹੈ ਪਰ ਵਿਕਾਸਸ਼ੀਲ ਦੇਸ਼ਾਂ ਵਿੱਚ ਨਿਰੰਤਰ ਵਧਦੀ ਆਬਾਦੀ ਕਾਰਨ ਨੌਜਵਾਨਾਂ ਨੂੰ ਨੌਕਰੀਆਂ ਦੇਣ ਤੋਂ ਅਸਮਰੱਥ ਰਹਿੰਦਾ ਹੈ। ਪੂੰਜੀਵਾਦੀ ਦੌਰ ਵਿੱਚ ਵਿਕਾਸਸ਼ੀਲ ਦੇਸ਼ਾਂ ਵਿੱਚ ਬੇਰੁਜ਼ਗਾਰੀ ਵਿਕਰਾਲ ਰੂਪ ਧਾਰਨ ਕਰ ਲੈਂਦੀ ਹੈ।

ਬਿਰਤਾਂਤਕਾਰ ਦਾ ਪਿਉ ਉਸ ਦੀ ਨੌਕਰੀ ਲਈ ਲਿਲਕ ਰਿਹਾ ਹੈ। ਕਹਾਣੀ ਦਾ ਬਿਰਤਾਂਤ ਉਸ ਦੀ ਲਿਲਕ ਵੱਲ ਸਪੱਸ਼ਟ ਇਸ਼ਾਰਾ ਕਰਦਾ ਹੈ। ਪਰ ਕਹਾਣੀ ਦੇ ਬਿਰਤਾਂਤ ਵਿੱਚ ਉਸਦੇ ਮਾਨਸਿਕ ਸੰਤਾਪ ਸੰਬੰਧੀ ਲੁਕਵਾਂ ਸੰਕੇਤ ਵਿਦਮਾਨ ਹੈ। ਉਹ ਜਗੀਰਦਾਰੀ ਕਦਰਾਂ-ਕੀਮਤਾਂ ਤੋਂ ਪੂੰਜੀਵਾਦੀ ਮੁੱਲਾਂ ਵਾਲੇ ਸਾਕ੍ਰਾਂਤੀ ਦੌਰ ਵਿੱਚ ਆਪਣੇ ਆਪ ਨੂੰ ਢਾਲ ਨਹੀਂ ਪਾ ਰਿਹਾ। ਉਸ ਲਈ ਮਿੱਟੀ ਧਰਤੀ ਮਾਂ ਸਮਾਨ ਹੈ। 'ਜਿਹੜੀ ਜਿਉਂਦਿਆਂ ਪਾਲਦੀ ਏ ਤੇ ਮੋਇਆਂ ਗੋਦੀ ਵਿੱਚ ਸੰਭਾਲਦੀ' ਹੈ। ਪਰ ਉਸਦਾ ਹੁਣ ਮਿੱਟੀ ਤੇ ਜ਼ਮੀਨ ਪ੍ਰਤੀ ਇਹ ਵਿਸ਼ਵਾਸ ਤਿੜਕ ਚੁੱਕਾ ਹੈ। ਉਸ ਦੇ ਪਰਿਵਾਰ ਲਈ ਮਿੱਟੀ ਹੁਣ ਪਾਲਣ ਵਾਲੀ ਮਾਂ ਨਹੀਂ ਰਹੀ। ਕਹਾਣੀ ਦੇ ਬਿਰਤਾਂਤ ਵਿੱਚ ਮਿੱਟੀ ਦੇ ਮਾਂ ਸਮਾਨ ਹੋਣ 'ਤੇ ਗੁੱਝਾ ਵਿਅੰਗ ਹੈ ਜੋ ਕਥਾਨਕ ਦੇ ਆਰਪਾਰ ਫ਼ੈਲਿਆ ਹੋਇਆ ਹੈ। ਇਹੀ ਗੁੱਝਾ ਵਿਅੰਗ ਕਹਾਣੀ



ਦੇ ਨਬੇੜੇ ਦੀ ਜੁਗਤ ਵਿੱਚੋ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ। ਅਜਿਹਾ ਵਿਅੰਗ ਕਥਾਨਕ ਵਿੱਚ ਵਿਭਿੰਨ ਜਗ੍ਹਾ 'ਤੇ ਫ਼ੈਲੇ ਉੱਪ-ਵਿਸ਼ਿਆਂ ਵਿੱਚੋਂ ਮੁੱਖ ਵਿਸ਼ੇ ਨੂੰ ਉਭਾਰਦਾ ਹੈ।

ਬਿਰਤਾਂਤਕਾਰ ਦੇ ਪਿਤਾ ਦੇ ਨਾਲ ਵੱਡੇ ਭਰਾ ਦਾ ਵੀ ਸਰਮਾਇਦਾਰੀ ਪ੍ਰਬੰਧ ਨਾਲ ਜੁੜੇ ਮੁੱਲ-ਪ੍ਰਬੰਧਾਂ ਤੋਂ ਮੋਹ ਭੰਗ ਹੋ ਚੁੱਕਾ ਹੈ। ਬਿਰਤਾਂਤਕਾਰ ਨੂੰ ਉਚੇਰੀ ਸਿੱਖਿਆ ਦਵਾਉਣ ਵਿੱਚ ਉਸ ਦੀ ਅਹਿਮ ਭੂਮਿਕਾ ਰਹੀ। ਉਚੇਰੀ ਪੜ੍ਹਾਈ ਦੀ ਕਦਰ ਨਾ ਪੈਣ ਕਰਕੇ ਉਹ 'ਮੈਂ-ਪਾਤਰ' ਨੂੰ ਵਕੀਲੀ ਦੀ ਪੜ੍ਹਾਈ ਕਰਵਾਉਣ ਤੋਂ ਕੋਰਾ ਜਵਾਬ ਦੇ ਦਿੰਦਾ ਹੈ। ਉਸ ਵਿੱਚ ਬੇਗ਼ਾਨਗੀ ਪਿਤਾ ਵਾਂਗ ਵਧਦੀ ਜਾ ਰਹੀ ਹੈ। ਜਵਾਨੀ ਦੇ ਦਿਨਾਂ ਵਿੱਚ ਗੁੱਲੂ ਸ਼ਾਹ ਦੇ ਮੇਲੇ ਦੇ ਅਖਾੜੇ ਵਿੱਚ ਜ਼ੈਲਦਾਰਾਂ ਦੇ ਮੁੰਡੇ ਦੀ ਇੱਕੋ ਜਾਫੇ ਵਿੱਚ ਕੰਡ ਲਾਉਣ ਵਾਲੇ ਉਸ ਭਰਾ ਨੇ ਕਈ ਵਰ੍ਹਿਆਂ ਤੋਂ ਮੇਲੇ ਵਿੱਚ ਜਾਣਾ ਹੀ ਛੱਡ ਦਿੱਤਾ ਹੈ। ਉਮਰ ਤੋਂ ਪਹਿਲਾਂ ਉਸ ਦਾ ਸਿਰ ਧੌਲਿਆਂ ਨਾਲ ਭਰ ਚੁੱਕਾ ਹੈ। ਪਿਤਾ ਤੋਂ ਬਾਅਦ ਘਰ ਵਿੱਚ ਵੱਡਾ ਹੋਣ ਕਰਕੇ ਪਰਿਵਾਰ ਦੀ ਜ਼ਿੰਮੇਵਾਰੀ ਨੂੰ ਨਿਭਾਉਣ ਦੀ ਚਿੰਤਾ ਉਸ ਦੇ ਉਮਰ ਤੋਂ ਵੱਡੇ ਦਿਸਣ ਦੀ ਇਕ ਵਜ੍ਹਾ ਬਣਦੀ ਹੈ। ਪਰ ਉਸ ਦੇ ਮਾਨਸਿਕ ਸੰਤਾਪ ਦੀ ਵੱਡੀ ਗੁੰਝਲ ਪਰਿਵਾਰ ਵਲੋਂ ਮੋਟਰ ਲਈ ਬੈਂਕ ਤੋਂ ਲਏ ਕਰਜ਼ੇ ਵਿੱਚੋਂ ਬਚੀ ਰਕਮ ਨੂੰ ਉਸ ਦੇ ਵਿਆਹ ਲਈ ਖਰਚਣਾ ਹੈ। ਜਿਸ ਦੀਆਂ ਕਿਸਤਾਂ ਪਰਿਵਾਰ ਲਈ ਜੰਜ਼ਾਲ ਬਣੀਆਂ ਹੋਈਆਂ ਹਨ। ਮੂਲ ਨਾਲੋਂ ਵਿਆਜ ਦੀ ਰਕਮ ਜ਼ਿਆਦਾ ਤਾਰਨ ਤੋਂ ਬਾਅਦ ਵੀ ਇਹ ਕਰਜ਼ਾ ਮੁੱਕਣ ਵਿੱਚ ਨਹੀਂ ਆ ਰਿਹਾ।

'ਮੈਂ-ਪਾਤਰ' ਦੇ ਪਿਤਾ ਨੇ ਮੋਟਰ ਲੁਆਉਣ ਲਈ ਕਰਜ਼ਾ ਲੈਣ ਸਮੇਂ ਭਰਾ ਦੇ ਵਿਆਹ ਦਾ ਖਰਚਾ ਜੋੜ ਕੇ ਰਕਮ ਭਰੀ ਸੀ। ਛੋਟੀ ਤੇ ਦਰਮਿਆਨੀ ਕਿਸਾਨੀ ਬਹੁਤ ਵਾਰ ਖੇਤੀਬਾੜੀ ਲਈ ਲਏ ਕਰਜ਼ੇ ਨੂੰ ਗ਼ੈਰ-ਉਤਪਾਦਨ ਕੰਮਾਂ ਲਈ ਵਰਤ ਜਾਂਦੀ ਹੈ। ਘਰੇਲੂ ਜ਼ਰੂਰਤਾਂ ਲਈ ਅਜਿਹੇ ਕਰਜ਼ੇ ਦੀ ਵਰਤੋਂ ਕਰਨਾ ਜਿੱਥੇ ਉਨ੍ਹਾਂ ਦੀ ਮਜ਼ਬੂਰੀ ਹੈ ਉੱਥੇ ਸ਼ਰੀਕੇ 'ਚ ਨੱਕ ਉੱਚਾ ਰੱਖਣ ਦਾ ਸਾਧਨ ਵੀ। ਇਸ ਤਰ੍ਹਾਂ ਦੇ ਕਰਜ਼ੇ ਦੀਆਂ ਕਿਸ਼ਤਾਂ ਉਤਾਰਨਾ ਉਨ੍ਹਾਂ ਲਈ ਵੱਡੀ ਸਿਰਦਰਦੀ ਬਣ ਜਾਂਦੀ ਹੈ। ਕਿਸਾਨੀ ਪਰਿਵਾਰ ਪਹਿਲਾਂ ਸ਼ਾਹੂਕਾਰਾਂ ਦਾ ਕਰਜ਼ਾ ਉਤਾਰਦਿਆਂ ਉਮਰ ਲੰਘਾ ਦਿੰਦੇ ਸਨ। ਸਰਮਾਇਦਾਰੀ ਦੇ ਵਿਕਾਸ ਕਾਰਨ ਸ਼ਾਹੂਕਾਰਾਂ ਦੇ ਨਾਲ ਹੁਣ ਸਰਕਾਰੀ ਤੇ ਗ਼ੈਰ-ਸਰਕਾਰੀ ਬੈਂਕਾਂ ਵੀ ਸ਼ਾਮਲ ਹੋ ਗਈਆਂ ਹਨ। ਪਰ ਕਿਸਾਨ ਦੀ ਹਾਲਤ ਜਾਲ ਵਿੱਚ ਫਸੀ ਮੱਛੀ ਵਾਲੀ ਹੀ ਹੈ। ਬਸ, ਫ਼ਰਕ ਇਹ ਹੈ ਕਿ ਕਿਸਾਨ ਤੇ ਸ਼ਾਹੂਕਾਰ ਦਾ ਸੰਬੰਧ ਗ਼ੈਰ-ਰਸਮੀ ਤੇ ਕਿਸੇ ਹੱਦ ਤੱਕ ਮਾਨਵੀ ਸੀ ਜਦੋਂ ਕਿ ਕਿਸਾਨ ਤੇ ਬੈਂਕਾਂ ਦੇ ਬੰਧਨ ਰਸਮੀ ਤੇ ਮਾਨਵਤਾ ਰਹਿਤ ਹਨ। ਪੂੰਜੀਵਾਦ ਕਿਸਾਨ ਦਾ ਹਤੈਸ਼ੀ ਹੋਣ ਦਾ ਦਮਗਜ਼ਾ ਜ਼ਰੂਰ ਮਾਰਦਾ ਹੈ ਪਰ ਪੂੰਜੀਵਾਦ ਦਾ ਕੋਝਾਪਨ ਵਿਕਾਸਸ਼ੀਲ ਦੇਸ਼ਾਂ ਦੀ ਕਿਸਾਨੀ ਤੇ ਬਾਕੀ ਜਨਤਾ ਕਈ ਪੱਧਰ 'ਤੇ ਹੰਢਾ ਰਹੀ ਹੈ। ਪੂੰਜੀਵਾਦੀ ਪ੍ਰਬੰਧ ਨੇ ਵਿਕਾਸਸ਼ੀਲ ਦੇਸ਼ਾਂ ਦੀ ਲੋਕਾਈ ਨੂੰ ਕਿਸੇ ਤਣ-ਪੱਤਣ ਨਹੀਂ ਲਗਾਇਆ ਬਲਕਿ ਕਈ ਤਰ੍ਹਾਂ ਦੀਆਂ ਉਲਝਣਾਂ ਵਿੱਚ ਫਸਾਇਆ ਹੈ।

'ਕਥਾ ਇੱਕ ਕਲਯੁੱਗ ਦੀ' ਕਹਾਣੀ ਦੇ ਵਿਸ਼ੇ ਦਾ ਪ੍ਰਯੋਜਨ ਸਰਮਾਇਦਾਰੀ ਬਣਤਰ ਦੇ ਕੋਝੇਪਨ ਨੂੰ ਲੁਕਵੇਂ ਰੂਪ ਵਿੱਚ ਚਿਤਰਣਾ ਹੈ। ਇਸ ਪ੍ਰਬੰਧ ਦੇ ਸਮਾਜਿਕ ਬਣਤਰ ਵਿੱਚ ਦਾਖਲ ਹੋਣ ਕਾਰਨ 'ਮੈਂ-ਪਾਤਰ' ਦੇ ਪਰਿਵਾਰ ਦਾ ਹਰ ਜੀਅ ਪੀੜਾ ਗ੍ਰਸਤ

ਹੈ। 'ਮੈਂ-ਪਾਤਰ' ਵਿਆਹ ਦੀ ਉਮਰ ਦੇ ਕੰਢੇ 'ਤੇ ਖੜ੍ਹਾ ਹੈ ਪਰ ਵੱਡੀ ਬਾਜੀ ਨੀਲੋ ਦੀ ਵਿਆਹ ਦੀ ਉਮਰ ਬੀਤਦੀ ਜਾ ਰਹੀ ਹੈ। ਲਗਾਤਾਰ ਕੰਮ ਵਿੱਚ ਰੁੱਝੀ ਰਹਿਣ ਵਾਲੀ ਭੈਣ ਦਾ ਹੁਣ ਕਿਸੇ ਕੰਮ ਵੱਲ ਧਿਆਨ ਨਹੀਂ ਜਾਂਦਾ। ਉਹ ਹਰ ਚੀਜ਼ ਤੇ ਸਥਿਤੀ ਤੋਂ ਅਵੇਸਲੀ ਰਹਿਣ ਲੱਗ ਪਈ ਹੈ। ਮੁਹੱਲੇ ਵਿੱਚ ਹੁੰਦੇ ਵਿਆਹ-ਸ਼ਾਦੀਆਂ ਉੱਤੇ ਉਸਨੇ ਜਾਣਾ ਕਦੋਂ ਦਾ ਬੰਦ ਕਰ ਦਿੱਤਾ ਹੈ। ਉਹ ਮਿੱਟੀ ਦਾ ਇਕ ਤੁਰਦਾ-ਫਿਰਦਾ ਬੁੱਤ ਬਣ ਕੇ ਰਹਿ ਗਈ ਹੈ। ਹਾਸਾ ਉਸ ਦੇ ਬੁੱਲ੍ਹਾਂ ਤੋਂ ਗ਼ਾਇਬ ਹੋ ਚੁੱਕਾ ਹੈ। ਉਹ ਘਰੋਂ ਤੋਰਨ ਦੇ ਗੁੱਝੇ ਸੰਕੇਤ ਕਰਦੀ ਹੈ। ਪਰ ਦਾਜ ਤੋਂ ਬਿਨਾਂ ਸੁਨੱਖੀ ਧੀ ਦੇ ਹੱਥ ਪੀਲੇ ਕਰਨੇ ਪਰਿਵਾਰ ਲਈ ਡਾਢੇ ਮੁਸ਼ਕਿਲ ਬਣੇ ਹੋਏ ਹਨ। ਦਾਜ ਦੇ ਰੂਪ ਵਿੱਚ ਮਨੁੱਖ ਦਾ ਪਦਾਰਥਕ ਵਸਤਾਂ ਪ੍ਰਤੀ ਮੋਹ ਇੰਨਾਂ ਵਧ ਗਿਆ ਹੈ ਕਿ ਸੋਹਣੀ-ਸੁਨੱਖੀ ਜਵਾਨ ਸ਼ਖ਼ਸੀਅਤ ਬੇਮੁਆਇਨੇ ਹੋ ਗਈ ਹੈ।

'ਮੈਂ-ਪਾਤਰ' ਦੀ ਮਾਂ ਨੂੰ ਧੀ ਦੇ ਵਿਆਹ ਦੀ ਚਿੰਤਾ ਲੱਕੜ ਦੇ ਘੁਣ ਵਾਂਗ ਅੰਦਰੋ ਅੰਦਰ ਖਾਈ ਜਾ ਰਹੀ ਹੈ। ਵੈਸੇ ਉਹ ਬੜੇ ਠਰੰਮੇ ਤੇ ਹੌਸਲੇ ਵਾਲ਼ੀ ਔਰਤ ਹੈ। ਉਹ ਸੁਘੜ ਤੀਵੀਂ ਗ਼ਰੀਬੀ ਦਾਅਵੇ ਵਿੱਚ ਵੀ ਘਰ ਨੂੰ ਬੜੇ ਜੇਰੇ ਨਾਲ ਤੋਰੀ ਆਈ ਹੈ। 'ਮੈਂ-ਪਾਤਰ' ਦੀ ਮੁੱਢਲੀ ਪੜ੍ਹਾਈ ਦਾ ਖ਼ਰਚ ਉਸ ਨੇ ਬੜੀ ਸਿਆਣਪ ਨਾਲ ਕੱਢਿਆ ਹੈ। ਪਰਿਵਾਰ ਦੇ ਸਾਰੇ ਜੀਆਂ ਨੂੰ ਹੌਸਲਾ ਦੇਣ ਵਾਲੀ ਹੁਣ ਖ਼ੁਦ ਹੌਸਲਾ ਹਾਰ ਚੁੱਕੀ ਹੈ। ਧੀ ਲਈ ਉਹ ਕਿਸੇ ਦਹਾਜੂ ਦਾ ਰਿਸ਼ਤਾ ਲੱਭਦੀ ਫਿਰਦੀ ਹੈ। ਘਨੌਣੀਆਂ ਪਰਿਸਥਿਤੀਆਂ ਨੇ ਉਸ ਦੇ ਵਿਅਕਤੀਤਵ ਨੂੰ ਖੰਡਿਤ ਕਰਕੇ ਉਸ ਦੇ ਹੌਸਲੇ ਨੂੰ ਪਸਤ ਕਰ ਸੁੱਟਿਆ ਹੈ।

ਕਹਾਣੀ ਇਕ ਵਾਰ ਫਿਰ ਪਿਛਲ ਝਾਤ ਦੀ ਜੁਗਤ ਅਪਣਾ ਕੇ ਪੂੰਜੀਵਾਦੀ ਪੈਸਾ ਕੀਮਤਾਂ ਵਿੱਚੋਂ 'ਮੈਂ-ਪਾਤਰ' ਨੂੰ ਪ੍ਰਾਪਤ ਹੋਏ 'ਠੇਡਿਆਂ' ਨੂੰ ਆਪਣਾ ਵਿਸ਼ਾ ਬਣਾਉਂਦੀ ਹੈ। ਚੰਗੇ ਨੰਬਰਾਂ ਦੇ ਬਾਵਜੂਦ ਉਸ ਨੂੰ ਇੰਜੀਨੀਅਰਿੰਗ ਯੂਨੀਵਰਸਿਟੀ ਵਿੱਚ ਦਾਖ਼ਲਾ ਨਹੀਂ ਮਿਲਦਾ। ਉਸ ਤੋਂ ਘੱਟ ਨੰਬਰਾਂ ਵਾਲਾ ਜ਼ੈਲਦਾਰ ਦਾ ਮੁੰਡਾ ਪੈਸੇ ਦੇ ਜ਼ੋਰ ਨਾਲ ਸੈਲਫ ਫ਼ਾਇਨਾਂਸ ਵਾਲੀ ਸੀਟ ਪ੍ਰਾਪਤ ਕਰ ਲੈਂਦਾ ਹੈ। ਉਸ ਨੂੰ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਗਲਫ਼ ਦੀ ਚੰਗੀ ਕੰਪਨੀ ਵਿੱਚ ਨੌਕਰੀ ਵੀ ਮਿਲ ਜਾਂਦੀ ਹੈ।

ਪੂੰਜੀਵਾਦੀ ਕਦਰਾਂ-ਕੀਮਤਾਂ ਹੀ 'ਮੈਂ-ਪਾਤਰ' ਦੀ ਪਿਆਰ ਵਿੱਚ ਹਾਰ ਦੀ ਵਜ੍ਹਾ ਬਣਦੀਆਂ ਹਨ। ਸਰਮਾਇਦਾਰੀ ਦੌਰ ਵਿੱਚ ਪਦਾਰਥਿਕ ਵਸਤਾਂ ਦੀ ਖਿੱਚ, ਸੁਹੱਪਣ ਤੇ ਨੇਕ ਸ਼ਖ਼ਸੀਅਤ 'ਤੇ ਭਾਰੀ ਪੈਂਦੀ ਹੈ। ਬਿਰਤਾਂਤਕਾਰ ਸ਼ਬਨਮ ਨਾਮ ਦੀ ਜਿਸ ਕੁੜੀ ਨੂੰ ਪਿਆਰ ਕਰਦਾ ਹੈ ਉਹ ਪੈਸੇ ਤੇ ਪਦਾਰਥਕ ਵਸਤਾਂ ਦੀ ਲਲਚਾਈ ਕੁੱਬੇ-ਭੈਂਗੇ ਨਾਲ ਵੱਡੀ ਗੱਡੀ 'ਤੇ ਬੈਠ ਝੂਟੇ ਲੈਂਦੀ ਹੈ। ਉਹ 'ਮੈਂ-ਪਾਤਰ' ਦੇ ਪਿਆਰ ਦੀ ਨਿਰਾਦਰੀ ਕਰਦੀ, ਬੜੀ ਬੇਰੁਖ਼ੀ ਨਾਲ ਪੇਸ਼ ਆਉਂਦੀ ਹੈ। 'ਮੈਂ-ਪਾਤਰ' ਤੇ ਸ਼ਬਨਮ ਇੱਕੋ ਪ੍ਰਾਈਵੇਟ ਅਕੈਡਮੀ ਵਿੱਚ ਟਿਊਸ਼ਨ ਪੜ੍ਹਦੇ ਹਨ। ਉਹ ਸ਼ਬਨਮ ਦੀਆਂ ਅਦਾਵਾਂ 'ਤੇ ਮੋਹਿਤ ਹੋ ਜਾਂਦਾ ਹੈ। ਉਹ ਸੁਪਨਿਆਂ ਵਿੱਚ ਉਸ ਨੂੰ ਆਪਣੇ ਖੇਤਾਂ ਵਿੱਚ ਗੰਦਲਾਂ ਤੋੜਦੀ ਅਨੁਭਵ ਕਰਦਾ ਹੈ। ਸ਼ਬਨਮ ਵੀ ਉਸ ਦੇ ਸੁਹੱਪਣ ਤੋਂ ਮੁਤਾਸਰ ਨਜ਼ਰ ਆਉਂਦੀ ਹੈ। ਇਸ ਤੋਂ ਪਹਿਲਾਂ ਕਿ ਉਨ੍ਹਾਂ ਦੀ ਆਪਸੀ ਖਿੱਚ ਡੂੰਘੇ ਪਿਆਰ ਵਿੱਚ ਵਟਦੀ ਕਾਰਖ਼ਾਨੇਦਾਰ ਦਾ ਮੁੰਡਾ ਕੁੱਬਾ ਭੈਂਗਾ ਉਸੇ ਅਕੈਡਮੀ ਵਿੱਚ ਟਿਊਸ਼ਨ ਪੜ੍ਹਨ ਆ ਪਹੁੰਚਦਾ ਹੈ। 'ਮੈਂ-ਪਾਤਰ' ਜਿੱਥੇ ਪਿੰਡੋਂ ਪਹਿਲਾਂ ਪੈਦਲ ਤੇ ਫਿਰ ਬੱਸ ਰਾਹੀਂ ਲੰਬਾ ਪੈਂਡਾ ਤਹਿ ਕਰਕੇ ਅਕੈਡਮੀ ਪਹੁੰਚਦਾ ਹੈ ਉੱਥੇ



ਕੁੱਬਾ ਭੈਂਗਾ ਸ਼ਹਿਰ ਦੀ ਪੋਸ਼ ਕਲੋਨੀ ਵਿੱਚੋਂ ਕਾਰ 'ਤੇ ਅਕੈਡਮੀ ਆਉਂਦਾ ਹੈ। ਸ਼ਬਨਮ ਗ਼ਰੀਬ ਕਿਸਾਨ ਦੇ ਪਿਆਰ ਨੂੰ ਤਿਆਗ ਕੇ ਸਰਮਾਇਦਾਰ ਕੁੱਬੇ ਦੀ ਝੋਲੀ ਜਾ ਪੈਂਦੀ ਹੈ।

ਖ਼ਾਲਿਦ ਫਰਹਾਦ ਪਹਿਲੀ ਪੀੜ੍ਹੀ ਦੇ ਪ੍ਰਗਤੀਵਾਦੀ ਕਹਾਣੀਕਾਰਾਂ ਵਾਂਗ ਦੋ ਵਿਰੋਧੀ ਸਥਿਤੀਆਂ ਦੀ ਸਪੱਸ਼ਟ ਵੰਡ ਕਰਕੇ ਬੁਰਜੂਆ ਸ਼੍ਰੇਣੀ ਪ੍ਰਤੀ ਪਾਠਕ ਦੇ ਮਨ ਵਿੱਚ ਨਫ਼ਰਤ ਪੈਦਾ ਕਰਦਾ ਹੈ ਅਤੇ ਪ੍ਰੋਲਤਾਰੀ ਵਰਗ ਲਈ ਹਮਦਰਦੀ। ਅਜੋਕੇ ਦੌਰ ਦੀ ਕਹਾਣੀ ਬੁਰਜੂਆ ਤੇ ਪ੍ਰੋਲਤਾਰੀ ਵਿੱਚ ਇਸ ਤਰ੍ਹਾਂ ਦੀ ਸਤੇਹੀ ਵੰਡ ਵਾਲੀ ਪੇਸ਼ਕਾਰੀ ਤੋਂ ਬਹੁਤ ਅੱਗੇ ਨਿਕਲ ਆਈ ਹੈ। ਉਹ ਵਧੇਰੇ ਲੁਕਵੀਂ ਤੇ ਸੰਕੇਤਕ ਸ਼ੈਲੀ ਨੂੰ ਅਪਣਾਉਣ ਵਾਲੀ ਹੁਨਰੀ ਕਹਾਣੀ ਦਾ ਰੂਪ ਅਖ਼ਤਿਆਰ ਕਰ ਚੁੱਕੀ ਹੈ। ਖ਼ਾਲਿਦ ਫਰਹਾਦ ਨੇ ਸੰਕੇਤਕ ਅੰਦਾਜ਼ ਵਿੱਚ ਗੁੰਝਲਦਾਰ ਪਰਿਸਥਿਤੀਆਂ ਦੇ ਸਿਰਜਣ ਰਾਹੀਂ ਵਿਸ਼ੇ ਨੂੰ ਪ੍ਰਗਟਾਉਣ ਤੇ ਲੁਕਾਉਣ ਦੀ ਜੁਗਤ ਵਿੱਚ ਪ੍ਰਬੀਨਤਾ ਅਜੇ ਹਾਸਲ ਕਰਨੀ ਹੈ।

ਕਹਾਣੀ ਦਾ ਬਿਰਤਾਂਤ ਅਤੀਤ ਵਿੱਚ ਮਿਲੇ ਵਿਗੋਚਿਆਂ ਤੋਂ ਵਰਤਮਾਨ ਵਿੱਚ ਪ੍ਰਵੇਸ਼ ਕਰਦਾ ਹੈ। ਅੱਗੇ ਵਰਤਮਾਨ ਦੇ ਵਿਗੋਚੇ ਸਨਮੁਖ ਹਨ। ਮੋਟਰ ਲਈ ਕਈ ਸਾਲ ਪਹਿਲਾਂ ਲਏ ਕਰਜ਼ੇ ਦੀ ਕਿਸ਼ਤ ਜਮ੍ਹਾਂ ਕਰਵਾਉਣ ਦੀ ਤਾਰੀਖ਼ ਨਿਕਲ ਚੁੱਕੀ ਹੈ। ਪੈਸੇ ਦਾ ਕੋਈ ਜੁਗਾੜ ਨਹੀਂ ਬਣਿਆ। ਬੈਂਕ ਦੇ ਹਰਕਾਰੇ ਪਿੰਡ ਵਿੱਚ ਚੇਤਾਵਨੀ ਦਿੰਦੇ ਚੱਕਰ ਕੱਢ ਰਹੇ ਹਨ। ਅਫ਼ਵਾਹਾਂ ਦਾ ਬਾਜ਼ਾਰ ਗਰਮ ਹੈ। ਕਦੇ ਅਫ਼ਵਾਹ ਆਉਂਦੀ ਹੈ, ਕਰਜ਼ੇ ਮੁਆਫ਼ ਹੋ ਰਹੇ ਹਨ। ਕਦੀ ਖ਼ਬਰ ਫ਼ੈਲਦੀ ਹੈ ਕਿ ਉੱਚੇ ਪਿੰਡ ਦੇ ਗਹਿਲੇ ਦੀ ਪੈਲੀ ਨਿਲਾਮ ਹੋ ਗਈ। ਪਿੰਡ ਦਾ ਚਾਚਾ ਮਹਿਦਾ ਪੈਲੀ ਦੀ ਕੁਰਕੀ ਹੋਣ ਤੋਂ ਇਕ ਰਾਤ ਪਹਿਲਾਂ ਚੂਹੇ ਮਾਰ ਦਵਾਈ ਪੀ ਕੇ ਖ਼ੁਦਕੁਸ਼ੀ ਕਰ ਲੈਂਦਾ ਹੈ। ਪਰ ਇਹ ਅਫ਼ਵਾਹ ਨਹੀਂ। ਵਰਤਮਾਨ ਸਮੇਂ ਦਾ ਵੱਡਾ ਸੱਚ ਹੈ। ਖ਼ੁਦਕੁਸ਼ੀ ਦੀ ਘਟਨਾ 'ਤੇ 'ਮੈਂ-ਪਾਤਰ' ਦਾ ਪਿਉ ਕਹਿੰਦਾ ਹੈ, 'ਬੇਪਤ ਹੋਣ ਨਾਲੋਂ ਮਰਨਾ ਈ ਚੰਗਾ।' ਇਸ ਟਿੱਪਣੀ 'ਤੇ ਪੂਰਾ ਪਰਿਵਾਰ ਫ਼ਿਕਰ ਵਿੱਚ ਪੈ ਜਾਂਦਾ ਹੈ।

ਪਾਕਿਸਤਾਨ ਤੇ ਭਾਰਤ ਦੀ ਛੋਟੀ ਤੇ ਦਰਮਿਆਨੀ ਕਿਸਾਨੀ ਖ਼ੁਦਕੁਸ਼ੀਆਂ ਦੇ ਰਾਹ 'ਤੇ ਚਲ ਪਈ ਹੈ। ਦੋਹਾਂ ਦੀਆਂ ਸਮੱਸਿਆਵਾਂ ਸਾਂਝੀਆਂ ਹਨ। ਦੋਵਾਂ ਦੇਸ਼ਾਂ ਦੇ ਕਿਸਾਨ ਕਰਜ਼ੇ ਦੇ ਚੁੰਗਲ ਵਿੱਚ ਫਸੇ ਹੋਏ ਹਨ। ਪਾਕਿਸਤਾਨ ਵਿੱਚ ਖੇਤੀ ਦਾ ਅਜੇ ਪੂਰੀ ਤਰ੍ਹਾਂ ਮਸ਼ੀਨੀਕਰਨ ਨਹੀਂ ਹੋਇਆ। ਵਧੇਰੇ ਖੇਤੀ ਰਵਾਇਤੀ ਢੰਗ ਨਾਲ ਕੀਤੀ ਜਾ ਰਹੀ ਹੈ। ਭਾਰਤੀ ਪੰਜਾਬ ਵਿੱਚ ਖੇਤੀ ਦਾ ਪੂਰੀ ਤਰ੍ਹਾਂ ਮਸ਼ੀਨੀਕਰਨ ਹੋ ਚੁੱਕਾ ਹੈ। ਕਹਾਣੀ ਵਿੱਚ ਮੋਟਰ ਲਈ ਲਿਆ ਕਰਜ਼ਾ ਤਤਕਾਲੀ ਮੁਸੀਬਤ ਦਾ ਕਾਰਨ ਬਣਿਆ ਹੈ। ਉੱਥੇ ਭਾਰਤੀ ਪੰਜਾਬ ਦੀ ਦਰਮਿਆਨੀ ਕਿਸਾਨੀ ਨੂੰ ਟਰੈਕਟਰ ਤੇ ਹੋਰ ਮਸ਼ੀਨਰੀ ਖਰੀਦਣ ਦੇ 'ਸਟੇਟਸ ਸਿੰਬਲ' ਨੇ ਬੁਰੀ ਤਰ੍ਹਾਂ ਕਰਜ਼ਾਈ ਬਣਾ ਕੇ ਆਤਮ-ਹੱਤਿਆ ਦੇ ਰਾਹ ਤੋਰਿਆ ਹੈ। ਪੂੰਜੀਵਾਦ ਦੀ ਕਰਜ਼ਾ-ਪ੍ਰਣਾਲੀ ਨੇ ਕਿਸਾਨੀ ਪਰਿਵਾਰਾਂ ਨੂੰ ਹੀ ਨਹੀਂ ਨਪੀੜਿਆ ਬਲਕਿ ਸ਼ਹਿਰੀ ਮੱਧ-ਵਰਗ ਨੂੰ ਵੀ ਬੁਰੀ ਤਰ੍ਹਾਂ ਆਪਣੇ ਜਾਲ ਵਿੱਚ ਫਸਾਇਆ ਹੈ। ਪੁਰਾਣੇ ਸਮੇਂ ਵਿੱਚ ਮਨੁੱਖ ਵਸਤ ਲੈਣ ਤੋਂ ਪਹਿਲਾਂ ਉਸ ਲਈ ਜਮ੍ਹਾਂ-ਪੂੰਜੀ ਜੋੜਦਾ ਸੀ। ਪਰ ਹੁਣ 'ਡਾਊਨ-ਪੇਮੈਂਟ' ਕਰਕੇ ਵਿਅਕਤੀ ਕਰਜ਼ੇ ਦੇ ਚੁੰਗਲ ਵਿੱਚ ਅਜਿਹਾ ਧਸਦਾ ਹੈ ਕਿ ਮੋਟੇ

ਵਿਆਜ਼ ਨਾਲ ਕਿਸ਼ਤਾਂ ਉਤਾਰਦਾ ਤਮਾਮ ਉਮਰ ਮਾਨਸਿਕ ਸੰਤਾਪ ਹੰਢਾਉਂਦਾ ਰਹਿੰਦਾ ਹੈ।

'ਮੈਂ-ਪਾਤਰ' ਦਾ ਪਿਉ ਪਰਿਵਾਰ ਨਾਲ ਬਿਨਾਂ ਕੋਈ ਸਲਾਹ ਕੀਤਿਆਂ ਦਸ ਵਿੱਘਿਆਂ ਵਿੱਚੋਂ ਤਿੰਨ ਵਿੱਘੇ ਜ਼ਮੀਨ ਜ਼ੈਲਦਾਰਾਂ ਦੇ ਨਾਂ ਲੁਆ ਆਉਂਦਾ ਹੈ। 'ਮੈਂ-ਪਾਤਰ' ਸੋਚਦਾ ਹੈ ਕਿ ਭਰਾ ਕੋਲੋਂ ਮੇਲੇ ਦੇ ਅਖਾੜੇ ਵਿੱਚ ਹਾਰਨ ਦਾ ਬਦਲਾ ਜ਼ੈਲਦਾਰਾਂ ਜ਼ਿੰਦਗੀ ਦੇ ਮੇਲੇ ਵਿੱਚ ਇਸ ਤਰ੍ਹਾਂ ਹਰਾ ਕੇ ਲਿਆ। ਹਰੀ ਕਰਾਂਤੀ ਤੋਂ ਬਾਅਦ ਭਾਰਤ ਵਿੱਚ ਹੀ ਨਹੀਂ ਪਾਕਿਸਤਾਨ ਵਿੱਚ ਵੀ ਛੋਟੀ ਕਿਸਾਨੀ 'ਚ ਕਰਜ਼ੇ ਦੇ ਬੋਝ ਤੇ ਪਰਿਵਾਰਕ ਜ਼ਰੂਰਤਾਂ ਕਾਰਨ ਜ਼ਮੀਨ ਹਿੱਸਿਆਂ ਵਿੱਚ ਵੇਚਣ ਦਾ ਰੁਝਾਨ ਤੇਜ਼ੀ ਨਾਲ ਵਧਿਆ। ਨਤੀਜਨ ਜ਼ਮੀਨ ਵੱਡੇ ਜ਼ਮੀਦਾਰਾਂ ਕੋਲ ਇਕੱਠੀ ਹੋਣੀ ਸ਼ੁਰੂ ਹੋ ਗਈ। ਇਸ ਕਾਰਨ ਛੋਟੇ ਕਿਰਸਾਨ ਬੇਜ਼ਮੀਨੇ ਤਬਕਿਆਂ ਵਿੱਚ ਰਲਦੇ ਚਲੇ ਜਾ ਰਹੇ ਹਨ।

ਭਾਰਤ ਵਿੱਚ ਪਿਛਲੇ ਕੁਝ ਸਾਲਾਂ ਤੋਂ ਵੱਡੀ ਕਿਸਾਨੀ ਵਿੱਚ ਵੀ ਜ਼ਮੀਨ ਵੇਚਣ ਦੀ ਰੁਚੀ ਸਾਹਮਣੇ ਆਈ ਹੈ। ਖੇਤੀਬਾੜੀ ਬਹੁਤਾ ਲਾਹਵੰਦ ਧੰਦਾ ਨਾ ਰਹਿਣ ਕਾਰਨ ਅਤੇ ਅਗਲੀ ਪੀੜ੍ਹੀ ਦਾ ਵਿਦੇਸ਼ਾਂ ਵੱਲ ਰੁਝਾਨ ਹੋਣ ਕਾਰਨ ਵੱਡੀ ਕਿਸਾਨੀ ਦਾ ਵੀ ਜ਼ਮੀਨ ਤੋਂ ਮੋਹ ਭੰਗ ਹੋ ਰਿਹਾ ਹੈ। ਹੁਣ ਸਥਿਤੀ ਇਹ ਬਣ ਗਈ ਹੈ ਕਿ ਜ਼ਮੀਨ ਦਾ ਕੋਈ ਗਾਹਕ ਹੀ ਨਹੀਂ ਮਿਲ ਰਿਹਾ।

ਛੋਟੀ ਕਿਸਾਨੀ ਵਿੱਚ ਜ਼ਮੀਨ ਬੈਅ ਕਰਕੇ ਅਰਬ ਮੁਲਕ ਵਿੱਚ ਜਾਣ ਦਾ ਵਿਚਾਰ ਪਾਕਿਸਤਾਨੀ ਤੇ ਭਾਰਤੀ ਪੰਜਾਬ ਵਿੱਚ ਇਕੋ ਜਿਹਾ ਹੈ। ਪਿਉ ਵਲੋਂ ਵੇਚੇ ਤਿੰਨ ਵਿੱਘਿਆਂ ਨਾਲ ਮੋਟਰ ਦਾ ਕਰਜ਼ਾ ਉਤਾਰਨ ਤੋਂ ਬਚੀ ਰਕਮ ਨਾਲ ਪਰਿਵਾਰ ਸਾਂਝੇ ਤੌਰ 'ਤੇ 'ਮੈਂ-ਪਾਤਰ' ਨੂੰ ਕਿਸੇ ਅਰਬ ਮੁਲਕ ਵਿੱਚ ਭੇਜਣ ਦਾ ਫ਼ੈਸਲਾ ਕਰ ਚੁੱਕਾ ਹੈ। ਕਹਾਣੀ ਵਿਅੰਗ ਸਿਰਜਦੀ ਹੈ ਕਿ ਜ਼ਮੀਨ ਜਿਸ ਨੂੰ ਕਿਸਾਨ ਨੇ ਮਾਂ ਵਾਂਗ ਪਾਲਣਹਾਰ ਮੰਨਿਆਂ ਸੀ, ਸਰਮਾਇਦਾਰੀ ਦੌਰ ਵਿੱਚ ਮਤਰੇਈ ਮਾਂ ਬਣ ਗਈ ਜੋ ਪਰਿਵਾਰ ਦੀਆਂ ਮੁੱਢਲੀਆਂ ਜ਼ਰੂਰਤਾਂ ਪੂਰੀਆਂ ਕਰਨਯੋਗ ਵੀ ਨਹੀਂ ਰਹੀ।ਮੱਧਕਾਲ ਵਿੱਚ ਜਿਨ੍ਹਾਂ ਧੰਦਿਆਂ ਦੀ ਵਧੇਰੇ ਅਹਿਮੀਅਤ ਨਹੀਂ ਸੀ ਉਹ ਹੁਣ ਕਿਸਾਨੀ ਪਰਿਵਾਰਾਂ ਲਈ ਰੋਜ਼ੀ-ਰੋਟੀ ਕਮਾਉਣ ਦਾ ਵਸੀਲਾ ਬਣ ਰਹੇ ਹਨ। 'ਮੈਂ-ਪਾਤਰ' ਨੂੰ ਵੀ ਬੇਗ਼ਾਨੀ ਧਰਤੀ 'ਤੇ ਰਾਜਗੀਰੀ ਦੇ ਕੰਮ ਨਾਲ ਸਮਝੌਤਾ ਕਰਨਾ ਪੈਣਾ ਹੈ।

ਕਹਾਣੀ ਦਾ ਬਿਰਤਾਂਤ ਆਰਥਿਕ ਪੇਤਲੀ ਹਾਲਤ ਵਿੱਚੋਂ ਨਿਕਲੇ ਪੂਰੇ ਪਰਿਵਾਰ ਦੇ ਸੰਤਾਪ ਨੂੰ ਸਿਰਜਦਾ ਅੰਤ 'ਮੈਂ-ਪਾਤਰ' ਦੇ ਨਿੱਜੀ ਸੰਤਾਪ ਵੱਲ ਮੋੜਾ ਕੱਟ ਜਾਂਦਾ ਹੈ। ਉਸ ਦਾ ਗਲਫ਼ ਦੇਸ਼ ਵਿੱਚ ਜਾ ਕੇ ਖੱਟੀ-ਕਮਾਈ ਕਰਨਾ ਪਰਿਵਾਰਕ ਜੀਆਂ ਵਿੱਚ ਨਵੇਂ ਸੁਪਨੇ ਜਗਾਉਣ ਦਾ ਜ਼ਰੀਆ ਬਣ ਸਕਦਾ ਹੈ। ਪਰ 'ਮੈਂ-ਪਾਤਰ' ਲਈ ਵਿਦੇਸ਼ ਨੂੰ ਸਫ਼ਰ ਨਾਲ ਸੰਤਾਪ ਦਾ ਸਿਰਫ਼ ਪਾਸਾ ਹੀ ਪਰਤਦਾ ਹੈ; ਘੱਟਦਾ ਜਾਂ ਮੁੱਕਦਾ ਨਹੀਂ। ਵਿਦੇਸ਼ੀ ਧਰਤੀ 'ਤੇ ਆਪਣਿਆਂ ਤੋਂ ਦੂਰ 'ਰਾਜਗੀਰੀ' ਉਸ ਲਈ ਵਧੇਰੇ ਮਾਨਸਿਕ ਗੁੰਝਲਾਂ ਦੀ ਵਜ੍ਹਾ ਬਣ ਸਕਦੀ ਹੈ।

**ਅਸਿਸਟੈਂਟ ਪ੍ਰੋਫ਼ੈਸਰ,**

**ਡੀ. ਏ. ਵੀ. ਕਾਲਜ, ਜਲੰਧਰ।**



# ਰਿਸ਼ਤਿਆਂ ਦਾ 'ਵਟਾਂਦਰਾ' - ਪਾਠ-ਪੇਸ਼ਕਾਰੀ

**-ਡਾ. ਚੰਦਰ ਪ੍ਰਕਾਸ਼**

**ਆਰੰਭਲੇ ਸ਼ਬਦ**:- ਪੜ੍ਹਤ ਦੀ ਜ਼ਿੰਮੇਵਾਰੀ ਲਿਖਤ ਨਾਲੋਂ ਵੱਧ ਵੀ ਹੈ ਤੇ ਜਟਿਲ ਵੀ। ਕਾਰਣ: ਕਿਸੇ ਪਾਠ ਦਾ ਕੋਈ ਅੰਤਿਮ ਸਿਰਾ ਨਹੀਂ ਹੁੰਦਾ। ਤੇ ਨਾ ਹੀ ਪਾਠਕ ਦੀ ਮਦਦ ਲਈ ਲੇਖਕ ਆਉਂਦਾ ਹੈ। ਖ਼ੁਦ ਪਾਠਕ ਨੂੰ ਸਿਰਜਕ ਬਣਕੇ ਪਾਠ (ਰਚਨਾ) ਦੀ ਉਧੇੜ ਬੁਣਤ ਕਰਨੀ ਪੈਂਦੀ ਹੈ (ਪਵੇਗੀ)।

ਪਾਠ ਬੋਲ ਵੀ ਹੁੰਦਾ ਹੈ। ਉਸ ਵਿਚ ਕਈ ਆਵਾਜ਼ਾਂ (ਰਮਜ਼ਾਂ) ਹੁੰਦੀਆਂ ਹਨ: ਜੋ ਸਾਡੀ ਸੂਝ/ਸਮਝ ਨੂੰ ਵੰਗਾਰਦੀਆਂ ਹੀ ਨਹੀਂ ਸਗੋਂ ਵਿਸਥਾਰਦੀਆਂ ਵੀ ਨੇ।

ਹਰ ਗਾਲਪਨਿਕ ਰਚਨਾ ਵਿਚ ਪਾਠਕ ਲਈ ਸ਼ਾਬਦਿਕ ਸੰਸਾਰ ਤੋਂ ਅਗੇਰੇ ਬਹੁਤ ਕੁਝ ਅਣਕਿਹਾ ਹੁੰਦਾ ਹੈ। ਜਿੱਥੋਂ ਤੱਕ ਕਹਾਣੀ ਦਾ ਸੰਬੰਧ ਹੈ ਇਹ ਗਲਪ ਦਾ ਮਹੱਤਵਪੂਰਨ ਰੂਪ ਹੈ। ਤੇ '*ਕਹਾਣੀ ਦੀ ਕਾਮਯਾਬੀ ਤਾਂ ਲੇਖਕ ਦੀ ਬਿਰਤਾਂਤਕਾਰੀ (ਕਹਾਣੀ ਦੀ ਬਿਰਤਾਂਤਕਤਾ ਤੇ ਪਾਠਕ ਦੀ ਬਿਰਤਾਂਤਕਤਾ (ਬਿਰਤਾਂਤ ਯੋਗਤਾ) ਵਿਚਲੀ ਅੰਤਰਕ੍ਰਿਆ ਉਪਰ ਨਿਰਭਰ ਕਰਦੀ ਹੈ*'[1] ਜੇਕਰ ਕਹਾਣੀਕਾਰ ਹਰ ਗੱਲ ਨੂੰ ਲੋੜੋਂ ਵੱਧ ਵਖਿਆਉਣ ਦਾ ਉਪਰਾਲਾ ਕਰਦਾ ਹੈ ਤਾਂ ਕਹਾਣੀ ਦਾ ਮੱਚ ਮਰ ਜਾਂਦਾ ਹੈ। ਚੰਗੀ ਕਹਾਣੀ ਵਿਚ ਪਾਠਕ ਨੂੰ ਸੋਚਣ/ਅਨੁਮਾਨ ਲਗਾਉਣ ਦੇ ਮੌਕੇ ਜ਼ਰੂਰ ਮਿਲਣੇ ਚਾਹੀਦੇ ਹਨ। ਡਾ. ਗੁਰਲਾਲ ਸਿੰਘ ਦੇ ਸ਼ਬਦਾਂ ਅਨੁਸਾਰ *ਦੱਸਣਯੋਗ ਕਹਾਣੀ ਦਾ ਲੇਖਕ ਕਿਸੇ ਸਥਿਤੀ ਨੂੰ ਸ਼ਬਦਾਂ ਰਾਹੀਂ ਦਰਸਾਉਂਦਾ ਵੀ ਹੈ ਅਤੇ ਆਪਣੇ ਪਾਠਕ ਨੂੰ ਇਸਨੂੰ ਚਿਤਵਣ, ਇਸਦਾ ਮੁਲਾਂਕਣ ਕਰਨ ਤੇ ਇਸ ਪ੍ਰਤਿ ਅਨੁਕ੍ਰਿਆ ਕਰਨ ਵਿਚ ਆਪਣੇ ਨਾਲ ਸ਼ਾਮਿਲ ਹੋਣ ਲਈ ਸੱਦਾ ਵੀ ਦਿੰਦਾ ਹੈ*[2]

ਕਹਾਣੀ (ਪਾਠ) ਅਤੇ ਪਾਠਕ ਵਿਚਕਾਰ ਮੂਕ ਸੰਬਾਦ ਚੱਲਦਾ ਹੈ: ਹੁੰਗਾਰੇ ਨਾਲੋਂ ਅੱਡ। ਪਾਠਕ, ਪਾਠ ਦੇ ਅੰਦਰ-ਬਾਹਰ ਪਰਸਪਰ ਯਾਤਰਾ ਕਰਦਾ ਹੈ। ਉਹ ਆਪਣੀ ਯੋਗਤਾ ਅਨੁਸਾਰ ਕਹਾਣੀ ਨੂੰ ਖੋਹਲਦਾ: ਖਿਲਾਰਦਾ: ਖੰਡ-ਖੰਡ ਵਿਭਾਜਤ ਕਰਦਾ ਹੈ। ਖੱਪਿਆਂ ਨੂੰ ਪੂਰਨ ਦਾ ਯਥਾਸ਼ਕਤ ਯਤਨ ਕਰਦਾ ਹੋਇਆ ਪੁਨਰ-ਘਾੜਤ ਕਰਦਾ ਹੈ।

ਇਉਂ ਪਾਠਕ: ਪੜਚੋਲਕ ਅਤੇ ਸਹਿਸਿਰਜਨਕਾਰ ਦੀ ਭੂਮਿਕਾ ਨਿਭਾਉਂਦਾ ਹੈ। *ਪਾਠ ਤੇ ਪਾਠਕ ਦਾ ਰਿਸ਼ਤਾ ਦੁਪਾਸੇ ਕਰਤਿਆਂ ਵਾਲਾ ਰਿਸ਼ਤਾ ਹੈ*[3]

ਇੱਥੇ 'ਵਟਾਂਦਰਾ' ਕਹਾਣੀ ਦੇ ਨਿਭਾਉ/ਪੇਸ਼ਕਾਰੀ ਨੂੰ ਆਪਣੀ ਸਮਰੱਥਾ ਅਨੁਸਾਰ ਜਾਂਚਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

---

**'ਕਥਾ ਇੱਕ ਕਲਯੁੱਗ ਦੀ' ਸੰਗ੍ਰਹਿ ਦਾ ਸਿਰਜਕ ਖ਼ਾਲਿਦ ਫ਼ਰਹਾਦ ਧਾਰੀਵਾਲ ਹੈ। ਲਿਪੀਅੰਤਰ ਪਾਲ ਸਿੰਘ ਵੱਲਾ ਵੱਲੋਂ ਹੈ। ਕਹਾਣੀ ਲੇਖਕ ਪਾਰਲੇ ਪੰਜਾਬੋਂ ਜ਼ਿਲ੍ਹਾ ਸਿਆਲਕੋਟ ਤੋਂ ਹੈ ਅਤੇ ਲਿਪੀਅੰਤਰ ਕਰਤਾ ਅੰਮ੍ਰਿਤਸਰ ਜ਼ਿਲ੍ਹੇ ਤੋਂ। ਦੋਵੇਂ ਲੋਕ - ਜ਼ੁਬਾਨ ਦਾ ਖਿਆਲ ਰੱਖਦੇ ਨੇ। ਸੰਗ੍ਰਹਿ'ਚ ਸ਼ਾਮਲ ਚੌਦਾਂ ਕਹਾਣੀਆਂ ਮਨੁੱਖੀ ਜੀਵਨ ਦੀਆਂ ਬਹੁਪਰਤੀ ਪਰਤਾਂ ਨੂੰ ਉਧੇੜਦੀਆਂ ਹਨ ਅਣਗੌਲੇ ਪਾਤਰਾਂ ਤੋਂ ਰੂ-ਬ-ਰੂ ਕਰਵਾਉਂਦੀਆਂ ਹਨ**

---

**ਕਹਾਣੀ ਦਾ ਕੇਂਦਰੀ ਭਾਵ:** - ਵੱਟੇ –ਸੱਟੇ ਦੇ ਵਿਆਹ ਚ ਸੰਤਾਪ ਔਰਤ ਹੀ ਭੋਗਦੀ ਹੈ। ਨਣਾਨ (ਤਾਜੋ) –ਭਰਜਾਈ (ਨਾਂ ਰਹਿਤ) ਨੂੰ ਅਮੇਲ ਵਰ ਹੀ ਮਿਲਦੇ ਨੇ।ਤਾਜੋ ਨੂੰ ਥੱਥਾ (ਨਾਂ ਰਹਿਤ) ਮਿਲਿਆ ਹੈ :ਉਹਦੀ ਭਰਜਾਈ ਨੂੰ ਟੀਰਾ (ਫੱਜਾ)।ਬੱਜ ਦੋਵਾਂ ਨਾਲ ਜੁੜੀ ਹੋਈ ਹੈ। ਭਰਜਾਈ ਪਲੇਠੇ ਜਵਾਕ –ਜੰਮਣ ਸਮੇਂ ਜਵਾਕ ਸਮੇਤ ਮਰ ਜਾਂਦੀ ਹੈ। ਅਤੇ ਨਣਾਨ ਜੀਉਂਦੇ ਹੋਏ ਵੀ ਮਰੀ ਵਰਗੀ ਹੈ।ਜ਼ੋੜ–ਤੋੜ ਦੀ ਰਿਸ਼ਤਾ–ਪ੍ਰਣਾਲੀ ਚ ਬਹੁਤਾ ਅਣਸੁਖਾਵਾਂ ਵਾਪਰਦਾ **ਹੈ।**

(1-6)

————————————————————————————————————

**ਬਿਰਤਾਂਤਕ ਲੜੀ ਨੂੰ ਮੁਕੰਮਲ ਕਰਨ ਲਈ ਨਿੱਕੇ-ਵੱਡੇ ਵਾਕਾਂ ਵਾਲੇ ਇਕੱਤੀ ਪੈਰੇ ਨੇ।(ਸ.ਫੇ 07 । ਸੰਗ੍ਰਿਹ ਚ ਸ.ਫੇ :44ਤੋਂ50) ਜਿਨ੍ਹਾਂ ਦੇ ਟੁੱਟਵੇਂ+ਜੁੜਵੇਂ ਮਾਇਨੇ ਹਨ। ਇਨ੍ਹਾਂ ਨੂੰ ਸਮਝਣ ਲੱਗਿਆਂ ਸੋਚ ਨੇ ਆਸੇ ਪਾਸੇ ਖਿਲਰਨਾ ਹੈ। ਪਰ ਇੱਥੇ ਪੈਰਿ ਆਂ ਨੂੰ ਖਿਲਾਰਨ ਲੱਗਿਆਂ:ਪੂਰੇ ਸ.ਫੇ ਤੇ ਦਰਜ ਪੈਰਿਆਂ ਦਾ ਜੋੜ-ਮੇਲ ਕੀਤਾ ਜਾਵੇਗਾ। ਕਿਉਂਕਿ ਕਹਾਣੀ ਦਾ ਉਤਾਰਾ ਕਰਨਾ (ਟਾਇੰਪਗ) ਮੁਸ਼ਕਲ ਜਾਪਦਾ ਹੈ।ਸੋ ਅਧਿਐਨ ਦੀ ਸੁਖੈਨਤਾ ਵੱਜੋਂ ਸ.ਫੇ ਨੰਬਰ ਦਾ ਪ੍ਰਯੋਗ ਕੀਤਾ ਜਾਵੇਗਾ।**

——————————————————————————————————

**ਰਿਸ਼ਤਿਆਂ ਦਾ 'ਵਟਾਂਦਰਾ'**:– ਤਾਈ ਜੰਨਤੇ ਦਾ ਤਾਜੋ ਨੂੰ ਬੋਲਿਆ ਕਹਾਣੀ ਦਾ ਪਹਿਲਾ ਫ਼ਿਕਰਾ ('*ਧੀਏ ਵੇਖ! ਭਰਾ ਤੇਰੇ ਦਾ ਘਰ ਵੱਸ ਜਾਊ, ਹੋਰ ਕੀ ਚਾਹੀਦਾ ਐ।*'[4]) ਫ਼ਿਕਰਮੰਦੀ ਦਾ ਇਜ਼ਹਾਰ ਵੀ ਕਰਦਾ ਹੈ ਤੇ ਕਹਾਣੀ ਲੋਗੋ ਵੱਲ ਸੰਕੇਤ ਵੀ।

ਘਟਨਾ ਵਰਤਮਾਨ 'ਚ ਵਾਪਰਨੀ ਹੈ। ਘਟਨਾ ਵਾਪਰਦੀ ਹੀ ਤਦ ਹੈ ਜੇ ਬੀਤੇ 'ਚ ਕੁਝ ਵਾਪਰਿਆ ਹੋਵੇ। ਪੂਰਵ 'ਚ ਵਾਪਰੀਆਂ ਘਟਨਾਵਾਂ ਦਾ ਭੇਦ ਭਾਵੇਂ ਖੁੱਲੇ ਜਾਂ ਨਾ ਪਰ ਵਾਪਰੇਗਾ ਬਾਰੇ ਸੰਭਾਵਨਾ ਬਣ ਗਈ ਹੈ। ਮਾਮਲਾ ਘਰ–ਜੁੜਨ ਨਾਲ ਸਬੰਧਤ ਹੈ। ਭੈਣ ਦੀ ਕੁਰਬਾਨੀ ਮੰਗੀ ਜਾ ਰਹੀ ਹੈ ਵੀਰ ਖ਼ਾਤਰ। ਜਦੋਂ ਕਿ ਲੋਕ ਮਰਿਆਦਾ ਅਨੁਸਾਰ ਭਰਾ ਨੇ ਭੈਣ ਦੀ ਰੱਖਿਆ ਕਰਨੀ ਹੈ। ਇਸ ਤਰ੍ਹਾਂ ਘਰ ਨੂੰ ਸਮਾਜ ਦੀ ਮਿੰਨੀ ਸੰਸਥਾ ਦਾ ਦਰਜਾ **ਹਾਸ਼ਲ** ਹੈ ਤੇ ਜੇ ਇਸ ਸੰਸਥਾਗਤ



ਢਾਂਚੇ ਦੀ ਨੀਂਹ ਕਮਜ਼ੋਰ ਹੋਵੇ ਤਾਂ ਸਮਾਜਕ ਇਮਾਰਤ ਨੇ ਤਾਂ ਡਿੱਗਣਾ ਹੀ ਹੈ। ਤਾਜੋ ਘਰ 'ਚ ਹੀ ਪਛਾਣਹੀਣ ਬਣੀ ਹੋਈ ਹੈ।

ਵਿਹੜੇ ਦੀ ਨੁੱਕਰੇ ਗ਼ਮ ਦੀ ਮੂਰਤ ਬਣੀ ਬੈਠੀ ਤਾਜੋ ਨੇ ਅਜੇ ਹੋਰ ਸੰਕਟ ਭੋਗਣਾ ਹੈ। (ਜਿਸ ਲਈ ਰਾਹ ਪੱਧਰਾ ਕੀਤਾ ਜਾ ਰਿਹਾ ਹੈ: ਤਾਈ ਜੰਨਤੇ ਵੱਲੋਂ।) ਘਰ ਦੀ **ਨੁੱਕਰ/ਖੂੰਜੇ** ਦਾ ਮੁੱਲ ਖ਼ਾਸ ਨਹੀਂ ਹੁੰਦਾ। ਖੂੰਜਾ ਕਾਰਜਸ਼ੀਲ ਨਹੀਂ, ਇਸ ਲਈ ਪਾਠਕ ਦੀ ਅੱਖ (ਦ੍ਰਿਸ਼ਟੀ) ਤੋਂ ਵਾਂਝਾਂ ਰਹਿ ਸਕਦਾ ਹੈ। ਤਾਜੋ ਨੂੰ ਵਿਹੜੇ ਦੀ ਨੁੱਕਰ ਮਿਲੀ ਹੈ ਅਤੇ ਉਸਦੀ ਬਾਲੜੀ ਨੂੰ ਵੀ ਮੰਜੀ ਉਤੇ ਪਵਾਂਦੀ ਵਾਲਾ ਪਾਸਾ ਮਿਲਿਆ ਹੈ: **ਨਿਵਾਣ**। ਚਾਰਦੀਵਾਰੀ 'ਚ ਕੈਦ ਤਾਜੋ ਲਈ ਜੀਣਾ ਮਜ਼ਬੂਰੀ ਹੈ। ਜੀਣ ਦਾ ਕਾਰਣ ਹੈ: ਬਾਲੜੀ । ਭੁੱਖੀ ਬਾਲੜੀ ਵੀ ਮਾਂ–ਦੁੱਧ ਮਿਲਣ ਤੇ ਹੀ ਵਿਹੜੇ 'ਚ ਖੇਡਣਯੋਗ ਹੋ ਸਕਦੀ ਹੈ। **ਇਉਂ** ਤਾਈ ਜੰਨਤੇ ਤਾਜੋ ਨੂੰ ਜਿੱਥੇ ਢਾਰਸ ਬਣਦੀ ਹੈ ('*ਨਾ ਪਈ ਇੰਜ ਤੇ ਨਹੀਂ ਸਰਨਾ*'[5])ਉੱਥੇ ਡਰਾਵਾ ਵੀ ਦਿੰਦੀ ਹੈ।(*ਇੰਜ ਰੋਸਾ ਲਾ ਕੇ ਬੈਠੀ ਹੋਈ ਨੂੰ ਭਰਾ ਤੇਰੇ ਜੇ ਵੇਖ ਲਿਆ ਤਾਂ––*[6]) । ਇਨ੍ਹਾਂ ਦੋਵੇਂ ਸੰਵਾਦਾਂ ਤੋਂ ਪਹਿਲਾਂ ਜੰਨਤੇ, ਤਾਜੋ ਦੀ ਬਾਲੜੀ ਪ੍ਰਤਿ **ਝੂਠੀ** ਹਮਦਰਦੀ (*ਲੈ ਫੜ ਦੁੱਧ ਦੇ ਇਹਨੂੰ*[7]) ਪ੍ਰਗਟਾ ਚੁੱਕੀ ਹੈ।

ਹਰ ਬੋਲ ਇਸਦੇ ਬੋਲਣ ਵਾਲੇ ਨਾਲ ਵੀ ਸੰਬੰਧਿਤ ਹੁੰਦਾ ਹੈ।(ਲੈ ਫੜ ਦੁੱਧ ਦੇ ਇਹਨੂੰ 'ਬੋਲ' 'ਚ ਹਮਦਰਦੀ ਘੱਟ ਤੇ **ਵਿਖਾਵਾ**/ਰੋਅਬ ਵਧੇਰੇ ਹੈ। ਦੂਜੇ ਬੰਨੇ ਤਾਜੋ ਦੇ ਹੰਝੂ/ਚੁੱਪ ਵੀ ਵਜ਼ਨਦਾਰ ਬੋਲ ਤੋਂ ਘੱਟ ਨਹੀਂ। ਚਿਹਰੇ ਉੱਤੇ ਪਏ ਦੁੱਖ ਦੇ ਪਰਛਾਵੇਂ ਨੂੰ ਸਮਝਣ ਦੀ ਲੋੜ ਹੈ। ਲਫ਼ਜ਼ ਦਿਲ 'ਚ ਛੇਕ ਵੀ ਕਰਦੇ ਨੇ: ਪਿਆਰ ਵੀ। ਬੋਲ ਕਿਸ ਸਮੇਂ/ਸਥਾਨ/ਸਥਿਤੀ 'ਚ ਬੋਲਿਆ ਹੈ: ਉਸਦੇ **ਅਰਥ** ਨੇ। (ਸੰਵਾਦ ਡੰਗਰਾਂ ਦੇ **ਵਾੜੇ** ਨਾਲ ਲੱਗਦੇ **ਵਿਹੜੇ** 'ਚੋਂ ਬੋਲੇ ਹਨ।) ਜੰਨਤੇ ਦੇ ਬੋਲਾਂ 'ਚ ਗਹਿਰੀ ਸਾਜ਼ਿਸ਼ ਛੁਪੀ ਹੋਈ ਹੈ। ਇਸ ਤਰ੍ਹਾਂ ਜੰਨਤੇ ਦੀ ਬਣਾਵਟੀ ਅਦਾਕਾਰੀ ਪੂਰੀ ਵਾਹ ਲਾਉਂਦੀ ਹੈ ਤਾਜੋ ਨੂੰ ਵਰਗਲਾਉਣ ਲਈ। ਉਹ ਤਾਜੋ ਨੂੰ ਲੀੜਾ ਲੱਤਾ ਤਬਦੀਲ ਕਰਨ ਦੀ ਤਾਕੀਦ ਕਰਦੀ ਹੋਈ ਆਉਣ ਵਾਲੇ ਪ੍ਰਾਹੁਣਿਆਂ ਬਾਰੇ ਸੂਚਨਾ ਦਿੰਦੀ ਹੈ। ਇਸ ਸੂਚਨਾ ਦੇ ਵਿਹਾਰਕ ਰੂਪ ਨੇ ਹੋਰ ਸੰਕਟ ਸਹੇੜਨਾ ਹੈ। ਤਾਜੋ **ਖ਼ਾਮੋਸ਼** ਹੈ: **ਅਣਭੋਲ** ਨਹੀਂ। ਤਾਈ ਉਸਦੇ ਓਪਰੇ ਭੋਲੇਪਣ ਨੂੰ ਅਸਲੀਅਤ ਸਮਝਦੀ ਹੋਈ ਲੁਕਵੀਂ ਚਾਲ ਚੱਲਦੀ ਹੈ।

ਨਜ਼ਰ ਆਉਣ ਵਾਲਾ ਮਨੁੱਖ ਸਰਲ ਨਹੀਂ ਹੁੰਦਾ। ਤਾਈ ਵੀ ਉਵੇਂ ਦੂਹਰੇ ਮਾਪਦੰਡ ਵਾਲੀ ਹੈ: **ਗੁੰਝਲਦਾਰ**।

ਮਾਂ ਅਤੇ ਤਾਈ ਵਿਚ ਵੱਡਾ ਫ਼ਰਕ ਹੈ। ਭਾਵੇਂ ਲੋਕ ਨਜ਼ਰ/ਵਿਖਾਵੇ 'ਚ ਤਾਈ ਨੂੰ ਵੱਡੀ ਮਾਂ ਦਾ ਰੁਤਬਾ ਹਾਸਲ ਹੈ। ਮਾਂ, ਮਾਂ ਹੀ ਹੁੰਦੀ ਹੈ। ਉਂਜ ਕਹਾਣੀ 'ਚ ਤਾਜੋ ਦੇ ਮਾਂ–ਪਿਓ ਗ਼ੈਰ ਹਾਜ਼ਰ **ਵਾਂਗ ਹੀ** ਨੇ। ਪਰ ਪੇਕੇ ਘਰ ਵੀ ਸਹੁਰੇ ਘਰ ਨਾਲ ਬਣਦੇ ਨੇ। ਤੇ *ਤਾਜੋ ਦੇ ਸਹੁਰੇ ਸਾਲ–ਕੁ ਹੋਇਆ ਛੁੱਟ ਗਏ ਸੀ। ਛੁੱਟੇ ਕੀ ਸਨ, ਆਪ ਛੁਡਾਏ ਗਏ ਸੀ। ਆਪਣੀ ਲੋੜ ਮੂਜਬ।*[8] ਕਿਹੜੀ ਲੋੜ ਹੈ? ਜਿਸ ਕਰਕੇ ਰਿਸ਼ਤੇ ਨੂੰ ਤੋੜਿਆ ਗਿਆ। ਪਹਿਲੇ ਸਫ਼ੇ ਤੱਕ (ਸਫ਼ਾ ਨੰ 44) ਕਹਾਣੀ ਇੱਥੇ ਪਹੁੰਚ ਚੁੱਕੀ ਹੈ।

ਤਾਜੋ ਦੀ ਘੇਰਾਬੰਦੀ ਕਰਨ ਲਈ ਪੂਰੀ ਯੋਜਨਾਬੰਦੀ ਕੀਤੀ ਗਈ ਹੈ। ਮੁੱਖ ਯੋਜਨਾਕਾਰ ਭਰਾ ਅਤੇ ਤਾਈ ਨਜ਼ਰ ਆ ਰਹੇ ਹਨ ਫ਼ਿਲਹਾਲ। ਭਰਾ ਦਾ ਨਾਂ/ਸ਼ਕਲ/ਰੰਗ–ਰੂਪ ਵੀ ਉਹਲੇ 'ਚ ਹੈ ਹਾਲੇ।

ਪਾਠ–ਪੇਸ਼ਕਾਰੀ ਦੇ ਪਹਿਲੇ ਪੜਾਅ ਤੱਕ ਤਾਈ ਜੰਨਤੇ ਨੇ ਆਪਣਾ ਮਨਸੂਬਾ ਜ਼ਾਹਰ ਕਰ ਕਹਾਣੀ-ਪਿੜ ਤਿਆਰ ਕਰ ਦਿੱਤਾ ਹੈ।

ਘਟਨਾ ਵਰਤਮਾਨ ਸਮੇਂ ਨਾਲ ਜੁੜੀ ਹੋਈ ਹੈ: ਹੁਣ ਤੱਕ। ਅੰਤਲੇ ਪੈਰ੍ਹੇ ਤੋਂ ਮੋੜਾ ਪੈਣਾ ਸ਼ੁਰੂ ਹੋ ਗਿਆ ਹੈ: ਬੀਤੇ ਵੱਲ।

(7-11)

ਸਫ਼ਾ ਨੰ 45 'ਚ: ਭਰਾ ਦਾ ਚਰਿਤਰਕ ਕਰਮ ਸਾਹਮਣੇ ਆਉਣ ਲੱਗਦਾ ਹੈ: ਭਰਾ ਟੀਰਾ ਹੈ: ਨਾਂ ਫੱਜਾ: ਸੁਭਾਅ ਕੌੜਾ। (*ਜਾਓ ਵਗ ਜਾਓ, ਅਸਾਂ ਨਹੀਂ ਜੇ ਘੱਲਣੀ ਕੁੜੀ*[9])

ਭੈਣ ਦੇ ਸਹੁਰੇ ਪਰਿਵਾਰ ਨਾਲ ਤੜਿੰਗ ਹੁੰਦਾ ਹੈ। ਜੋ ਉਸਦੇ ਵੀ ਸਹੁਰੇ ਹਨ। ਨਤੀਜਾ: ਤਾਜੋ ਨੂੰ ਤਲਾਕ। ਮਜਬੂਰੀਵੱਸ। ਇੱਛਾ ਵਿਪਰੀਤ। ਉਹ (ਤਾਜੋ) ਤਾਂ ਭਰਜਾਈ ਨੂੰ ਹੋਣ ਵਾਲੇ ਪਲੇਠੇ ਬੱਚੇ ਦੀ ਖ਼ੁਸ਼ੀ ਕਾਰਣ ਪੇਕੇ ਘਰ ਆਈ ਸੀ। ਭਾਣਾ ਐਸਾ ਵਰਤਿਆ ਕਿ ਖ਼ੁਸ਼ੀ ਦੀ ਥਾਂ ਸੱਥਰ ਵਿਛ ਗਏ: ਉਹ ਵੀ ਇੱਕਠ ਦੋ: ਨਵਜੰਮੇ ਅਤੇ ਜੰਮਣ ਵਾਲੀ ਦੇ। ਪੇਕਿਆਂ ਦਾ ਮੋਹ + ਮਨੋਰਥ ਹੀ ਦੁਵਿਧਾ ਪੈਦਾ ਕਰਨ ਲੱਗਦਾ ਹੈ। ਇਸ ਦੁਵਿਧਾਜਨਕ ਸੰਕਟ ਦੇ ਪਰਦੇ ਪਿੱਛੇ ਟੀਰੇ ਫੱਜੇ ਦੀ ਘਣੀ **ਬਦਨੀਤੀ** ਹੈ।

ਬਿਰਤਾਂਤ 'ਚ **ਪੇਕੇ/ਸਹੁਰੇ ਘਰ** ਦਾ ਜ਼ਿਕਰ ਵੱਡੀ ਥਾਂ ਮੱਲਦਾ ਹੈ। ਅੰਦਰੂਨੀ ਦੁਖ ਭੋਗਣ ਵਾਲੀ ਧਿਰ ਵੀ ਪੇਕੇ ਵਾਲੀ ਤਾਜੋ ਹੈ। ਸਹੁਰੇ ਘਰ ਨੇ ਅਸਲੀ ਘਰ ਬਣਨਾ ਹੈ; ਉਹ ਬਣ ਕੇ ਟੁੱਟ ਗਿਆ ਹੈ/ਤੋੜਿਆ ਗਿਆ ਹੈ। ਘਰ ਇੱਕ ਨਹੀਂ ਦੋ ਟੁੱਟੇ ਹਨ ਤੇ ਦੁਬਾਰਾ ਜੋੜ–ਤੋੜ ਚੱਲਣਾ ਹੈ। ਤੋੜਾ ਤਾਜੋ ਉਤੇ ਹੀ ਪੈਣਾ ਹੈ। ਪੇਕੇ–ਸਹੁਰੇ ਦੀ ਜਕੜਬੰਦੀ 'ਚ ਔਰਤ ਹੀ ਪਿਸਦੀ ਹੈ। ਤਾਜੋ ਦਾ ਤਨ–ਮਨ ਤੋਂ ਤੰਗ ਹੋਣਾ ਘਰ (ਸਮਾਜ) ਅੱਗੇ ਕਈ ਸਵਾਲ ਖੜ੍ਹੇ ਕਰਦਾ ਹੈ।

ਭਰਜਾਈ ਦਾ ਨਵਜੰਮੇ ਸਣੇ ਮਰ ਜਾਣਾ ਬਿਰਤਾਂਤਕ ਕਥਾ ਦਾ ਅਹਿਮ ਭਾਗ ਹੈ ਇਸ ਮੰਦਭਾਗੀ ਘਟਨਾ ਨੇ ਹੀ ਤਾਜੋ ਨੂੰ ਮੰਦੇ ਪਾਸੇ ਧਕੇਲਣਾ ਹੈ ਦੋ ਜੀਆਂ ਦਾ ਮਰਨਾ ਦੋ ਜਿਉਂਦਿਆਂ ਨੂੰ ਵੀ ਮਾਰਨ ਬਰਾਬਰ ਹੈ।

(12-14)

ਸਫ਼ਾ ਨੰ 46 ਵਿੱਚ ਫੱਜੇ ਟੀਰੇ ਦੀ ਚਰਿੱਤਰ ਨਿਰਮਾਣਕਾਰੀ 'ਚ ਹੋਰ ਵਾਧਾ ਹੁੰਦਾ ਹੈ। ਉਹਨੂੰ ਰਿਸ਼ਤਾ ਨਾ ਜੁੜਨ ਦੇ ਕਾਰਣਾਂ ਦਾ ਵਿਵੇਚਨ ਹੈ: ਭਾਵ ਬੱਜ ਤੇ ਕੌੜਾਪਣ। ਪਿਛਲੇ ਸਫ਼ੇ 45 ਉੱਤੇ ਵਿਹਾਰ 'ਚ ਹੀ ਪਤਾ ਲੱਗ ਗਿਆ ਹੈ ਕਿ ਉਹ ਕੌੜਾ ਹੈ। ਦੁਬਾਰਾ ਵਖਿਆਨ ਕਰਕੇ ਪੱਕੀ ਮੋਹਰ ਲਾਈ ਗਈ ਹੈ। (*ਜਿਹਦੀਆਂ ਅੱਖਾਂ ਚੁੰਨ੍ਹੀਆਂ ਸਨ, ਨਾਲੇ ਉਹ ਇਕ ਅੱਖੋਂ ਟੀਰਾ ਵੀ ਸੀ ਤੇ ਅੱਖ ਜ਼ਰੀ ਪੰਘਲਾ ਕੇ ਵੇਖਣ ਪਾਰੋਂ ਈ ਲੋਕ ਉਹਨੂੰ ਫੱਜਾ ਟੀਰਾ ਬੋਲਦੇ ਸਨ। ਏਸ ਬੱਜ ਤੋਂ ਛੁੱਟ ਉਹਦਾ ਇੱਕ ਵਸਬ ਹੋਛਾ ਹੋਣ ਤੇ ਸੁਭਾਅ ਆਪਣੇ ਦਾ ਕੌੜਾਪਣ ਵੀ ਸੀ। ਐਬਾਂ ਦੀ ਟੋਹ ਵਿਚ ਰਹਿਣ ਵਾਲੇ ਸ਼ਰੀਕੇ ਲਈ ਐਨਾ ਕੁਝ ਕਾਫ਼ੀ ਸੀ।*[10]) ਵਟਾਂਦਰੇ ਨਾਲ ਭੈਣ ਦੇ ਕੇ ਘਰਵਾਲੀ ਮਿਲਦੀ ਹੈ: ਉਹ ਵੀ ਔਖਿਆਈ ਨਾਲ। ਫੱਜੇ ਕਰਕੇ ਹੀ ਤਾਜੋ ਦੇ ਮਕਬੂਲ ਰਿਸ਼ਤੇ ਰੱਦੇ ਜਾਂਦੇ ਹਨ ਲੋਕ ਪਵਿੱਤਰਤਾ ਬਰਕਰਾਰ ਰੱਖਣ ਲਈ ਤਾਜੋ ਦੇ ਵਿਆਹ ਨਾਲੋ ਪਹਿਲਾਂ ਫੱਜੇ ਦਾ ਵਿਆਹ ਜ਼ਰੂਰੀ ਹੈ।

ਇਸ ਸਫ਼ੇ ਦੇ ਬਿਰਤਾਂਤ ਨੇ ਘਟਨਾ ਨੂੰ ਵਿਆਖਿਆਮਈ ਬਣਾ ਦਿੱਤਾ ਹੈ। (ਇਸ ਬਿਰਤਾਂਤਕ ਟੁਕੜੇ ਵਿੱਚ ਪੂਰਵਲੇ ਕਾਰ–ਵਿਹਾਰ ਦਾ ਲੇਖਾ–ਜੋਖਾ ਹਿੱਸਾ ਬਣਦਾ ਹੈ।)



(15-18)

ਸਫ਼ਾ ਨੰ. 47 ਦਾ ਪਹਿਲਾ ਪੈਰ ਾ ਵੀ ਟੀਰੇ ਦੀ ਮਨ–ਇੱਛਾ ਦੀ ਸੂਹ ਦਿੰਦਾ ਹੈ: (*ਮੈਂ ਤਾਂ ਆਖਦਾ ਕਿਧਰੇ ਆਹ ਢੇਰੀ ਔਂਤਰ ਨਾ ਜਾਊ*[11]) ਫੱਜਾ ਆਪਣੇ ਹਾਣੀਆਂ ਚ ਹੱਤਕ ਮੰਨਦਾ ਹੈ। ਜਾਇਦਾਦ ਸਾਂਭਣ ਲਈ ਅੰਸ਼ ਨੂੰ ਜ਼ਰੂਰੀ ਮੰਨਦਾ ਹੈ। ਉਹਦਾ ਵਾਰਿਸ਼ ਤਾਂ ਬਣੂੰਗਾ ਜਦ ਵਿਆਹ ਹੋਵੇਗਾ। ਤੇ ਵਿਆਹ ਲਈ '**ਵਟਾਂਦਰਾ-ਵਿਧੀ**' ਰਾਸ ਆਉਂਦੀ ਹੈ ਉਸਨੂੰ।

ਵਟਾਂਦਰੇ 'ਚ ਇਕ–ਦੂਜੇ ਨੂੰ ਕਿਹੋ ਜਿਹਾ ਘਰ–ਬਾਰ ਮਿਲਿਆ: ਇੱਥੇ ਵਿਚਾਰਿਆ ਗਿਆ ਹੈ:–*ਜੇ ਕਿਸੇ ਨੇ ਚੁੰਨੇ ਤੇ ਟੀਰੇ ਨੂੰ ਕੁੜੀ ਦਾ ਸਾਕ ਦਿੱਤਾ ਸੀ ਤਾਂ ਆਪਣੇ ਅੱਧਖੜ ਤੇ ਥੱਥੇ ਲਈ ਤਾਜੋ ਦਾ ਰਿਸ਼ਤਾ ਲਿਆ ਵੀ ਸੀ।*[12] ਵਟਾਂਦਰੇ 'ਚ ਦੋਵੇਂ ਧਿਰਾਂ 'ਚ ਕਿਸੇ ਨੂੰ ਕਸਰ (ਫ਼ਰਕ) ਲੱਗਦੀ ਹੈ ਤਾਂ ਨਣਾਨ ਭਰਜਾਈ ਨੂੰ। ਤਾਜੋ ਦੇ ਮਨ ਨੂੰ ਭਾਰੀ ਠੇਸ ਪਹੁੰਚੀ ਹੈ। ਸਹੇਲੀਆਂ ਨੂੰ ਮਸ਼ਕਰੀਆਂ ਕਰਨ ਵਾਲੀ ਨੇ ਸੋਚਿਆ ਨਹੀਂ ਸੀ ਕਿ ਗਲ ਲਮਕਾ ਕੇ ਕਰਨ ਵਾਲਾ ਮਿਲੇਗਾ: ਥੱਥਾ। ਸੁਹਾਗ ਗੀਤ ਨੂੰ ਵੀ ਉਲਟਾਵੇਂ ਰੂਪ 'ਚ ਕੂਕਾਂ ਮਾਰ ਗਾਉਣਾ ਲੋਚਦੀ ਹੈ: (*ਇਕ ਕਿਆਰੇ ਥੋਹੜ ਉਗਿਆ ਦੂਏ ਕਿਆਰੇ ਭੱਖੜਾ, ਆਓ ਸਈਓ ਰਲ ਤਾਅਨੇ ਮਾਰੋ ਵਰ ਮਿਲਿਆ ਮੈਨੂੰ ਥਥੜਾ।*[13])

ਇਸ ਲੋਕ ਕਾਵਿ ਵੇਰਵੇ 'ਚੋਂ ਤਾਜੋ ਦੀ ਨਾਖ਼ੁਸ਼ੀ/ਵਰ ਅਸਤੁਸ਼ੰਟੀ ਨੂੰ ਸਹਿਜੇ ਹੀ ਸਮਝਿਆ ਜਾ ਸਕਦਾ ਹੈ ਲੋਕ–ਗੀਤ ਮਾਨਵੀ ਮਨ ਦੀਆਂ ਤੈਹਾਂ ਨਾਲ ਜੁੜੇ ਪ੍ਰਵਚਨ ਹਨ ਲੋਕ ਗੀਤਾਂ ਦੀ ਸਿਰਜਣਾ ਵਿੱਚ ਔਰਤ ਦੀ ਵੱਡੀ ਭੂਮਿਕਾ ਹੈ ਇਨ੍ਹਾਂ ਦੁਆਰਾ ਔਰਤ ਨੇ ਆਪਣੀ ਮਾਨਵੀ/ਸਮਾਜਕ ਹੋਂਦ ਨੂੰ ਜਤਲਾਇਆ ਹੈ (*ਇੱਕ ਕਿਆਰੇ ਕੇਸਰ ਗੁੱਡਿਆ, ਦੂਏ ਕਿਆਰੇ ਲਈਆਂ (ਨਹਿਰੀ ਬੂਟੀ) ਬਾਬਲ ਵੇ ਵਰ ਐਸਾ ਦੇਵੀਂ ਰੀਸ ਕਰੇਸਣ ਸਈਆਂ*[14]) ਅਤੇ ਸਭਿਆਚਾਰਕ ਘੁਟਨ (ਜਿਵੇਂ ਉੱਪਰ) ਦਾ **ਰੁਦਨ** ਵੀ ਪੇਸ਼ ਕੀਤਾ ਹੈ ਔਰਤ ਮਾਨਵੀ ਰਿਸ਼ਤਿਆਂ ਵਿਚਲੇ ਭਾਵੁਕ ਨਿੱਘ ਨੂੰ ਤਲਾਸ਼ਦੀ ਹੈ। ਸਹੁਰੇ ਘਰ ਤੋਂ ਭਰਪੂਰ ਆਸਾਂ/ਉਮੀਦਾਂ ਰੱਖਦੀ ਹੈ ਪਰ ਸਹੁਰੇ ਪਰਿਵਾਰ ਦਾ '**ਜਾਬਰ**' ਰੱਵਈਆ ਹਿਰਦਾ ਵਿੰਨਦਾ ਹੈ ਇਸ ਕਹਾਣੀ 'ਚ ਤਾਂ ਤਾਜੋ ਲਈ ਪੇਕਾ ਘਰ ਵੀ ਕਿਸੇ **ਜਾਲਮ** ਨਾਲੋਂ ਘੱਟ ਨਹੀਂ।

ਯੂਸਫ਼ ਵਰਗੇ ਪਤੀ ਨੂੰ ਕਿਆਸਣ ਵਾਲੀ ਬੇਇੱਜ਼ਤ ਮਹਿਸੂਸਦੀ ਹੈ।

ਉਸਦੇ **ਸੁਹਾਗ** ਦਾ '**ਬੇ-ਭਾਗ**' ਬਣਨਾ ਹੀ ਕਹਾਣੀ ਦਾ ਕੇਂਦਰ ਬਿੰਦੂ ਹੈ।

(19-23)

48 ਸਫ਼ੇ ਦੇ ਮੁੱਢ 'ਚ ਹੀ ਤਾਜੋ ਦੇ ਇਛੁੱਕ ਵਰ (ਖਾਲਾ ਦੇ ਮੁੰਡੇ) ਦਾ ਹਵਾਲਾ ਵੀ ਹੈ। ਨਾਲ ਦੀ ਨਾਲ ਪ੍ਰਾਪਤ ਵਰ (ਸੀ) ਦਾ ਚਰਿੱਤਰ ਵੀ ਪੇਸ਼ ਹੋਇਆ ਹੈ। (ਤਿੰਨ ਪੈਰ ੍ਹ ਅੱਗੇ) *ਤਾਜੋ ਦਾ ਘਰਵਾਲਾ ਥੱਥਾ ਵੀ ਸੀ ਤੇ ਉਮਰੋਂ ਢੇਰ ਵੱਡਾ ਵੀ। ਨੀ ਤੈਨੂੰ ਉਹਦੀ ਗੱਲ ਦੀ ਸਮਝ ਕਿਵੇਂ ਆਉਂਦੀ ਏ ਤ..ਤਤ..ਤਤ...ਅ...ਜੋ।*[15] ਸਖ਼ੀਆਂ ਦੀ ਟਿੱਪਣੀ ਦਿਲ –ਚੀਰਵੀਂ ਹੈ ਉਹਦੇ ਲਈ। ਹਰ ਵਿਆਹੁਤਾ ਔਰਤ ਦੀ ਇੱਛਾ ਹੁੰਦੀ ਹੈ ਕਿ ਉਸਦਾ ਵਰ–ਘਰ ਮਾਣ ਭਰਿਆ ਹੋਵੇ ਪਰ ਤਾਜੋ 'ਮਾਣ' ਦੀ ਥਾਂ 'ਅਪਮਾਨ' ਭੋਗਦੀ ਹੈ।

**ਅਪੰਗ ਆਪਾ** ਕਹਾਣੀ ਦੀਆਂ ਘਟਨਾਵਾਂ ਨੂੰ ਪੂਰੀ ਤਰ੍ਹਾਂ ਪਕੜ 'ਚ ਰੱਖਦਾ ਹੈ।

ਤਾਜੋ ਨਾਲ ਜੁੜੀ ਹਮਦਰਦੀ ਤੋਂ ਪਾਰ ਜਾ ਕੇ ਸਮਝਣ ਵਾਲੀ ਗੱਲ ਇਹ ਵੀ ਹੈ ਕਿ ਸਮਾਜਕ ਵਰਗ 'ਅਪਾਹਜ ਪਾਤਰਾਂ' ਤੋਂ ਦੂਰੀ ਬਣਾ ਕੇ ਰੱਖਦਾ ਹੈ। ਇਹ ਵੀ ਕਾਰਣ ਹੋ ਸਕਦਾ ਹੈ

ਕਿ ਟੀਰੇ ਦੀ ਬੱਜ ਕਰਕੇ ਫੱਜਾ ਕੌੜਾ ਬਣਿਆ ਹੋਇਆ ਹੋਵੇ। ਰਿਸ਼ਤੇ 'ਚ ਵੀ ਬੱਜ ਅੜਚਣ ਹੈ। ਬੰਦੇ ਨਾਲ ਬੱਝੀ '**ਬੱਜੇਪਣ**' ਦੀ ਅੱਲ ਸਮਾਜਕ-ਰੁਤਬੇ ਨੂੰ ਢਾਹ ਲਾਉਂਦੀ ਹੈ। ਪਿਛਲੇ ਸਫ਼ੇ ਦੇ ਆਰੰਭ ਵਿੱਚ 'ਚ ਦਰਜ ਸੰਵਾਦ 'ਲੈ ਖਾਂ ਪਸੰਦ ਆਪ ਨਾ ਆਵੇ ਗਾਲੀ ਲੋਕਾਂ ਨੂੰ' ਤਾਅਨਾ ਧਿਆਨ ਗੋਚਰ ਹੈ। ਗਲੀ ਮੁੱਹਲੇ/ਪੰਚਾਇਤ ਨਾਲ ਲੜ੍ਹਾਈ-ਝਗੜਾ ਵੀ ਅਜਿਹੀਆਂ ਭਾਵਨਾਵਾਂ 'ਚੋਂ ਉਪਜਦਾ ਹੈ 'ਭਾਨੀਮਾਰ' ਤੇ 'ਸ਼ਰੀਕ' ਦਾ ਕਿਰਦਾਰ ਵਿਵਹਾਰ ਅਗਲੀ ਕੜੀ ਹੈ।

ਨਿਊਨਤਮ ਨਜ਼ਰੀਏ ਦੀ ਗਵਾਹੀ ਸਾਹਿਤ/ਲੋਕ-ਸਾਹਿਤ 'ਚੋਂ ਸਹਿਜੇ ਲੱਭੀ ਜਾ ਸਕਦੀ ਹੈ। ਕੁਝ ਮੁਹਾਵਰੇ ਨਜ਼ਰ: ਅੰਨ੍ਹੇ ਨੂੰ ਕਾਣਾ ਸੌ ਵੱਲ ਪਾ ਕੇ ਮਿਲਦਾ, ਅੰਨ੍ਹੇ ਨੂੰ ਬੋਲਾ ਧੂਹੇ, ਨਾ ਉਸਨੂੰ ਸੁਣੇ ਤੇ ਨਾ ਉਸਨੂੰ ਦਿੱਸੇ, ਅੰਨ੍ਹੇ ਚੰਦ ਨਾ ਦਿਸਦੀ ਜੋਗ ਸਥਾਈ। ਵਾਰਸ਼ ਦੀ ਸ਼ਾਹਕਾਰ ਰਚਨਾ 'ਹੀਰ' ਦਾ 'ਕੈਦੋਂ' ਵੇਖੋ:-

*ਪਕੜ ਜ਼ਿਮੀਂ ਤੇ ਮਾਰਿਆ ਨਾਲ ਗੁੱਸੇ ਧੋਬੀ ਪਟੜੇ ਤੇ ਖੇਸ ਕਟਿਆ ਸੂ*
*ਕੈਦੋਂ ਲੰਗਾ ਨੂੰ ਪਕੜ ਕੇ ਚੋਰ ਵਾਂਗੂੰ ਮਾਰ ਮਾਰ ਕੇ ਚੌੜ ਚੌਡਟਿਆ ਸੂ*
*ਵਾਰਸ਼ ਸ਼ਾਹ ਫਰਿਸ਼ਤਿਆਂ ਅਰਸ਼ ਉੱਤੋਂ ਸ਼ੈਤਾਨ ਨੂੰ ਜ਼ਿਮੀਂ ਤੇ ਸੁਟਿਆ ਸੂ*[16]

ਕਹਾਣੀ ਦਾ ਟੀਰਾ ਅਤੇ ਥੱਥਾ ਵੀ ਮਜ਼ਾਕ ਦੇ ਪਾਤਰ ਬਣਦੇ ਨੇ।

ਫੱਜੇ ਦੇ ਵਿਅਕਤਿਤਵ ਦੇ ਸਮਾਨਾਂਤਰ ਸਮਾਜ ਦੀ ਅਪਾਹਜ ਮਾਨਸਿਕਤਾ ਦਾ ਵੀ ਅੰਦੇਸ਼ਾ ਹੁੰਦਾ ਹੈ।

(24-26)

ਸਹੁਰਿਆਂ ਵੱਲੋਂ ਬਾਲੜੀ ਨਾ ਸਵੀਕਾਰਨਾ, ਤਾਜੋ ਲਈ ਸਹਾਰਾ ਤਾਂ ਬਣਦਾ ਹੈ। ਨਾਲ ਮੁੜ ਵਸੇਬੇ ਲਈ ਅੜਿੱਕਾ ਵੀ। ਸਫ਼ੇ ਨੰ. 49 ਦੇ ਪਹਿਲੇ ਪੈਰੇ ਦਾ ਅੰਤਿਮ ਸੰਵਾਦ ਪ੍ਰਮਾਣ ਹੈ: *ਕੋਈ ਅੜਿਆ-ਥੁੜਿਆ ਆ ਵੀ ਜਾਂਦਾ ਤਾਂ ਅੱਗੋਂ ਤਾਜੋ ਦੀ ਬਾਲੜੀ ਵੇਖ ਜਰਕ ਜਾਂਦਾ। ਅਖੇ- 'ਕੀ ਪਤਾ ਅਗਲੇ ਦਾ ਖ਼ੂਨ ਕਿੰਝ ਦਾ ਸੀ, ਕੱਲ ਨੂੰ ਖੌਰੇ ਜਵਾਨ ਹੋ ਕੇ ਬਾਲੜੀ ਕਿੰਝ ਦੀ ਨਿਕਲੇ।*[17] ਭਲਕ ਦੇ ਕਲੰਕ ਤੋਂ ਬਚਣ ਲਈ ਰਿਸਤਾ ਨ ਜੁੜਦਾ।

ਸਹੁਰਿਆਂ ਵੱਲੋਂ 'ਬਾਲੜੀ' ਦੀ ਅਸਵੀਕ੍ਰਿਤੀ ਕੀਤੀ ਗਈ ਹੈ ਜੇ 'ਬਾਲ' ਹੁੰਦਾ ਤਾਂ ਸ਼ਾਇਦ ਸਥਿਤੀ ਹੋਰ ਹੁੰਦੀ ਫੱਜੇ ਦੀ 'ਪੁੱਤ-ਇੱਛਾ' ਵੀ ਜਾਇਦਾਦ ਪ੍ਰਬੰਧ ਨਾਲ ਜੁੜੀ ਹੋਈ ਹੈ। ਪੇਕੇ-ਸਹੁਰੇ ਦੀ ਤੱਕਣੀ-ਸੋਚਣੀ ਵਿੱਚ ਬਹੁਤਾ ਵਖਰੇਵਾਂ ਨਹੀਂ ਖ਼ੂਨ ਦੇ ਰਿਸ਼ਤੇ ਫਿੱਕੇ ਪੈਂਦੇ ਹਨ ਬਾਲੜੀ ਨੂੰ ਵੀ ਸ਼ੱਕ ਦੀ ਨਿਗਾਹ ਨਾਲ ਵੇਖਿਆ ਜਾਂਦਾ ਹੈ। ਮਰਦ ਵੱਲੋਂ ਮਾਂ (ਤਾਜੋ) ਦੀ ਪੀੜ੍ਹ-ਤੰਦ ਧੀ (ਬਾਲੜੀ) ਤੱਕ ਫੈਲਾਈ ਜਾਂਦੀ ਹੈ ਇਸ ਨੌਬਤ ਦੇ ਜਿੰਮੇਵਾਰ ਕਾਰਕ ਘਰ ਦੇ ਜੀਅ ਹਨ ਘਰ, ਘਰ ਤੋਂ ਦੂਰ ਹੈ ਤਾਜੋ ਦੇ ਮਾਪਿਆਂ ਵੱਲੋਂ ਤਾਈ ਹੀ ਹਾਜ਼ਰ ਹੋਈ ਹੈ। ਮਾਂ-ਪਿਉ ਨਹੀਂ ਟੀਰੇ ਭਰਾ ਦਾ '**ਟੀਰਾ ਰਵੱਈਆ**' ਬੱਜ ਨੂੰ ਮਜਬੂਤ ਕਰਦਾ ਹੈ: ਪਾਕ ਰਿਸ਼ਤੇ ਨੂੰ ਖੋਰਾ ਲਾਉਂਦਾ ਹੈ।

(ਸਫ਼ੇ 44 ਦੇ ਅੰਤ ਤੋਂ ਲੈ ਕੇ 49 ਸਫ਼ੇ ਦੇ ਇਸ ਪੈਰੇ ਤੱਕ ਪਰਤਵੀ ਝਾਤ ਨੇ ਕਾਫੀ ਕੁਝ ਸਮੇਟਿਆ ਹੈ। ਬਿਰਤਾਂਤਕਾਰ-ਸਰਬਗਿਆਤਾ ਰੂਪ 'ਚ ਹਾਜ਼ਰ ਹੈ। ਇਉਂ: ਕਹਾਣੀ ਦੇ ਬਹੁਤੇ ਭੇਦ ਵੀ ਉਜਾਗਰ ਹੋ ਗਏ ਹਨ। ਕਹਾਣੀ ਤੋਰ ਦੀ ਤੇਜ਼ੀ ਬਣੀ ਹੋਈ ਹੈ। ਪਾਤਰ-ਮੁੱਖ ਕਥਾ ਵਿਸ਼ੇ ਨੂੰ ਵਿਸਥਾਰਦੀ ਹੈ।)

(27-31)



ਵਰਤਮਾਨ ਵਾਇਆ ਭੂਤਪੂਰਵ ਸਥਿਤੀਆਂ ਕੇਂਦਰ 'ਚ ਸ਼ਾਮਲ ਹੋਣ ਲੱਗਦਾ ਹੈ। ਹੁਣ ਤਾਜੋ ਦਾ ਭਵਿੱਖੀ ਪਤੀ ਥੱਥਾ ਭਾਵੇਂ ਨਹੀਂ ਪਰ ਉਮਰੋਂ ਦੂਣੀ ਉਮਰ ਦਾ ਹੈ। ਮਰਜ਼ੀ ਖਿਲਾਫ ਹੋਣ ਵਾਲੇ ਇਸ ਰਿਸ਼ਤੇ ਵਿੱਚ ਵੀ ਉਸਦੀ ਆਵਾਜ਼ ਨੂੰ ਸੁਣਨ ਵਾਲਾ ਕੋਈ ਨਹੀਂ। ਖ਼ਾਮੋਸ਼ ਹੈ। ਫਿਰ ਬਚਪਨੇ ਦੀ ਧੱਕੇਸ਼ਾਹੀ ਨੂੰ ਚਿੱਤ-ਚੇਤਿਆਂ 'ਚ ਲਿਆਉਂਦੀ ਹੈ (*'ਤੈਨੂੰ ਪਤਾ ਨਹੀਂ ਤੂੰ ਕੁੜੀ ਏ ਆਖਦਿਆਂ ਉਹਨੂੰ ਪਟਕ ਕਰਦੀ ਚਪੇੜ ਮਾਰਦਾ*[18])

ਮੁੰਡੇ ਕੁੜੀ ਦੇ ਸੰਕੇਤ ਵੀ ਬੜਾ ਕੁੱਝ ਕਹਿੰਦੇ ਨੇ।

ਫੱਜੇ ਦੇ ਨਵਜੰਮੇ ਬਾਲ ਦਾ ਮਾਂ ਨਾਲ ਮਰਨਾ ਅਤੇ ਤਾਜੋ ਦਾ ਧੀ ਨਾਲ ਜੀਵਨ ਬਸਰ ਕਰਨਾ ਦੋ ਵੱਖ-ਵੱਖ ਧੁਰੇ ਹਨ। ਜੰਨਤੇ ਦਾ ਭਤੀਜੇ ਖਾਤਰ ਘਰ ਵਸਾਉਣ ਲਈ ਜ਼ੋਰ ਦੇਣਾ '**ਤੀਜਾ ਕੋਣ**' ਹੈ।

ਕਹਾਣੀ ਨੂੰ ਕਈ ਕੋਨਿਆਂ ਤੋਂ ਵੇਖਣ ਦੀ ਲੋੜ ਹੈ।

ਤਾਈ ਦਾ ਕੀ ਲਾਲਚ ਹੈ। ਇਹ ਅਬੁੱਝ ਹੈ ਉਂਝ ਉਹਦਾ ਨਾਂ ਜੰਨਤੇ ਹੈ।

ਫੱਜੇ ਟੀਰੇ ਦਾ ਭੈਣ ਉਤੇ ਦਾਬਾ ਮੁੱਢੋਂ ਈ ਬਣ ਜਾਂਦਾ ਹੈ:-ਜੋ ਵਟਾਂਦਰੇ ਤੱਕ ਜਾਰੀ ਰਹੇਗਾ। ਚੁੱਪ। ਬੁੱਲ ਚਿੱਥ ਕੇ ਸਹਿਣਾ। ਮਰਨ ਬਰਾਬਰ ਹੈ।

ਤਾਜੋ ਦੀ ਕਹਾਣੀ ਲਫ਼ਜ਼ਾਂ ਦੇ ਸਰੀਰਕ ਵਿਗਿਆਨ ਦੀ ਬਜਾਏ ਖ਼ਾਮੋਸ਼ੀ 'ਚ ਸੁਣਾਈ ਜਾ ਰਹੀ ਹੈ। ਸ਼ੋਰ ਲਈ ਬਿਰਤਾਂਤ 'ਚ ਗੁੰਜਾਇਸ਼ ਨਹੀਂ। ਇਸ ਦੁੱਖਦਾਈ ਘਟਨਾ ਨੂੰ ਖ਼ਾਮੋਸ਼ੀ ਨਾਲ ਸੰਚਾਰਿਤ ਕਰਨਾ ਵੀ ਕਲਾਬਾਜੀ ਹੈ। ਖ਼ਾਮੋਸ਼ੀ ਨੂੰ ਸੁਨਣ ਲਈ ਜ਼ੋਰ ਦੇਣਾ ਪੈਂਦਾ ਹੈ।

ਤਾਜੋ ਨਾਲ ਜੁੜੀਆਂ ਕਈ ਭਾਵੁਕ ਸ਼ੇਡਾਂ ਦਾ ਵੀ ਪਤਾ ਚੱਲਦਾ ਹੈ ਕਹਾਣੀ 'ਚ। (ਰੋਣ-ਧੋਣ ਦਾ ਨਾਤਾ ਖਹਿੜਾ ਨਹੀਂ ਛੱਡਦਾ ਉਸਦਾ।)

ਕਹਾਣੀ ਦੇ ਦੂਜੇ ਪੈਰੇ ਵਿੱਚ ਤਾਈ ਜੰਨਤੇ ਡੰਗਰਾਂ ਦੇ ਵਾੜੇ ਵੱਲ ਝਾਤ ਮਾਰ ਕੇ ਤਾਜੋ ਨੂੰ ਸਮਝਾਉਂਦੀ ਹੈ। ਤੇ ਅੰਤ ਉੱਤੇ ਡੰਗਰਾਂ ਦੇ ਵਾੜੇ 'ਚੋਂ ਫੱਜੇ ਦੀ ਕਿਸੇ ਬੰਦੇ ਨਾਲ ਗੱਲਬਾਤ ਸਾਫ਼ ਆਵਾਜ਼ ਵਿਚ ਸੁਣਾਈ ਦਿੰਦੀ ਹੈ:

*'ਲਵੇਰੀ ਤਾਂ ਚੰਗੀ ਏ ਪਈ ਕਿੰਨੇ ਦੀ ਲਿਆਂਦੀ ਊ?*
*'ਬਸ ਢੋਅ ਲੱਗ ਗਿਆ ਸਮਝ'*
*'ਫਿਰ ਵੀ ਕੁਝ ਪਤਾ ਤਾਂ ਲੱਗੇ।'*
*'ਉਹ ਮੀਣੇ ਸਿੰਗਾਂ ਵਾਲੀ ਬੂਰੀ ਨਹੀਂ ਸੀ ਆਪਣੀ।'*
*'ਆਹੋ'*
*'ਉਹਦੇ ਤੋਂ ਵਟਾਂਦਰਾ ਲਾਇਆ ਏ।*[9]

**(ਜੇ ਕਹਾਣੀ ਇਸ ਸੰਵਾਦ ਨਾਲ ਸਮਾਪਤ ਕਰ ਦਿੱਤੀ ਜਾਂਦੀ ਤਾਂ ਚੰਗਾ ਹੁੰਦਾ।)**

ਇੱਥੇ ਬੋਲ ਕੰਡੇ ਚੁਭਣ ਜਿੰਨ੍ਹਾਂ ਦਰਦ ਦਿੰਦੇ ਹਨ।

(ਇਸ ਵੇਲੇ ਤਾਜੋ ਨੂੰ ਆਪਣਾ ਆਪ ਗਾਂ-ਮੱਝ ਦੇ ਸੌਦੇ ਵਾਂਗ ਜਾਪਦਾ ਹੈ।)

ਔਰਤ ਦਾ ਪਸ਼ੂ ਵਾਂਗ ਵਟਾਂਦਰਾ ਕਰਨਾ ਅਸਹਿ ਹੈ।

**ਅੰਤਿਕਾ:** ਤਣਾਉ ਤੋਂ ਤਣਾਉ ਤੱਕ ਦੇ ਪਾਠ-ਸਫ਼ਰ ਦੌਰਾਨ 'ਰਿਸ਼ਤਿਆਂ ਦਾ ਵਟਾਂਦਰਾ' ਢੰਗ 'ਵਿਆਹ-ਵਿਵਸਥਾ' ਨੂੰ ਘੂਰਦਾ ਨਜ਼ਰ ਆਉਂਦਾ ਹੈ।


ਤਾਜੋ ਦਾ '**ਅਬੋਲ**' ਰਹਿਣਾ ਹੀ ਸਮਸਿਆਵਾਂ ਦਾ ਕਾਰਣ ਹੈ।

**ਹਵਾਲੇ-ਟਿੱਪਣੀਆਂ:-**

1. ਡਾ ਗੁਰਲਾਲ ਸਿੰਘ, *ਨਿੱਕੀ ਕਹਾਣੀ ਤੇ ਬਿਰਤਾਂਤਕਤਾ* , *ਪ੍ਰਵਚਨ, ਅਪ੍ਰੈਲ-ਜੂਨ*,2008, ਸਫ਼ਾ:16.
2. *ਉਹੀ*, ਸਫ਼ਾ:19.
3. ਡਾ ਹਰਿਭਜਨ ਸਿੰਘ, *ਖ਼ਾਮੋਸ਼ੀ ਦਾ ਜਜ਼ੀਰਾ*, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ ਪਟਿਆਲਾ, 1988,ਸਫ਼ਾ:VII.
4. ਖਾਲਿਦ ਫ਼ਰਹਾਦ ਧਾਰੀਵਾਲ,*ਕਥਾ ਇੱਕ ਕਲਯੁੱਗ ਦੀ*,ਸੰਗਮ ਪਬਲੀਕੇਸ਼ਨਜ਼, ਸਮਾਣਾ,(ਮਿਤੀਹੀਣ),ਸਫ਼ਾ:44.
5. *ਉਹੀ।*
6. *ਉਹੀ।*
7. *ਉਹੀ।*
8. *ਉਹੀ।*
9. *ਉਹੀ* , ਸਫ਼ਾ:45.
10. *ਉਹੀ*, ਸਫ਼ਾ:46.
11. *ਉਹੀ*, ਸਫ਼ਾ:47.
12. *ਉਹੀ।*
13. *ਉਹੀ*, ਸਫ਼ਾ:48.
14. *ਉਹੀ।*
15. *ਉਹੀ*, ਸਫ਼ਾ:49.
16. ਹੀਰ ਵਾਰਸ਼ ਸ਼ਾਹ, *ਸਭ ਤੋਂ ਵੱਡੀ ਤੇ ਵਾਧੇ ਵਾਲੀ ਹੀਰ ਵਾਰਸ਼ ਸ਼ਾਹ*, ਭਾਈ ਚਤਰ ਸਿੰਘ ਜੀਵਨ ਸਿੰਘ ਪੁਸਤਕਾਂ ਵਾਲੇ ਬਾਜ਼ਾਰ ਮਾਈ ਗੇਟ, ਅੰਮ੍ਰਿਤਸਰ, (ਮਿਤੀਹੀਣ), ਸਫ਼ੇ: 40-41.
17. ਖਾਲਿਦ ਫ਼ਰਹਾਦ ਧਾਰੀਵਾਲ, *ਕਥਾ ਇੱਕ ਕਲਯੁੱਗ ਦੀ*, ਸੰਗਮ ਪਬਲੀਕੇਸ਼ਨਜ਼, ਸਮਾਣਾ,ਸਫ਼ਾ:49.
18. *ਉਹੀ।*
19. *ਉਹੀ*, ਸਫ਼ਾ: 50.

ਅਸਿਸਟੈਂਟ ਪ੍ਰੋਫ਼ੈਸਰ ਪੰਜਾਬੀ
ਐੱਮ. ਐੱਮ. ਡੀ., ਡੀ. ਏ. ਵੀ. ਕਾਲਜ ਗਿੱਦੜਬਾਹਾ
8528100088/979480007






**ਸੰਗਮ ਪ੍ਰਕਾਸ਼ਨ, ਸਮਾਣਾ**
**ਪੰਨੇ : 88**
**ਮੁੱਲ : 125 ਰੁਪਏ**

# 'ਕਥਾ ਇੱਕ ਕਲਯੁੱਗ ਦੀ' ਕਹਾਣੀ ਦਾ ਵਿਸ਼ੇਗਤ ਅਧਿਐਨ

-ਡਾ. ਗੁਰਪ੍ਰੀਤ ਕੌਰ

ਖ਼ਾਲਿਦ ਫ਼ਰਹਾਦ ਧਾਰੀਵਾਲ ਦਾ ਪਾਕਿਸਤਾਨੀ ਪੰਜਾਬੀ ਕਹਾਣੀ ਦੇ ਖੇਤਰ ਵਿਚ ਵਿਸ਼ੇਸ਼ ਮੁਕਾਮ ਹੈ। ਉਨ੍ਹਾਂ ਸਾਹਿਤ ਦੀ ਝੋਲੀ 'ਵਟਾਂਦਰਾ' (2001) ਅਤੇ 'ਕਥਾ ਇੱਕ ਕਲਯੁੱਗ ਦੀ''(2007) ਕਹਾਣੀ ਸੰਗ੍ਰਹਿ ਪਾ ਕੇ ਸਾਹਿਤ ਨੂੰ ਅਮੀਰੀ ਬਖ਼ਸ਼ੀ। 'ਕਥਾ ਇੱਕ ਕਲਜੁੱਗ ਦੀ' ਸ਼ਾਹਮੁਖੀ ਲਿਪੀ ਵਿਚ ਰਚਿਆ ਕਹਾਣੀ ਸੰਗ੍ਰਹਿ ਹੈ ਜਿਸ ਦਾ ਪਾਲ ਸਿੰਘ ਵੱਲਾ ਦੁਆਰਾ ਗੁਰਮੁਖੀ ਲਿਪੀ ਵਿੱਚ ਲਿਪੀਅੰਤਰ ਕੀਤਾ ਗਿਆ ਹੈ।

ਖ਼ਾਲਿਦ ਫ਼ਰਹਾਦ ਧਾਰੀਵਾਲ ਨੇ ਆਪਣੀਆਂ ਕਹਾਣੀਆਂ ਵਿਚ ਸਮਾਜ ਵਿਚ ਵਾਪਰ ਰਹੀਆਂ ਕੁਰੀਤੀਆਂ ਨੂੰ ਵਿਸ਼ਾ ਬਣਾ ਕੇ ਸਮਾਜਿਕ ਯਥਾਰਥ ਨੂੰ ਮੂਰਤੀਮਾਨ ਕੀਤਾ ਹੈ।

ਕਹਾਣੀ ਵਿਚ ਭਾਵੇਂ ਬਣਤਰ ਦੇ ਸਾਰੇ ਪੱਖਾਂ ਦੀ ਮਹੱਤਤਾ ਹੁੰਦੀ ਹੈ ਪਰ ਵਿਸ਼ੇ ਦੀ ਨਿਸ਼ਚੇ ਹੀ ਵਧੇਰੇ ਮਹਾਨਤਾ ਹੁੰਦੀ ਹੈ। ਜਿਸ ਕਹਾਣੀ ਦਾ ਵਿਸ਼ਾ ਵਧੇਰੇ ਉਸਾਰੂ ਟੁੰਬਵਾਂ ਤੇ ਜ਼ਿੰਦਗੀ ਦੇ ਬਹੁਤਾ ਨੇੜੇ ਹੋਵੇਗਾ ਉਹ ਸਾਹਿਤ ਵਿੱਚ ਤੇ ਪਾਠਕਾਂ ਦੇ ਮਨਾਂ ਵਿੱਚ ਜ਼ਿਆਦਾ ਸਤਿਕਾਰੀ ਜਾਵੇਗੀ। ਖ਼ਾਲਿਦ ਫ਼ਰਹਾਦ ਧਾਰੀਵਾਲ ਦੀਆਂ ਜ਼ਿਆਦਾਤਰ ਕਹਾਣੀਆਂ ਸਾਡੇ ਰੋਜ਼ ਦੇ ਆਲੇ ਦੁਆਲੇ ਦੀ ਜ਼ਿੰਦਗੀ ਦੀਆਂ ਨਿੱਕੀਆਂ ਵੱਡੀਆਂ ਘਟਨਾਵਾਂ ਉੱਤੇ ਉਸਾਰੀਆਂ ਗਈਆਂ ਹਨ।

ਪੁਸਤਕ ਦੇ ਸਿਰਲੇਖ ਵਾਲੀ ਕਹਾਣੀ ' ਕਥਾ ਇੱਕ ਕਲਜੁੱਗ ਦੀ' ਵਿੱਚ ਖ਼ਾਲਿਦ ਫ਼ਰਹਾਦ ਧਾਰੀਵਾਲ ਨੇ ਸਧਾਰਨ ਮਨੁੱਖ ਦੇ ਜੀਵਨ ਦੀਆਂ ਘਟਨਾਵਾਂ ਮੁਸੀਬਤਾਂ, ਮਜ਼ਬੂਰੀਆਂ, ਸੀਮਾਵਾਂ ਅਤੇ ਚੀਸਾਂ ਨੂੰ ਮੂਰਤੀਮਾਨ ਕੀਤਾ ਹੈ।

'ਕਥਾ ਇੱਕ ਕਲਯੁੱਗ ਦੀ' ਕਹਾਣੀ ਵਿੱਚ ਮਹਿੰਗਾਈ, ਭ੍ਰਿਸ਼ਟਾਚਾਰ, ਬੇਰੁਜ਼ਗਾਰੀ, ਕਿਸਾਨਾਂ ਦੀ ਆਰਥਿਕ ਮੰਦਹਾਲੀ, ਦਹੇਜ ਪ੍ਰਥਾ , ਪਿਆਰ ਨੂੰ ਆਰਥਿਕ ਵੱਖ ਨਾਲ ਜੋੜਨਾ ਅਤੇ ਬੇਰੁਜ਼ਗਾਰੀ ਕਾਰਨ ਪਰਵਾਸ ਧਾਰਨ ਕਰਨ ਆਦਿ ਨੂੰ ਵਿਸ਼ਾ ਬਣਾਇਆ ਗਿਆ ਹੈ। ਜਿਨ੍ਹਾਂ ਬਾਰੇ ਹੱਥਲੇ ਖੋਜ- ਪੇਪਰ ਵਿੱਚ ਚਰਚਾ ਕੀਤੀ ਜਾਵੇਗੀ।

ਪਿਛਲੇ ਕੁਝ ਦਹਾਕਿਆਂ ਤੋਂ ਚੀਜ਼ਾਂ ਦੀਆਂ ਕੀਮਤਾਂ ਦੇ ਵਾਧੇ ਦੀ ਰਫ਼ਤਾਰ ਬੜੀ ਤੇਜ਼ ਰਹੀ ਹੈ। ਆਮ ਵਰਤੋਂ ਦੀਆਂ ਚੀਜ਼ਾਂ ਦੀ ਮਹਿੰਗਾਈ ਸਾਰੇ ਹੱਦ ਬੰਨੇ ਤੋੜ ਇੱਕ ਖ਼ੌਫ਼ਨਾਕ ਰੂਪ ਧਾਰਨ ਕਰ ਚੁੱਕੀ ਹੈ।

'ਕਥਾ ਇੱਕ ਕਲਯੁੱਗ ਦੀ' ਕਹਾਣੀ ਦੇ ਸ਼ੁਰੂ ਵਿੱਚ ਹੀ ਅਸੀਂ ਦੇਖਦੇ ਹਾਂ ਕਿ ਮੁੱਖ ਪਾਤਰ ਦੀ ਕਾਲੀ ਤੋਰੀ ਨਾ ਖਾਣ ਦੀ ਆਦਤ ਕਿਵੇਂ ਮਹਿੰਗਾਈ ਕਾਰਨ ਬਦਲ ਜਾਂਦੀ ਹੈ।

ਕਾਲੀ ਤੋਰੀ ਦੀ ਵੇਲ ਨੂੰ ਮੁੱਖ ਪਾਤਰ ਦੀ ਮਾਂ ਉਸ ਦੇ ਛੋਟੇ ਹੁੰਦਿਆਂ ਉਸ ਦੇ ਪਿਓ ਤੋਂ ਉਹਲੇ ਵਿਚ ਜੜ੍ਹੋਂ ਪੁੱਟ ਸੁੱਟਦੀ ਸੀ ਕਿਉਂਕਿ ਉਸ ਨੂੰ ਪਤਾ ਸੀ ਕਿ ਉਸ ਦੇ ਪੁੱਤਰ ਨੂੰ ਕਾਲੀ ਤੋਰੀ ਪਸੰਦ ਨਹੀਂ ਪ੍ਰੰਤੂ ਘਰ ਦੀ ਆਰਥਿਕ ਮੰਦਹਾਲੀ ਅਤੇ ਸਬਜ਼ੀਆਂ ਦੇ ਵਧੇ ਭਾਅ ਕਾਰਨ ਘਰ ਵਿੱਚ ਕਾਲੀ ਤੋਰੀ ਦੀ ਸਬਜ਼ੀ ਵੀ ਬਣਨ ਲੱਗ ਪਈ ਸੀ ਅਤੇ ਇਸ ਬਾਰੇ ਲੇਖਕ ਮੁੱਖ ਪਾਤਰ ਦੇ ਮੂੰਹੋਂ ਅਖਵਾਉਂਦਾ ਹੈ : ਹੁਣ ਭਾਵੇਂ ਰੋਜ਼ ਪਈ ਤੋਰੀ ਪੱਕੇ



ਮੈਂ ਛਿੰਦਾ ਨਹੀਂ ਪੈਂਦਾ। ਇਹਦੇ ਲਾਵਣ ਨਾਲ ਮੈਨੂੰ ਧੱਕੋਜ਼ੋਰੀ ਗਰਾਹੀ ਸੰਘੋ ਥੱਲੇ ਉਤਾਰਦੇ ਨੂੰ ਮਾਂ ਵੇਖ ਨਹੀਂ ਸਕਦੀ ਤੇ ਮਾਂ ਦਾ ਆਪਣੇ ਲਾਡਲੇ ਪੁੱਤਰ ਲਈ ਇਹ ਤਰਸੇਵਾਂ ਵੇਖਣ ਦਾ ਹੀਆ ਮੇਰੇ ਵਿੱਚ ਨਹੀਂ ਏਸੇ ਲਈ ਉਹ ਰੋਟੀ ਪਰੋਸ ਕੇ ਰਸੋਈ ਵਿੱਚੋਂ ਬਾਹਰ ਨਿਕਲ ਜਾਂਦੀ ਹੈ।

ਮਹਿੰਗਾਈ ਦੇ ਵਧਣ ਨਾਲ ਮੁੱਖ ਪਾਤਰ ਦੇ ਘਰ ਦਾ ਗੁਜ਼ਾਰਾ ਬੜੀ ਹੀ ਮੁਸ਼ਕਿਲ ਨਾਲ ਚੱਲਦਾ ਸੀ।

ਉਹਦੇ ਬਾਪੂ ਨੇ ਦਸਾਂ ਵਿਘਿਆ ਦੀ ਖੇਤੀ ਨਾਲ ਦੋ ਭੈਣਾਂ ਦਾ ਵਿਆਹ ਕੀਤਾ ਸੀ ਅਤੇ ਫਿਰ ਆਪਣਾ ਵੀ ਕਰਵਾਇਆ ਸੀ।

ਇੱਕੀਵੀਂ ਸਦੀ ਵਿੱਚ ਮਹਿੰਗਾਈ ਇਸ ਹੱਦ ਤਕ ਵਧ ਚੁੱਕੀ ਹੈ ਕਿ ਪਹਿਲਾਂ ਨਾਲੋਂ ਫ਼ਸਲਾਂ ਵੀ ਵੱਧ ਝਾੜ ਦਿੰਦੀਆਂ ਹਨ ਪ੍ਰੰਤੂ ਫਿਰ ਵੀ ਘਰ ਦਾ ਖਰਚਾ ਪੂਰਾ ਨਹੀਂ ਹੁੰਦਾd

ਕਹਾਣੀਕਾਰ ਨੇ 'ਕਥਾ ਇੱਕ ਕਲਯੁੱਗ ਦੀ' ਕਹਾਣੀ ਵਿੱਚ ਸਮਾਜ ਵਿੱਚ ਫੈਲੇ ਭ੍ਰਿਸ਼ਟਾਚਾਰ ਨੂੰ ਵੀ ਰੂਪਮਾਨ ਕੀਤਾ।

ਭ੍ਰਿਸ਼ਟ ਵਾਤਾਵਰਨ ਵਿਚ ਸਰਕਾਰੀ ਨੌਕਰੀਆਂ, ਅਹੁਦੇ, ਨਿਯੁਕਤੀਆਂ ,ਵਧੀਆ ਸੰਸਥਾਵਾਂ ਵਿੱਚ ਦਾਖ਼ਲੇ ਸਭ ਵਿਕਾਊ ਹੋ ਗਏ ਹਨ। ਨੌਕਰੀ ਲੈਣ ਲਈ ਰਿਸ਼ਵਤ ਦੇਣੀ ਪੈਂਦੀ ਹੈ। ਅਜਿਹਾ ਵਾਤਾਵਰਨ ਉਸਰਨ ਨਾਲ ਗ਼ਰੀਬ ਗੁਣਵਾਨ ਵਿਅਕਤੀ ਚੰਗੀ ਸੰਸਥਾ ਵਿਚ ਦਾਖਲਾ ਲੈਣ ਅਤੇ ਨੌਕਰੀ ਪ੍ਰਾਪਤ ਕਰਨ ਤੋਂ ਵਾਂਝਾ ਰਹਿ ਜਾਂਦਾ ਹੈ ਅਤੇ ਉਨ੍ਹਾਂ ਤੋਂ ਘੱਟ ਹੁਸ਼ਿਆਰ ਵਿਅਕਤੀ ਕਿਸੇ ਵੀ ਯੂਨੀਵਰਸਿਟੀ ਵਿੱਚ ਦਾਖ਼ਲੇ ਲੈ ਕੇ ਉੱਚ ਅਹੁਦੇ 'ਤੇ ਬਿਰਾਜਮਾਨ ਹੋ ਜਾਂਦੇ ਹਨ।

ਸਰਕਾਰੀ ਤੰਤਰ ਦੇ ਭ੍ਰਿਸ਼ਟਾਚਾਰ ਦੀ ਪੇਸ਼ਕਾਰੀ ਦੀ ਉਦਾਹਰਨ ਅਸੀਂ ਕਹਾਣੀ ਵਿੱਚ ਵੀ ਦੇਖ ਸਕਦੇ ਹਾਂ : ਮੇਰੇ ਲਈ ਪਹਿਲਾਂ ਠੇਡਾ ਇੰਜੀਨਰਿੰਗ ਅਰਿੰਗ ਯੂਨੀਵਰਸਿਟੀ ਵਿੱਚ ਦਾਖ਼ਲਾ ਨਾ ਮਿਲਣਾ ਸੀ। ਹਰਖ ਉਦੋਂ ਹੋਇਆ ਜਦ ਮੇਰੇ ਤੋਂ ਘੱਟ ਨੰਬਰ ਲੈਣ ਵਾਲੇ ਸਾਡੇ ਪਿੰਡ ਦੇ ਜ਼ੈਲਦਾਰਾਂ ਦਾ ਮੁੰਡਾ ਸੈਲਫ ਫਾਈਨਾਂਸ ਤੇ ਏਥੋਂ ਇੰਜੀਨਰਿੰਗ ਕਰ ਗਿਆ। ਅੱਜ ਉਹ ਗਲਫ ਵਿਚ ਕਿਸੇ ਚੰਗੀ ਕੰਪਨੀ ਵਿੱਚ ਏ।[2]

ਕਹਾਣੀ ਵਿਚ ਅਸੀਂ ਦੇਖਦੇ ਹਾਂ ਕਿ ਮੁੱਖ ਪਾਤਰ ਤੋਂ ਘੱਟ ਯੋਗਤਾ ਰੱਖਣ ਵਾਲਾ ਵਿਅਕਤੀ ਇੰਜੀਨੀਅਰ ਬਣ ਜਾਂਦਾ ਹੈ ਪ੍ਰੰਤੂ ਮੁੱਖ ਪਾਤਰ ਕੋਲ ਸਿਫ਼ਾਰਸ਼ ਨਾ ਹੋਣ ਕਾਰਨ ਦਰ- ਦਰ ਧੱਕੇ ਖਾਣੇ ਪੈਂਦੇ ਹਨ । ਉੱਚ ਸਿੱਖਿਆ ਪ੍ਰਾਪਤ ਕਰਨ ਦੇ ਬਾਵਜੂਦ ਉਹ ਸ਼ਹਿਰ ਵਿਚ ਥਾਂ- ਥਾਂ ਨੌਕਰੀ ਲੈਣ ਲਈ ਜਾਂਦਾ ਹੈ ਪਰ ਉਸ ਨੂੰ ਹਮੇਸ਼ਾਂ ਨਿਰਾਸ਼ ਹੀ ਵਾਪਸ ਪਰਤਣਾ ਪੈਂਦਾ ਹੈ ਤੇ ਉਹ ਆਪਣੇ ਖ਼ਿਆਲ ਵਿੱਚ ਸੋਚਦਾ ਹੈ ਕਿ ਜੇਕਰ ਉਸ ਦੇ ਪਿਓ ਨੂੰ ਪਤਾ ਲੱਗਿਆ ਤਾਂ ਉਸ ਨੇ ਕਹਿਣਾ ਕਿ, "ਦੂਨਾ ਪੜ੍ਹਿਆ ਤੂੰ ਕਿਤੇ ਮੁਨਸ਼ੀ ਨਹੀਂ ਹੋ ਸਕਦਾ, ਅੱਠ ਪੜ੍ਹਿਆ ਕਦੇ ਪਟਵਾਰੀ ਹੁੰਦਾ ਸੀ।[3] ਸਮੇਂ ਦੇ ਬਦਲਾਵ ਨਾਲ ਜਿੱਥੇ ਮਹਿੰਗਾਈ ਵਧੀ ਉੱਥੇ ਸਿੱਖਿਆ ਦੇ ਮਾਅਨੇ ਵੀ ਬਦਲ ਗਏ ਜਿਸ ਨਾਲ ਸਮਾਜ ਵਿੱਚ ਭ੍ਰਿਸ਼ਟਾਚਾਰ ਤੇ ਬੇਰੁਜ਼ਗਾਰੀ ਨੇ ਘਰ ਕਰ ਲਿਆ।

ਪੰਜਾਬੀ ਜੀਵਨ ਸਦੀਆਂ ਬੱਧੀ ਕਿਸਾਨੀ ਮਾਨਸਿਕਤਾ ਵਾਲਾ ਰਿਹਾ ਹੈ।

ਮਸ਼ੀਨੀ ਯੁੱਗ ਤੋਂ ਪਹਿਲਾਂ ਖੇਤੀ ਨੂੰ ਉੱਤਮ ਕਾਰਜ ਮੰਨਿਆ ਜਾਂਦਾ ਸੀ। ਉਸ ਸਮੇਂ ਉਨ੍ਹਾਂ ਦਾ ਗੁਜ਼ਾਰਾ ਆਸਾਨੀ ਨਾਲ ਹੋ ਜਾਂਦਾ ਸੀ ਪ੍ਰੰਤੂ ਮਸ਼ੀਨਾਂ ਦੇ ਆਉਣ ਨਾਲ ਜਿੱਥੇ ਦਿਨੋਂ - ਦਿਨ ਮਹਿੰਗਾਈ ਵਧੀ ਹੈ ਉਥੇ ਖੇਤੀਬਾੜੀ ਘਾਟੇ ਦਾ ਸੌਦਾ ਬਣਦੀ ਜਾ ਰਹੀ ਹੈ। ਅਜੋਕੇ ਸਮੇਂ ਵਿੱਚ ਇੱਕ ਪੂਰੇ ਪਰਿਵਾਰ ਦਾ ਗੁਜ਼ਾਰਾ ਕੇਵਲ ਖੇਤੀ ਸਹਾਰੇ ਨਹੀਂ ਚਲਦਾ।

ਗ਼ਰੀਬ ਵਿਅਕਤੀ ਕੋਲ ਮਹਿੰਗੇ ਭਾਅ ਦੀਆਂ ਮਸ਼ੀਨਾਂ ਖ਼ਰੀਦਣ ਲਈ ਇੰਨੇ ਪੈਸੇ ਨਹੀਂ ਜੁੜਦੇ ਤੇ ਪੁਰਾਣੇ ਢੰਗ ਦੀ ਬਾਹੀ ਨਾਲ ਗੁਜ਼ਾਰਾ ਕਰਨਾ ਮੁਸ਼ਕਲ ਹੁੰਦਾ ਹੈd 'ਕਥਾ ਇੱਕ ਕਲਯੁੱਗ ਦੀ' ਕਹਾਣੀ ਵਿੱਚ ਅਸੀਂ ਦੇਖਦੇ ਹਾਂ ਕਿ ਮੁੱਖ ਪਾਤਰ ਦਾ ਪਿਤਾ ਅਤੇ ਭਰਾ ਦਿਨ- ਰਾਤ ਖੇਤਾਂ ਵਿੱਚ ਸਖ਼ਤ ਮਿਹਨਤ ਕਰਕੇ ਫ਼ਸਲਾਂ ਉਗਾਉਂਦੇ ਹਨ ਪ੍ਰੰਤੂ ਫਿਰ ਵੀ ਪੁਰਾਣੇ ਢੰਗਾਂ ਦੀ ਬਾਹੀ ਕਾਰਨ ਉਨ੍ਹਾਂ ਦੇ ਘਰ ਦੀ ਹਾਲਤ ਆਰਥਿਕ ਪੱਖੋਂ ਬੜੀ ਹੀ ਕਮਜ਼ੋਰ ਹੋ ਜਾਂਦੀ ਹੈ :

ਬਹੁਤੀ ਵਾਹੀ ਬੀਜੀ ਮਸ਼ੀਨੀ ਹੋ ਗਈ ਏ ਅਤੇ ਪੁਰਾਣੇ ਢੰਗ ਦੀ ਵਾਹੀ ਨਾਲ ਹੁਣ ਗੁਜ਼ਾਰਾ ਔਖਾ। ਮੈਂ ਵੇਖਦਾਂ ਭਾਅ ਤੇ ਪਿਉ ਮਿੱਟੀ ਨਾਲ ਮਿੱਟੀ ਹੋਏ ਰਹਿੰਦੇ। ਜਿਸ ਦਿਹਾੜੇ ਮੈਨੂੰ ਵਾਂਹਦਕ ਹੁੰਦੀ ਮੈਂ ਵੀ ਉਨ੍ਹਾਂ ਨੂੰ ਹੱਥ ਪਵਾ ਛੱਡਦਾ। ਦਾਣਾ ਫੱਕਾ ਅੱਜ ਪਹਿਲੇ ਤੋਂ ਵੀ ਦੂਣਾ ਹੁੰਦਾ ਏ ਪਰ ਪੂਰੀ ਨਹੀਂ ਪੈਂਦੀ ,ਮਹਿੰਗਾਈ ਚੋਖੀ ਐ ਨਾਲੇ ਸ਼ਰੀਕੇ ਵਿੱਚ ਰਹਿੰਦਿਆਂ ਲੋੜਾਂ ਥੋੜ੍ਹਾ ਵਧ ਰਹੀਆਂ ਹਨ। ਪਿਉ ਮਹਿਸੂਸ ਕਰਦਾ ਏ ਪਏ ਇਕੱਲੀ ਜ਼ਮੀਨ ਦੇ ਆਸਰੇ ਹੁਣ ਜੀਵਕਾ ਮੁਸ਼ਕਿਲ ਹੈ।[4]

ਕਿਸਾਨ ਭਾਵੇਂ ਦਿਨ -ਰਾਤ ਹੱਡ ਤੋੜਵੀਂ ਮਿਹਨਤ ਕਰਦੇ ਹਨ ਫਿਰ ਵੀ ਆਰਥਿਕ ਤੰਗੀ ਦਾ ਸ਼ਿਕਾਰ ਹੁੰਦੇ ਹਨ ਕਿਉਂਕਿ ਆਰਥਿਕਤਾ ਕਮਾਉਣ ਦਾ ਸਾਧਨ ਕੇਵਲ ਖੇਤੀਬਾੜੀ ਹੈ। ਦਿਨ -ਰਾਤ ਮਿਹਨਤ ਕਰਕੇ ਉਨ੍ਹਾਂ ਦਾ ਗੁਜ਼ਾਰਾ ਵੀ ਬੜੀ ਮੁਸ਼ਕਲ ਨਾਲ ਹੁੰਦਾ ਹੈ। ਸਮੇ ਂ ਦੇ ਬਦਲਾਵ ਨਾਲ ਭਾਵੇਂ ਖੇਤੀਬਾੜੀ ਨੂੰ ਤਕਨੀਕੀ ਢੰਗ ਨਾ ਕਰਨਾ ਆਰੰਭ ਹੋ ਗਿਆ ਫਿਰ ਵੀ ਨਿਮਨ ਕਿਰਸਾਨੀ ਦੀਆਂ ਆਰਥਿਕ ਸਥਿਤੀਆਂ 'ਚ ਸੁਧਾਰ ਨਹੀਂ ਹੋ ਸਕਿਆ। ਕਹਾਣੀ ਵਿੱਚ ਅਸੀਂ ਦੇਖਦੇ ਹਾਂ ਕਿ ਟਿਊਬਵੈੱਲ ਲਗਾਉਣ ਵਾਸਤੇ ਬੈਂਕ ਤੋਂ ਲਏ ਰੁਪਇਆਂ ਦਾ ਵਿਆਜ ਮੂਲ ਰਕਮ ਤੋਂ ਵੀ ਵਧ ਜਾਂਦਾ ਹੈ। ਭਾਬੀ ਕੂਮਾ ਦੇ ਗਹਿਣੇ ਵੀ ਇਹ ਰਕਮ ਉਤਾਰਨ ਲਈ ਲੱਗ ਜਾਂਦੇ ਹਨ। ਮੁੱਖ ਪਾਤਰ ਦਾ ਭਰਾ ਮਾਨਸਿਕ ਤੌਰ ਤੇ ਪ੍ਰੇਸ਼ਾਨ ਰਹਿਣ ਲੱਗ ਜਾਂਦਾ ਹੈ ਤੇ ਆਪਣੀ ਉਮਰ ਤੋਂ ਦੁੱਗਣਾ ਦਿਖਣ ਲੱਗ ਜਾਂਦਾ ਹੈ। ਇਹ ਸਾਰੀ ਰਕਮ ਉਸ ਦਾ ਪਿਉ ਤਿੰਨ ਵਿੱਘੇ ਜ਼ੈਲਦਾਰਾਂ ਦੇ ਨਾਂ ਲਵਾ ਕੇ ਚੁਕਾਉਂਦਾ ਹੈ।

ਸਮਾਜ ਵਿੱਚ ਫੈਲੇ ਦਾਜ ਦੇ ਕੋਹੜ ਨੂੰ ਵੀ ਕਹਾਣੀਕਾਰ ਨੇ 'ਕਥਾ ਇੱਕ ਕਲਯੁੱਗ ਦੀ' ਕਹਾਣੀ ਵਿੱਚ ਰੂਪਮਾਨ ਕੀਤਾ ਹੈ। ਕਹਾਣੀ ਵਿੱਚ ਅਸੀਂ ਦੇਖਦੇ ਹਾਂ ਕਿ ਮੁੱਖ ਪਾਤਰ ਦੀ ਭੈਣ ਨੀਲਮ ਦਾ ਵਿਆਹ ਇਸ ਕਰਕੇ ਨਹੀਂ ਸੀ ਹੋ ਰਿਹਾ ਕਿਉਂਕਿ ਉਨ੍ਹਾਂ ਕੋਲ ਦਾਜ ਵਿੱਚ ਦੇਣ ਲਈ ਕੁਝ ਨਹੀਂ ਸੀ ਜਦਕਿ ਉਸ ਦੀ ਉਮਰ ਦੀਆਂ ਸਾਰੀਆਂ ਕੁੜੀਆਂ ਦੇ ਵਿਆਹ ਚੁੱਕੇ ਸਨ :



'ਦਾਜ ਦਹੇਜ ਬਿਨਾਂ ਧੀਆਂ ਨੂੰ ਬੂਹੇ ਤੋਂ ਠਾਣਾ ਕਿੰਨਾ ਔਖਾ ਏ' ਰਾਤੀਂ ਇਹ ਆਖਦਿਆਂ ਭਾਅ ਦੇ ਮੂੰਹੋਂ ਨਿਕਲਿਆ ਹੌਕਾ ਮੈਨੂੰ ਵੀ ਠਰ ਗਿਆ ਸੀ।[5]

ਕਹਾਣੀ ਵਿੱਚ ਅਸੀਂ ਦੇਖਦੇ ਹਾਂ ਕਿ ਮੁੱਖ ਪਾਤਰ ਦੀ ਮਾਂ ਜੋ ਕਿ ਆਪਣੇ ਬੱਚਿਆਂ ਨੂੰ ਹਿੰਮਤ ਨਾ ਹਾਰਨ ਦਾ ਹੌਂਸਲਾ ਦਿੰਦੀ ਸੀ, ਉਹ ਦਾਜ ਨਾ ਦੇ ਸਕਣ ਕਾਰਨ ਬੂਹੇ ਬੈਠੀ ਧੀ ਵੱਲ ਦੇਖ- ਦੇਖ ਕੇ ਹਾਰ ਜਾਂਦੀ ਹੈ ਤੇ ਅੰਤ ਇੱਕ ਦਹਾਜੂ ਮੁੰਡੇ ਨਾਲ ਉਸ ਦਾ ਸਾਕ ਕਰਨ ਲਈ ਆਪਣੇ ਆਪ ਨੂੰ ਰਾਜ਼ੀ ਕਰ ਲੈਂਦੀ ਹੈ।

ਕਹਾਣੀਕਾਰ ਨੇ ਪਿਆਰ ਦੇ ਆਰਥਿਕ ਪੱਖ ਨਾਲ ਜੁੜੇ ਹੋਣ ਬਾਰੇ ਵੀ ਵਿਚਾਰ ਪ੍ਰਗਟਾਏ ਹਨ। ਕਹਾਣੀ ਵਿਚ ਅਸੀਂ ਦੇਖਦੇ ਹਾਂ ਕਿ ਸ਼ਬਨਮ ਨਾਮ ਦੀ ਇਕ ਲੜਕੀ ਨਾਲ ਮੁੱਖ ਪਾਤਰ ਨੂੰ ਪਿਆਰ ਹੋ ਜਾਂਦਾ ਹੈ ਪ੍ਰੰਤੂ ਜਦੋਂ ਕੂਬਾ ਨਾਂ ਦਾ ਇੱਕ ਅਮੀਰ ਲੜਕਾ ਸ਼ਬਨਮ ਦੇ ਸੰਪਰਕ ਵਿੱਚ ਆਉਂਦਾ ਹੈ ਜੋ ਕਿ ਸ਼ਹਿਰ ਦੀ ਪੋਸ਼ ਕਾਲੋਨੀ ਵਿੱਚ ਰਹਿੰਦੇ ਕਾਰਖਾਨੇਦਾਰਾਂ ਦਾ ਆਪਣੀ ਗੱਡੀ ਵਿੱਚ ਆਉਣ ਵਾਲਾ ਮੁੰਡਾ ਸੀ , ਤਾਂ ਸ਼ਬਨਮ ਮੁੱਖ ਪਾਤਰ ਦੀ ਦਿੱਤੀ ਕਿਤਾਬ ਵਿਚ ਚਿੱਠੀ ਮੋੜ ਦਿੰਦੀ ਹੈ ਤੇ ਆਪਣਾ ਨਾਤਾ ਤੋੜਦੀ ਹੋਈ ਕਹਿੰਦੀ ਹੈ : ਗ਼ਰੀਬੜਿਆਂ! ਮੈਨੂੰ ਇਹ ਲਿਖਣ ਦੀ ਤੇਰੀ ਹਿੰਮਤ ਕਿਵੇਂ ਹੋਈ? ਮੇਰੀਆਂ ਤਿੰਨ ਸਤਰਾਂ ਉੱਤੇ ਸੁਰਖ ਲਿਪਸਟਿਕ ਨਾਲ ਅੰਗਰੇਜ਼ੀ ਵਿੱਚ ਲਿਖੀ ਏਸ ਇਬਾਰਤ ਦਾ ਹਰ ਲਫ਼ਜ਼ ਮਘਦਾ ਹੋਇਆ ਅੰਗਿਆਰਾ ਜਾਪਦਾ ਸੀ।[6]

'ਕਥਾ ਇੱਕ ਕਲਯੁੱਗ ਦੀ' ਕਹਾਣੀ ਵਿਚ ਅਸੀਂ ਦੇਖਦੇ ਹਾਂ ਕਿ ਮੁੱਖ ਪਾਤਰ ਨੂੰ ਘਰ ਦੀ ਆਰਥਿਕ ਮੰਦਹਾਲੀ ਕਾਰਨ ਅਤੇ ਪੜ੍ਹਿਆ ਲਿਖਿਆ ਹੋਣ ਦੇ ਬਾਵਜੂਦ ਵੀ ਨੌਕਰੀ ਨਾ ਮਿਲਣ ਕਾਰਨ ਉਸ ਦੇ ਘਰਵਾਲੇ ਅਰਬ ਤੇ ਘਰ ਵਾਲੇ ਅਰਬ ਦੇਸ਼ ਵਿਚ ਵਰਕ ਵੀਜ਼ੇ ਤੇ ਭੇਜਣ ਲਈ ਮਜਬੂਰ ਹੋ ਜਾਂਦੇ ਹਨ। ਮੁੱਖ ਪਾਤਰ ਰਾਤ ਨੂੰ ਤਾਰਿਆਂ ਵੱਲ ਦੇਖਦਾ ਹੋਇਆ ਸੋਚਦਾ ਹੈ : ਥੋੜ੍ਹੇ ਦਿਨਾਂ ਬਾਅਦ ਮੈਂ ਇੱਕ ਓਭੜ ਧਰਤੀ ਤੇ ਹੋਵਾਂਗਾ। ਮੇਰੀ ਆਪਣੀ ਮਿੱਟੀ ਜਿਹਨੂੰ ਅਸਾਂ ਮਾਂ ਮੰਨਿਆ ਏ, ਮੇਰੇ ਲਈ ਭਾਈ ਉਹ ਮਤਰੇਈ ਹੋ ਗਈ।[7]

ਮੁੱਖ ਪਾਤਰ ਦੁਆਰਾ ਮਜਬੂਰੀ ਵਸ ਆਪਣਾ ਘਰ ਤੇ ਵਤਨ ਛੱਡ ਕੇ ਦੂਸਰੇ ਦੇਸ਼ ਵਿਚ ਜਾਣ ਦਾ ਮੁੱਖ ਕਾਰਨ ਆਰਥਿਕਤਾ ਹੈ ਕਿਉਂਕਿ ਪੜ੍ਹੇ ਲਿਖੇ ਹੋਣ ਦੇ ਬਾਵਜੂਦ ਵੀ ਘਰ ਦੀ ਆਰਥਿਕ ਮੰਦਹਾਲੀ ਕਾਰਨ ਆਪਣਾ ਭਵਿੱਖ ਧੁੰਦਲਾ ਦਿਖਾਈ ਦਿੰਦਾ ਹੈ। ਦਿਨੋਂ- ਦਿਨ ਵੱਧ ਰਹੀ ਮਹਿੰਗਾਈ ਕਾਰਨ ਉਨ੍ਹਾਂ ਦੇ ਖਰਚੇ ਪੂਰੇ ਨਹੀਂ ਹੁੰਦੇ।

ਅਜੋਕੇ ਸਮੇਂ ਵਿੱਚ ਖੇਤੀ ਵੀ ਲਾਭਦਾਇਕ ਕਿੱਤਾ ਨਹੀਂ ਰਿਹਾ ਅਤੇ ਕਰਜ਼ਿਆਂ ਹੇਠ ਦੱਬੇ ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ। ਅਜਿਹੀ ਮਾਇਕ ਸੰਕਟ ਭਰੀ ਸਥਿਤੀ ਵਿੱਚੋਂ ਨਿਕਲਣ ਦਾ ਇੱਕੋ- ਇੱਕ ਹੱਲ ਲੋਕ ਵਿਦੇਸ਼ ਜਾ ਕੇ ਕੰਮ ਕਰਨ ਨੂੰ ਸਮਝਣ ਲੱਗ ਪਏ ਹਨ।

ਉਪਰੋਕਤ ਸਾਰੀ ਚਰਚਾ ਤੋਂ ਬਾਅਦ ਅਸੀਂ ਕਹਿ ਸਕਦੇ ਹਾਂ ਕਿ ਖ਼ਾਲਿਦ ਫ਼ਰਹਾਦ ਧਾਰੀਵਾਲ ਨੇ 'ਕਥਾ ਇੱਕ ਕਲਯੁੱਗ ਦੀ' ਕਹਾਣੀ ਵਿੱਚ ਇੱਕੀਵੀਂ ਸਦੀ ਦੇ ਮਨੁੱਖ ਦੁਆਰਾ ਭੋਗੀ ਜਾ ਰਹੀ ਆਰਥਿਕ ਮੰਦਹਾਲੀ ਨੂੰ ਰੂਪਮਾਨ ਕੀਤਾ ਹੈ। ਇਸ ਸਮੇਂ ਵਿਅਕਤੀ ਦੀ ਕਾਬਲੀਅਤ ਉਸ ਦੀ ਗੁਣਵੱਤਾ ਨਾਲ ਨਹੀਂ ਸਗੋਂ ਉਸ ਦੀ ਸਿਫ਼ਾਰਸ਼ ਤੇ ਅਮੀਰੀ ਦੇ ਪੈਮਾਨੇ 'ਤੇ ਮਾਪੀ ਜਾਂਦੀ ਹੈ। ਦਿਨੋਂ -ਦਿਨ ਵੱਧ ਰਹੀ ਮਹਿੰਗਾਈ, ਭ੍ਰਿਸ਼ਟਾਚਾਰ ,ਬੇਰੁਜ਼ਗਾਰੀ

ਅਤੇ ਘਾਟੇ ਦਾ ਸੌਦਾ ਬਣਦੀ ਜਾ ਰਹੀ ਕਿਸਾਨੀ ਮਨੁੱਖ ਨੂੰ ਜਿੱਥੇ ਅੰਦਰੋ -ਅੰਦਰੀ ਖੋਖਲਾ ਕਰੀ ਜਾ ਰਹੀ ਹੈ, ਉੱਥੇ ਹੀ ਉਸ ਨੂੰ ਪਰਵਾਸੀ ਬਣਨ ਲਈ ਵੀ ਮਜ਼ਬੂਰ ਕਰਦੀ ਹੈd

**ਹਵਾਲੇ ਅਤੇ ਟਿੱਪਣੀਆਂ**

1.ਪਾਲ ਸਿੰਘ ਵੱਲਾ( ਲਿਪੀਅੰਤਰ), ਕਥਾ ਇਕ ਕਲਯੁੱਗ ਦੀ, ਸੰਗਮ ਪਬਲੀਕੇਸ਼ਨਜ਼, ਸਮਾਣਾ, ਪੰਨਾ -27

2.ਉਹੀ ,ਪੰਨਾ -32

3. ਉਹੀ ,ਪੰਨਾ - 27

4. ਉਹੀ ,ਪੰਨਾ -28

5. ਉਹੀ ,ਪੰਨਾ- 29

6. ਉਹੀ ,ਪੰਨਾ -33

7. ਉਹੀ ,ਪੰਨਾ -35


**ਸਹਾਇਕ ਪ੍ਰੋਫ਼ੈਸਰ ਪੰਜਾਬੀ**
**ਸ੍ਰੀ ਗੁਰੂ ਤੇਗ਼ ਬਹਾਦਰ ਖ਼ਾਲਸਾ ਕਾਲਜ**
**ਸ੍ਰੀ ਅਨੰਦਪੁਰ ਸਾਹਿਬ**

---

**ਸ਼ਬਦ ਦਾ ਅਗਲਾ ਸਪਲੀਮੈਂਟ 2020 ਦੀ ਕਹਾਣੀ ਹੋਵੇਗਾ। ਜਿਸ ਵਿੱਚ 10 ਚੋਣਵੀਆਂ ਕਹਾਣੀਆਂ ਅਤੇ ਇਹਨਾਂ ਕਹਾਣੀਆਂ ਬਾਰੇ ਵੱਖ-ਵੱਖ ਵਿਦਵਾਨਾਂ ਦੇ ਲੇਖ। 2020 ਦੇ ਚੋਣਵੀਆਂ ਕਹਾਣੀ ਸੰਗ੍ਰਹਿਾਂ ਬਾਰੇ ਲੇਖ ਹੋਣਗੇ। ਇਸ ਨੂੰ ਡਾ. ਹਰਸਿਮਰਨ ਸਿੰਘ ਰੰਧਾਵਾ ਸੰਪਾਦਤ ਕਰ ਰਹੇ ਹਨ। ਇਹ ਅੰਕ ਸਾਡੀ ਵੈਬਸਾਈਡ 'ਤੇ ਉਪਲੱਬਧ ਹੋਵੇਗਾ।**



**ਬਲਬੀਰ ਮਾਧੋਪੁਰੀ ਦਾ ਪਲੇਠਾ ਨਾਵਲ**
**ਮਿੱਟੀ ਬੋਲ ਪਈ**
**ਪੰਨੇ : 302 ਮੁੱਲ : 600 ਰੁਪਏ**
**ਨਵਯੁਗ ਪਬਲਿਸ਼ਰਜ਼, ਦਿੱਲੀ**




ਜਿੰਦਰ ਮਾਲਕ ਤੇ ਪ੍ਰਕਾਸ਼ਕ ਨੇ ਬ੍ਰਾਈਟ ਪ੍ਰਿੰਟਿੰਗ ਪ੍ਰੈਸ, ਜਲੰਧਰ ਤੋਂ ਛਪਵਾ ਕੇ 984, ਮਾਡਲ ਹਾਊਸ, ਜਲੰਧਰ ਤੋਂ ਜਾਰੀ ਕੀਤਾ। ਮਿਤੀ : ਦਸੰਬਰ 10, 2020

## ਨਵੀਆਂ ਪੁਸਤਕਾਂ


## ਕਥਾ ਸਮਰੱਥ ਸੰਪਾਦਕ- ਗੁਰਪਾਲ ਸਿੰਘ ਸੰਧੂ

ਕਿਤਾਬ 'ਕਥਾ ਸਮਰੱਥ' ਨਵੀਆਂ ਪੰਜਾਬੀ ਕਹਾਣੀਆਂ ਦਾ ਸੰਗ੍ਰਹਿ ਹੈ। ਅਜੋਕੀ ਪੰਜਾਬੀ ਕਹਾਣੀ ਦੀ ਰੂਪਾਕਾਰਕ ਵਿਸ਼ਿਸ਼ਟਤਾ ਅਤੇ ਵਿਲੱਖਣਤਾ ਨੂੰ ਨਵੇਂ ਸਿਰੇ ਤੋਂ ਸਮਝਣ ਅਤੇ ਸਿਧਾਂਤ-ਬੱਧ ਕਰਨ ਦੀ ਲੋੜ ਦਿਖਾਈ ਦਿੰਦੀ ਹੈ। ਪਿਛਲੇ ਚਾਰ ਦਹਾਕਿਆਂ ਵਿੱਚ ਦੇਸ਼-ਕੌਮ ਦੀ ਬਣਤਰ, ਸਿਆਸੀ ਦਖ਼ਲ-ਅੰਦਾਜ਼ੀ, ਵਿਸਥਾਪਨ ਤੇ ਪਰਵਾਸ ਅਤੇ ਪੰਜਾਬੀ ਪਛਾਣ ਦੀ ਮੁਸੱਲਸਲ ਭੰਨ-ਤੋੜ ਦੇ ਜਿੰਨੇ ਗਹਿਰੇ ਸਦਮਿਆਂ ਦਾ ਸ਼ਿਕਾਰ ਪੰਜਾਬੀ ਬੰਦਾ ਹੁੰਦਾ ਰਿਹਾ ਹੈ, ਉਹ ਸਭ ਕੁਝ ਪੰਜਾਬੀ ਕਹਾਣੀ ਦੇ ਰੂਪਗਤ ਤੇ ਅਰਥਗਤ ਘੇਰਿਆਂ ਵਿੱਚ ਪਰਤ-ਦਰ-ਪਰਤ ਸੰਚਿਤ ਹੋ ਚੁੱਕਾ ਹੈ। ਇਸ ਕਰਕੇ, ਹੁਣ ਇਸਦੀ ਰੂਪਾਕਾਰਕ 'ਬੁਨਿਆਦ ' ਜਾਂ 'ਆਂਤਰਿਕ ਵੱਖਰਤਾ' ਦਾ ਆਧਾਰ ਤਿੰਨ ਪਾਸਾਰਾਂ ਵਿੱਚ ਗਤੀਸ਼ੀਲ ਹੁੰਦਾ ਹੈ; ਪਹਿਲਾ, ਹੁਣ ਇਸਦੀ ਬਿਰਤਾਂਤ ਪੇਸ਼ਕਾਰੀ ਵਿਚੋਂ ਪੰਜਾਬੀ ਵਸੇਬ ਦੇ ਭਿੰਨ ਭਿੰਨ ਖੰਡਾਂ ਦੇ ਦ੍ਰਿਸ਼ ਚਿਤਰਨ ਦੇ ਨਾਲ ਨਾਲ ਪੰਜਾਬੀ ਬੰਦੇ ਦੀ ਫ਼ਿਤਰਤ ਦੀ ਨਿਸ਼ਾਨਦੇਹੀ ਕਰਨਾ ਵੀ ਜ਼ਰੂਰੀ ਬਣ ਜਾਂਦਾ ਹੈ। ਦੂਜਾ, ਇਸਦੇ ਪੰਜਾਬੀ ਵਸੇਬ ਦੇ ਭਿੰਨ ਭਿੰਨ ਖੰਡਾਂ ਦੇ ਸੱਚ ਨਾਲ ਰਿਸ਼ਤੇ, ਬਾ-ਬਸਤਗੀ ਅਤੇ ਮਨੁੱਖੀ ਹਸਤੀ ਦੇ ਸੱਚ ਦੀ ਕਥਾਗਤ ਪੇਸ਼ਕਾਰੀ ਦੇ ਅੰਤਰ-ਸੰਬੰਧਿਤ ਸਿਲਸਿਲਿਆਂ ਦੀ ਰਵਾਂਦਾਰੀ ਨੂੰ ਉਭਾਰਨਾ ਅਵੱਸ਼ਕ ਹੈ। ਤੀਜਾ, ਇਸਦੀ ਅਰਥਗਤ ਵਿਉਂਤ ਵਿੱਚ ਗਤੀਸ਼ੀਲ ਬਹੁ-ਪੱਧਰੀ ਅਰਥ ਪ੍ਰਕਿਰਿਆ ਨੂੰ ਪਛਾਨਣਾ ਲਾਜ਼ਮੀ ਹੈ। ਸੋ, ਹੁਣ ਇਸਦੀ ਰੂਪਾਕਾਰਕ ਬਣਤ ਨੂੰ ਪੁਰਾਣੇ ਅੰਦਾਜ਼ ਵਿੱਚ ਪੜ੍ਹਨਾ ਜਾਇਜ਼ ਨਹੀਂ, ਸਗੋਂ ਇਸਦੀ ਸਿਰਜਣ-ਪ੍ਰਕਿਰਿਆ, ਪੜ੍ਹਤ ਅਤੇ ਅਰਥ-ਰਚਨਾ ਨੂੰ ਉਪਰੋਕਤ ਸੰਦਰਭ ਵਿੱਚ ਨਵੇਂ ਸਿਰੇ ਤੋਂ ਸਿਧਾਂਤ-ਬੱਧ ਕਰਨ ਦੀ ਜ਼ਰੂਰਤ ਹੈ।

ਇਸ ਕਹਾਣੀ ਸੰਗ੍ਰਹਿ ਵਿੱਚ ਸਤਾਰਾਂ ਕਹਾਣੀਆਂ; **ਹਰਭਜਨ ਸਿੰਘ ਸਾਗਰ - ਸਹਿਮੇ ਪਲਾਂ ਦੇ ਤਮਾਸ਼ਬੀਨ, ਖ਼ਾਲਿਦ ਹੁਸੈਨ-ਦਹਿਸ਼ਤ ਦੀ ਦਾਸਤਾਨ, ਹਰਭਜਨ ਸਿੰਘ-ਘੋੜੇ ਦੇ ਸੁੰਮਾਂ ਦਾ ਖੜਾਕ, ਜਰਨੈਲ ਸਿੰਘ- ਮੁਹਾਜ਼, ਜਿੰਦਰ -ਹਵੇਲੀ, ਤਲਵਿੰਦਰ ਸਿੰਘ-ਵਿਚਲੀ ਔਰਤ, ਹਰਜੀਤ ਅਟਵਾਲ -ਸੱਪਾਂ ਦਾ ਭਰ ਬਰਤਾਨੀਆ, ਜਸਵਿੰਦਰ ਸਿੰਘ-ਦੂਹਰੇ ਮਹਾਂਭਾਰਤ, ਬਲਵਿੰਦਰ ਗਰੇਵਾਲ-ਮੋਹ ਪਾਸ਼, ਸੁਖਜੀਤ-ਹਜ਼ਾਰ ਕਹਾਣੀਆਂ ਦਾ ਬਾਪ, ਅਜਮੇਰ ਸਿੱਧੂ-ਇਕਬਾਲ ਹੁਸੈਨ ਮੋਇਆ ਨਹੀਂ, ਗੁਰਮੀਤ ਕੜਿਆਲਵੀ -ਰੱਬ ਜੀ, ਕੇਸਰਾ ਰਾਮ-ਸੱਪ ਤੇ ਬਿੱਛੂ, ਸਾਂਵਲ ਧਾਮੀ- ਖ਼ੂਬਸੂਰਤ ਕਿਤਾਬ, ਹਰਪ੍ਰੀਤ ਸੇਖਾ- ਪੈਗੁਅਨ, ਮਕਸੂਦ ਸਾਕਿਬ -'ਤੇ ਪਾਕਿਸਤਾਨ ਬਣ ਗਿਆ ਅਤੇ ਖ਼ਾਲਿਦ ਫ਼ਰਹਾਦ ਧਾਲੀਵਾਲ-ਘਰ ਸ਼ਾਮਲ** ਹਨ? ਕਿਤਾਬ 'ਕਥਾ ਸਮਰੱਥ' ਇਹਨਾਂ ਕਹਾਣੀਆਂ ਦੇ ਪਾਠ ਨੂੰ ਕੇਂਦਰ ਬਣਾਕੇ, ਉਹਨਾਂ ਦੀ ਸਿਰਜਣ-ਪ੍ਰਕਿਰਿਆ, ਪੜ੍ਹਤ ਅਤੇ ਅਰਥ-ਰਚਨਾ ਨੂੰ ਵੇਖਣ ਦੀ ਵੀ ਕੋਸ਼ਿਸ਼ ਹੈ?



## ਸੁਖਵਿੰਦਰ ਕੰਬੋਜ ਦੀ ਹੁਣ ਤੱਕ ਦੀ ਸਾਰੀ ਕਵਿਤਾ




**ਪ੍ਰਕਾਸ਼ਕ : ਪੀ. ਸੀ. ਬੁੱਕਸ ਪਬਲੀਕੇਸ਼ਨ, ਬਰਨਾਲਾ**

**ਪੰਨੇ 416 ਮੁੱਲ : 200 ਰੁਪਏ**

ਜਿੰਦਰ ਮਾਲਕ ਤੇ ਪ੍ਰਕਾਸ਼ਕ ਨੇ ਬ੍ਰਾਈਟ ਪ੍ਰਿੰਟਿੰਗ ਪ੍ਰੈਸ, ਜਲੰਧਰ ਤੋਂ ਛਪਵਾ ਕੇ 984, ਮਾਡਲ ਹਾਊਸ, ਜਲੰਧਰ ਤੋਂ ਜਾਰੀ ਕੀਤਾ। ਮਿਤੀ ਜੁਲਾਈ 21, 2020